ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 12 | Issue 19 | 18 May 2022 to 24 May 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪੰਜਾਬ ਦੇ ਕਿਸਾਨਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਤੋਂ ਬਾਅਦ ਧਰਨਾ ਕੀਤਾ ਖ਼ਤਮ





**ਚੰਡੀਗੜ੍ਹ:** ਅੱਜ ਚੰਡੀਗੜ੍ਹ-ਮੋਹਾਲੀ ਸਰਹੱਦ ਨੇੜੇ ਧਰਨੇ ‘ਤੇ ਬੈਠੇ ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਉਹ ਆਪਣਾ ਅੰਦੋਲਨ ਖਤਮ ਕਰ ਦੇਣਗੇ। ਇਹ ਐਲਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਤੋਂ ਬਾਅਦ ਕੀਤਾ ਗਿਆ। ਪੰਜਾਬ ਦੇ ਮੁੱਖ ਮੰਤਰੀ ਅਤੇ ਕਈ ਕਿਸਾਨ ਆਗੂਆਂ ਵਿਚਾਲੇ ਪੰਜਾਬ ਭਵਨ ਵਿਖੇ ਮੀਟਿੰਗ ਹੋਈ । ਜਿਸ ਵਿੱਚ ਕਣਕ ‘ਤੇ ਬੋਨਸ ਅਤੇ 10 ਜੂਨ ਤੋਂ ਝੋਨੇ ਦੀ ਬਿਜਾਈ ਸੁਰੂ ਕਰਨ ਸਮੇਤ ਹੋਰ ਮੰਗਾਂ ‘ਤੇ ਚਰਚਾ ਹੋਈ। ਕਿਸਾਨ ਮੰਗਾਂ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਜਥੇਬੰਦੀਆਂ ਵਿਚਕਾਰ ਤਿੰਨ ਘੰਟੇ ਮੀਟਿੰਗ ’ਚ ਦੋਵਾਂ ਧਿਰਾਂ ਵਿਚਾਲੇ ਸਹਿਮਤੀ ਹੋ ਗਈ ਹੈ। ਕਿਸਾਨ ਆਗੂਆਂ ਅਤੇ ਮੁੱਖ ਮੰਤਰੀ ਵੱਲੋਂ ਆਪੋ ਆਪਣੇ ਵਿਚਾਰ ਰੱਖੇ ਗਏ, ਉਸ ਤੋਂ ਬਾਅਦ ਪੰਜਾਬ ਸਰਕਾਰ ਅਤੇ ਕਿਸਾਨ ਆਗੂਆਂ ਵਿੱਚ ਸਹਿਮਤੀ ਬਣ ਗਈ। ਹੁਣ ਤਕ ਮਿਲੀ ਜਾਣਕਾਰੀ ਦੇ ਅਨੁਸਾਰ ਇਸ ਦਾ ਐਲਾਨ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਮੁਹਾਲੀ-ਚੰਡੀਗੜ੍ਹ ਸਰਹੱਦ ਉੱਤੇ ਚੱਲ ਰਹੀ ਧਰਨੇ ਵਿੱਚ ਪਹੁੰਚ ਕੇ ਕਰਨਗੇ। ਸੂਤਰਾਂ ਮੁਤਾਬਕ ਕਿਸਾਨ ਜਥੇਬੰਦੀਆਂ ਨੇ 13 ਮੰਗਾਂ ਪੰਜਾਬ ਸਰਕਾਰ ਅੱਗੇ ਰੱਖੀਆਂ। ਲਗਪਗ ਸਾਰੀਆਂ ਮੰਗਾਂ ਪੰਜਾਬ ਸਰਕਾਰ ਨੇ ਮੰਨ ਲਈਆਂ ਹਨ। ਕਿਸਾਨ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸ ਸਾਲ ਕਣਕ ਦਾ ਝਾੜ ਘਟਣ ਕਰਕੇ ਕਿਸਾਨਾਂ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪਿਆ। ਪੰਜਾਬ ਸਰਕਾਰ 500 ਰੁਪਏ ਪ੍ਰਤੀ ਏਕੜ ਬੋਨਸ ਦੇਵੇ। ਕਿਸਾਨਾਂ ਦੀ ਇਸ ਮੰਗ ਨੂੰ ਛੱਡ ਕੇ ਬਾਕੀ ਮੰਗਾਂ ਮੰਨ ਲਈਆਂ। ਝੋਨੇ ਦੀ ਲੁਆਈ ਦੀਆਂ ਤਰੀਕਾਂ ਦਾ ਰੇੜਕਾ ਵੀ ਆਪਸੀ ਸਹਿਮਤੀ ਨਾਲ ਹੱਲ ਕਰ ਲਿਆ ਹੈ।

ਦੱਸਣਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ () ਨਾਲ ਜੁੜੇ ਕਿਸਾਨਾਂ ਨੇ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਦਿੱਲੀ ਦੀਆਂ ਸਰਹੱਦਾਂ ‘ਤੇ ਸਾਲ ਭਰ ਚੱਲੇ ਅੰਦੋਲਨ ਦੀ ਤਰਜ ‘ਤੇ ਅਣਮਿੱਥੇ ਸਮੇਂ ਲਈ ਪ੍ਰਦਰਸਨ ਦਾ ਸੱਦਾ ਦਿੱਤਾ ਸੀ, ਜੋ ਕਿ ਵਿਰੋਧ ਦੇ ਜਵਾਬ ਵਿੱਚ ਰੱਦ ਕਰ ਦਿੱਤੇ ਗਏ ਸਨ।

## ਸੁਪਰੀਮ ਕੋਰਟ ਘੱਟਗਿਣਤੀਆਂ ਦੀ ਸ਼ਨਾਖ਼ਤ ਬਾਰੇ ਕੇਂਦਰ ਸਰਕਾਰ ਦੇ ਬਦਲਦੇ ਰਵੱਈਏ ਤੋਂ ਨਾਰਾਜ਼

### ✪ ਪੰਜਾਬ ਵਿਚ ਸਿੱਖਾਂ ਕੋਲੋਂ ਘੱਟਗਿਣਤੀ ਦਾ ਦਰਜਾ ਖੋਹਣ ਦੀ ਰਚੀ ਸਾਜਿਸ਼ ਕੇਂਦਰ ਨੇ
### ✪ ਕੇਂਦਰ ਸਿੱਖਾਂ ਦਾ ਘੱਟ ਗਿਣਤੀ ਦਰਜਾ ਬਰਕਰਾਰ ਰੱਖੇ : ਜਥੇਦਾਰ

**ਜਲੰਧਰ/ਏ.ਟੀ.ਨਿਊਜ਼ :-** ਸੁਪਰੀਮ ਕੋਰਟ ਨੇ ਘੱਟਗਿਣਤੀਆਂ ਦੀ ਸ਼ਨਾਖ਼ਤ ਬਾਰੇ ਕੇਂਦਰ ਸਰਕਾਰ ਦੇ ਬਦਲਦੇ ਰੁਖ਼ (ਸਟੈਂਡ) ਬਾਰੇ ਨਾਖ਼ੁਸ਼ੀ ਜ਼ਾਹਿਰ ਕੀਤੀ ਹੈ। ਦੇਸ਼ ਵਿਚ ਕੌਮੀ ਘੱਟਗਿਣਤੀ ਕਮਿਸ਼ਨ ਕਾਨੂੰਨ 1992 ਦੀ ਧਾਰਾ-2 (ਸੀ) ਦੇ ਤਹਿਤ ਮੁਸਲਿਮ, ਸਿੱਖ, ਈਸਾਈ, ਬੋਧੀ, ਜੈਨੀ ਅਤੇ ਪਾਰਸੀਆਂ ਨੂੰ ਘੱਟਗਿਣਤੀਆਂ ਦਾ ਕਾਨੂੰਨੀ ਰੁਤਬਾ ਮਿਲਿਆ ਹੋਇਆ ਹੈ। ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਇਹ ਮੰਗ ਕੀਤੀ ਗਈ ਹੈ ਕਿ ਘੱਟਗਿਣਤੀਆਂ ਦੇ ਰੁਤਬੇ ਨੂੰ ਰਾਜਾਂ ਦੇ ਪੱਧਰ ਉੱਤੇ ਪਰਿਭਾਸ਼ਤ ਕੀਤਾ ਜਾਣਾ ਚਾਹੀਦਾ ਹੈ। ਪਟੀਸ਼ਨ ਅਨੁਸਾਰ ਪੰਜਾਬ, ਜੰਮੂ ਕਸ਼ਮੀਰ, ਲਕਸ਼ਦੀਪ, ਮਿਜ਼ੋਰਮ, ਨਾਗਾਲੈਂਡ, ਮੇਘਾਲਿਆ, ਅਰੁਣਾਚਲ ਪ੍ਰਦੇਸ਼ ਅਤੇ ਮਨੀਪੁਰ ਵਿਚ ਹਿੰਦੂਆਂ ਨੂੰ ਘੱਟਗਿਣਤੀ ਦਾ ਰੁਤਬਾ ਮਿਲਣਾ ਚਾਹੀਦਾ ਹੈ। ਕੇਂਦਰ ਸਰਕਾਰ ਨੇ 25 ਮਾਰਚ 2022 ਨੂੰ ਦਾਇਰ ਹਲਫ਼ਨਾਮੇ ਵਿਚ ਕਿਹਾ ਸੀ ਕਿ ਇਹ ਵਿਸ਼ਾ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਅਨੁਸਾਰ ਸਮਵਰਤੀ (ਸਾਂਝੀ) ਸੂਚੀ ਵਿਚ ਸ਼ਾਮਿਲ ਹੈ ਭਾਵ ਇਸ ’ਤੇ ਕੇਂਦਰ ਅਤੇ ਰਾਜ ਦੋਵੇਂ ਕਾਨੂੰਨ ਬਣਾ ਸਕਦੇ ਹਨ।



9 ਮਈ ਦੀ ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਕਿਹਾ ਕਿ ਇਹ ਮਾਮਲਾ ਕੇਂਦਰ ਦੇ ਅਧਿਕਾਰ ਖੇਤਰ ਦਾ ਹੈ ਅਤੇ ਇਸ ਉੱਤੇ ਸੂਬੇ ਕੋਈ ਫ਼ੈਸਲਾ ਨਹੀਂ ਲੈ ਸਕਦੇ। ਸੁਪਰੀਮ ਕੋਰਟ ਤੋਂ ਹੋਰ ਸਮੇਂ ਦੀ ਮੰਗ ਕੀਤੀ ਗਈ ਹੈ। ਜਸਟਿਸ ਐੱਸਕੇ ਕੌਲ ਅਤੇ ਐੱਮਐੱਮ ਸੁੰਦਰੇਸ਼ ਦੇ ਡਿਵੀਜ਼ਨ ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਫ਼ੈਸਲਾ ਕਿਸ ਨੇ ਕਰਨਾ ਹੈ : ਜੇਕਰ ਫ਼ੈਸਲਾ ਰਾਜਾਂ ਨਾਲ ਵਿਚਾਰ ਕੇ ਕਰਨਾ ਹੈ ਤਾਂ ਵੀ ਇਸ ’ਤੇ ਕੋਈ ਰੋਕ ਨਹੀਂ ਹੈ। ਅਦਾਲਤ ਨੇ ਕੇਂਦਰ ਨੂੰ 30 ਅਗਸਤ ਤੱਕ ਦਾ ਸਮਾਂ ਦਿੱਤਾ ਹੈ ਪਰ ਇਹ ਮਾਮਲਾ ਉਲਝਣਾਂ ਭਰਿਆ ਹੈ। ਕੇਂਦਰ ਸਰਕਾਰ ਦੇ ਸੁਪਰੀਮ ਕੋਰਟ ਵਿਚ ਦਿੱਤੇ ਹਲਫ਼ਨਾਮੇ ਤੋਂ ਬਾਅਦ ਪ੍ਰਤੀਕਿਰਿਆ ਦਿੰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਵਿਸ਼ੇ ਬਾਰੇ ਚਿੰਤਾ ਪ੍ਰਗਟਾਈ ਹੈ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਸੰਵਿਧਾਨ ਵਿਚ ਘੱਟਗਿਣਤੀਆਂ ਨੂੰ ਦੇਸ਼ ਦੇ ਆਧਾਰ ’ਤੇ ਮੰਨ ਕੇ ਉਨਾਂ ਦੇ ਧਰਮ, ਬੋਲੀ, ਪਹਿਰਾਵੇ ਅਤੇ ਵਿਰਸੇ ਦੀ ਪਛਾਣ ਕਾਇਮ ਰੱਖਣ ਦੇ ਕਾਨੂੰਨੀ ਹੱਕ ਦਿੱਤੇ ਗਏ ਹਨ। ਅਜਿਹਾ ਹੋਣ ਨਾਲ ਘੱਟਗਿਣਤੀ ਫ਼ਿਰਕਿਆਂ ਵਿਚ ਆਤਮ ਵਿਸ਼ਵਾਸ ਵਧਦਾ ਹੈ। ਪਰ ਕੇਂਦਰ ਸਰਕਾਰ ਨੂੰ ਇਸ ਮਾਮਲੇ ਉਪਰ ਸੰਵਿਧਾਨ ਤੇ ਸਿੱਖਾਂ ਦੇ ਉਲਟ ਕੋਈ ਫੈਸਲਾ ਨਹੀਂ ਲੈਣਾ ਚਾਹੀਦਾ।

ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਦੇਸ਼ ਵਿੱਚ ਦਿੱਤਾ ਗਿਆ ਘੱਟਗਿਣਤੀ ਦਾ ਦਰਜਾ ਖ਼ਤਮ ਕੀਤਾ ਜਾ ਸਕਦਾ ਹੈ। ਉਨਾਂ ਆਖਿਆ ਕਿ 1947 ਤੋਂ ਦੇਸ਼ ਵਿੱਚ ਸਿੱਖਾਂ ਨੂੰ ਘੱਟਗਿਣਤੀ ਦਾ ਦਰਜਾ ਮਿਲਿਆ ਹੋਇਆ ਹੈ। ਉਨਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਨੂੰ ਦੇਸ਼ ਵਿੱਚ ਮਿਲੇ ਘੱਟਗਿਣਤੀ ਦੇ ਦਰਜੇ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨਾਂ ਰਾਜਸਥਾਨ ਦੇ ਗੰਗਾਨਗਰ ਇਲਾਕੇ ਵਿੱਚ ਨਗਰ ਕੀਰਤਨ ਦੌਰਾਨ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲਾਉਣ ਦੇ ਦੋਸ਼ ਹੇਠ ਸਿੱਖ ਨੌਜਵਾਨਾਂ ਖ਼ਿਲਾਫ਼ ਕੇਸ ਦਰਜ ਕਰਾਉਣ ਨੂੰ ਮੰਦਭਾਗਾ ਆਖਿਆ ਹੈ।


➤ ਅੰਦਰ ਪੜ੍ਹੋ



7 ਦਰਪਣ ਝੂਠ ਨਹੀਂ ਬੋਲਦਾ
ਪੰਜਾਬ ਜਾ ਰਿਹਾ ਆਰਥਿਕ ਤੇ ਸਭਿਆਚਾਰਕ ਸੰਕਟ ਵੱਲ



17 ਵਿਸ਼ੇਸ਼ ਲੇਖ
ਵੀਹਵੀਂ ਸਦੀ ਦੇ ਮਨੁੱਖੀ ਹੱਕਾਂ ਦੇ ਨਾਇਕ : ਜਸਟਿਸ ਅਜੀਤ ਸਿੰਘ ਬੈਂਸ



21 ਸਿੱਖ ਇਤਿਹਾਸ
ਛੋਟਾ ਘੱਲੂਘਾਰਾ

# ਪਾਕਿਸਤਾਨ ’ਚ ਦੋ ਸਿੱਖ ਕਾਰੋਬਾਰੀਆਂ ਦਾ ਕਤਲ

## ✪ ਪਿਸ਼ਾਵਰ ਵਿਚ ਅਣਪਛਾਤੇ ਵਿਅਕਤੀਆਂ ਨੇ ਮਾਰੀਆਂ ਗੋਲੀਆਂ ✪ ਭਾਰਤ ਨੇ ਪਾਕਿ ਕੋਲ ਰੋਸ ਦਰਜ ਕਰਵਾਇਆ

## ✪ ਸਿੱਖਾਂ ਦੀ ਕੀਤੀ ਹੱਤਿਆ ਦੀ ਅਕਾਲ ਤਖ਼ਤ ਦੇ ਜਥੇਦਾਰ, ਕਾਂਗਰਸ, ਆਪ, ਬਾਦਲ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸਖ਼ਤ ਨਿੰਦਾ

**ਪਿਸ਼ਾਵਰ/ਏ.ਟੀ.ਨਿਊਜ਼ :-** ਪਾਕਿਸਤਾਨ ਦੇ ਉੱਤਰ-ਪੱਛਮੀ ਸੂਬੇ ਖ਼ੈਬਰ ਪਖਤੂਨਖਵਾ ਵਿਚ ਮੋਟਰਸਾਈਕਲ ’ਤੇ ਆਏ ਦੋ ਅਣਪਛਾਤੇ ਬੰਦੂਕਧਾਰੀਆਂ ਨੇ ਅੰਨੇਵਾਹ ਗੋਲੀਆਂ ਚਲਾ ਕੇ ਦੋ ਸਿੱਖ ਕਾਰੋਬਾਰੀਆਂ ਦੀ ਹੱਤਿਆ ਕਰ ਦਿੱਤੀ। ਅਫ਼ਗਾਨਿਸਤਾਨ ਦੀ ਸਰਹੱਦ ਨਾਲ ਲਗਦੇ ਗੜਬੜ ਵਾਲੇ ਸੂਬੇ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਜਾਨੋਂ ਮਾਰਨ ਦੀ ਇਹ ਤਾਜ਼ੀ ਘਟਨਾ ਹੈ। ਮ੍ਰਿਤਕਾਂ ਦੀ ਪਛਾਣ ਕੰਵਲਜੀਤ ਸਿੰਘ (42) ਅਤੇ ਰਣਜੀਤ ਸਿੰਘ (38) ਵਜੋਂ ਹੋਈ ਹੈ। ਸਦਰ ਐੱਸਪੀ ਅਤੀਕ ਹੁਸੈਨ ਨੇ ਦੱਸਿਆ ਕਿ ਅਤਿਵਾਦ ਦੇ ਟਾਕਰੇ ਲਈ ਬਣੇ ਵਿਭਾਗ ਨੇ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਉਨਾਂ ਕਿਹਾ, ਇਹ ਦਹਿਸ਼ਤੀ ਹਮਲਾ ਜਾਪਦਾ ਹੈ। ਸੀਸੀਟੀਵੀ ਫੁਟੇਜ ਖੰਗਾਲੇ ਜਾ ਰਹੇ ਹਨ ਅਤੇ ਸ਼ੱਕੀਆਂ ਨੂੰ ਛੇਤੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਦੋਹਾਂ ਦੀਆਂ ਪਿਸ਼ਾਵਰ ਤੋਂ ਕਰੀਬ 17 ਕਿਲੋਮੀਟਰ ਸਰਬੰਦ ਦੇ ਬਾਟਾਤਾਲ ਬਾਜ਼ਾਰ ’ਚ ਕਰਿਆਨੇ ਅਤੇ ਮਸਾਲਿਆਂ ਆਦਿ ਦੀਆਂ ਦੁਕਾਨਾਂ ਸਨ। ਸਿੱਖਾਂ ਦੀ ਹੱਤਿਆ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਲਈ ਹੈ।’

ਇਸ ਘਟਨਾ ਦੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਸਖ਼ਤ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਪਾਕਿਸਤਾਨ ਵਿਚ ਵਸਦੇ ਘੱਟ ਗਿਣਤੀ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਮੰਗ ਕੀਤੀ ਹੈ।

ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸਿੱਖਾਂ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਕਿਹਾ ਕਿ ਪਾਕਿਸਤਾਨ ਨਾਲ ਦੁਸ਼ਮਣੀ ਕਾਰਨ ‘ਅਤਿਵਾਦ ਦੇ ਕਾਰੇ’ ਨੂੰ ਅੰਜਾਮ ਦਿੱਤਾ ਗਿਆ ਹੈ। ਉਨਾਂ ਦੇਸ਼ ਦੇ ਦੁਸ਼ਮਣਾਂ ਨੂੰ ਖ਼ਤਮ ਕਰਨ ਦਾ ਅਹਿਦ ਲਿਆ। ਉਨਾਂ ਪਰਿਵਾਰਾਂ ਨਾਲ ਹਮਦਰਦੀ ਜਤਾਉਂਦਿਆਂ ਖ਼ੈਬਰ ਪਖਤੂਨਖਵਾ ਸੂਬੇ ਦੇ ਮੁੱਖ ਮੰਤਰੀ ਨੂੰ ਗ਼ੈਰ-ਮੁਸਲਿਮਾਂ ਦੇ ਜਾਨ-ਮਾਲ ਦੀ ਰੱਖਿਆ ਕਰਨ ਲਈ ਕਦਮ ਉਠਾਉਣ ਦੀ ਅਪੀਲ ਕੀਤੀ। ਅੰਦਰੂਨੀ ਮਾਮਲਿਆਂ ਬਾਰੇ ਮੰਤਰੀ ਰਾਣਾ ਸਨਾਉੱਲਾ ਨੇ ਹਮਲੇ ਲਈ ਖ਼ੈਬਰ ਪਖਤੂਨਖਵਾ ਸਰਕਾਰ ਦੀ ਆਲੋਚਨਾ ਕਰਦਿਆਂ ਸੂਬੇ ਦੇ ਮੁੱਖ ਸਕੱਤਰ ਤੇ ਆਈਜੀ ਤੋਂ ਰਿਪੋਰਟ ਮੰਗ ਲਈ ਹੈ। ਵਿਦੇਸ਼ ਮੰਤਰੀ ਬਿਲਾਵਲ ਭੁੱਟੋ-ਜ਼ਰਦਾਰੀ ਨੇ ਸਿੱਖਾਂ ਦੀ ਹੱਤਿਆ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਖ਼ੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਮਹਿਮੂਦ ਖ਼ਾਨ ਨੇ ਹਮਲੇ ਦੀ ਨਿਖੇਧੀ ਕਰਦਿਆਂ ਪੁਲੀਸ ਨੂੰ ਨਿਰਦੇਸ਼ ਦਿੱਤੇ ਕਿ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਫ਼ੌਰੀ ਕਦਮ ਉਠਾਏ ਜਾਣ। ਉਨਾਂ ਕਿਹਾ ਕਿ ਇਹ ਘਟਨਾ ਸੂਬੇ ਵਿਚ ਧਾਰਮਿਕ ਸਦਭਾਵਨਾ ਦੇ ਮਾਹੌਲ ਨੂੰ ਵਿਗਾੜਨ ਦੀ ਸਾਜ਼ਿਸ਼ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਇਆ ਜਾਵੇਗਾ।

ਪਾਕਿਸਤਾਨ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਸਿੱਖ ਭਾਈਚਾਰੇ ਨੂੰ ਖ਼ੈਬਰ ਪਖਤੂਨਖਵਾ ਵਿਚ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਮੰਗ ਕੀਤੀ ਕਿ ਪੁਲਿਸ ਸਾਜ਼ਿਸ਼ਕਾਰਾਂ ਦੀ ਤੁਰੰਤ ਸ਼ਨਾਖ਼ਤ ਕਰਕੇ ਉਨਾਂ ਨੂੰ ਗ੍ਰਿਫ਼ਤਾਰ ਕਰੇ। ਆਲ ਪਾਕਿਸਤਾਨ ਉਲੇਮਾ ਕੌਂਸਲ ਨੇ ਵੀ ਹੱਤਿਆਵਾਂ ਦੀ ਨਿਖੇਧੀ ਕਰਦਿਆਂ ਪਿਸ਼ਾਵਰ ਪ੍ਰਸ਼ਾਸਨ ਨੂੰ ਗ਼ੈਰ-ਮੁਸਲਿਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਿਹਾ ਹੈ। ਪਿਸ਼ਾਵਰ ਵਿਚ ਕਰੀਬ 15 ਹਜ਼ਾਰ ਸਿੱਖ ਰਹਿੰਦੇ ਹਨ ਅਤੇ ਇਨਾਂ ਵਿਚੋਂ ਜ਼ਿਆਦਾਤਰ ਸਿੱਖ ਆਪਣਾ ਕਾਰੋਬਾਰ ਕਰਦੇ ਹਨ ਤੇ ਕੁਝ ਦੀਆਂ ਫਾਰਮੇਸੀਆਂ ਵੀ ਹਨ। ਸਾਲ 2020 ਵਿਚ ਨਿਊਜ਼ ਚੈਨਲ ਦੇ ਐਂਕਰ ਰਵਿੰਦਰ ਸਿੰਘ ਦੀ ਸ਼ਹਿਰ ਵਿਚ ਹੱਤਿਆ ਕਰ ਦਿੱਤੀ ਗਈ ਸੀ। ਇਸੇ ਤਰਾਂ 2018 ਵਿਚ ਚਰਨਜੀਤ ਸਿੰਘ ਅਤੇ 2016 ਵਿਚ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਨੈਸ਼ਨਲ ਅਸੈਂਬਲੀ ਵਿਚ ਮੈਂਬਰ ਸੋਰੇਨ ਸਿੰਘ ਦੀ ਪਿਸ਼ਾਵਰ ਵਿਚ ਹੱਤਿਆ ਕਰ ਦਿੱਤੀ ਗਈ ਸੀ।

### ਹੱਤਿਆਵਾਂ ਦੀ ਨਿਖੇਧੀ

ਪਿਸ਼ਾਵਰ ਵਿਚ ਦੋ ਸਿੱਖ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਪਾਕਿਸਤਾਨ ਅਤੇ ਖ਼ੈਬਰ ਪਖਤੂਨਖਵਾ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਉਨਾਂ ਆਖਿਆ ਕਿ ਪਾਕਿਸਤਾਨ ਵਿਚ ਵਸਦੇ ਸਿੱਖ ਮੁਲਕ ਨੂੰ ਪਿਆਰ ਕਰਦੇ ਹਨ ਪਰ ਕੁਝ ਤਾਕਤਾਂ ਸਿੱਖਾਂ ਅਤੇ ਮੁਸਲਮਾਨਾਂ ਦੀ ਸਾਂਝ ਤੋੜਨਾ ਚਾਹੁੰਦੀਆਂ ਹਨ।



‘ਸਰਕਾਰ ਇਨਾਂ ਤਾਕਤਾਂ ਨੂੰ ਬੇਨਕਾਬ ਕਰੇ ਅਤੇ ਸਿੱਖਾਂ ’ਤੇ ਜ਼ੁਲਮ ਦੀਆ ਘਟਨਾਵਾਂ ਨੂੰ ਰੋਕਿਆ ਜਾਵੇ।’ ਉਧਰ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋ ਸਿੱਖ ਦੁਕਾਨਦਾਰਾਂ ਰਣਜੀਤ ਸਿੰਘ ਅਤੇ ਕੁਲਜੀਤ ਸਿੰਘ ਦੀ ਪਿਸ਼ਾਵਰ ਵਿਚ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨਾਂ ਕਿਹਾ ਕਿ ਪਿਛਲੇ ਸਾਲ ਹਕੀਮ ਸਤਨਾਮ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਕੁਝ ਦਿਨ ਪਹਿਲਾਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਦੇ ਪੁੱਤਰਾਂ ’ਤੇ ਭੂ-ਮਾਫੀਆ ਵਲੋਂ ਹਮਲਾ ਕੀਤਾ ਗਿਆ ਸੀ। ਉਨਾਂ ਕਿਹਾ ਕਿ ਪਾਕਿਸਤਾਨ ਵਿਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਕਾਰਨ ਘੱਟ ਗਿਣਤੀਆਂ ਵਿਚ ਡਰ ਦੀ ਭਾਵਨਾ ਵਧ ਰਹੀ ਹੈ ਜਿਸ ਪ੍ਰਤੀ ਸਰਕਾਰ ਨੂੰ ਸੰਜੀਦਾ ਹੋਣਾ ਚਾਹੀਦਾ ਹੈ। ਉਨਾਂ ਪਾਕਿਸਤਾਨ ਸਰਕਾਰ ਨੂੰ ਕਿਹਾ ਕਿ ਇਸ ਮਾਮਲੇ ਵੱਲ ਵਿਸ਼ੇਸ਼ ਧਿਆਨ ਦੇ ਕੇ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਉਨਾਂ ਭਾਰਤ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਉਹ ਕੂਟਨੀਤਕ ਪੱਧਰ ’ਤੇ ਪਾਕਿਸਤਾਨ ਸਰਕਾਰ ਨਾਲ ਗੱਲ ਕਰਕੇ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਢੁੱਕਵੇਂ ਕਦਮ ਉਠਾਏ। ਇਸ ਦੌਰਾਨ ਸਿੱਖ ਜਥੇਬੰਦੀ ਦਲ ਖਾਲਸਾ ਦੇ ਆਗੂ ਕੰਵਰਪਾਲ ਸਿੰਘ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਪਾਕਿਸਤਾਨ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਉਨਾਂ ਕੋਲੋਂ ਫਿਰੌਤੀ ਦੀ ਰਕਮ ਮੰਗੀ ਜਾਂਦੀ ਹੈ। ਰਕਮ ਨਾ ਦੇਣ ’ਤੇ ਉਨਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪਾਕਿਸਤਾਨ ਵਿਚ ਨਵੀਂ ਬਣੀ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਯਕੀਨੀ ਬਣਾਵੇ।

ਭਾਰਤ ਨੇ ਖ਼ੈਬਰ ਪਖਤੂਨਖਵਾ ਸੂਬੇ ਵਿਚ ਦੋ ਸਿੱਖ ਕਾਰੋਬਾਰੀਆਂ ਦੀ ਹੱਤਿਆ ਦੀ ਜਾਂਚ ਸੰਜੀਦਗੀ ਨਾਲ ਕਰਨ ਲਈ ਪਾਕਿਸਤਾਨ ਨੂੰ ਆਖਦਿਆਂ ਮੰਗ ਕੀਤੀ ਹੈ ਕਿ ਇਸ ਕਾਰੇ ਲਈ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਨੇ ਘੱਟਗਿਣਤੀ ਭਾਈਚਾਰੇ ਦੇ ਮੈਂਬਰਾਂ ਨੂੰ ਲਗਾਤਾਰ ਨਿਸ਼ਾਨਾ ਬਣਾਉਣ ’ਤੇ ਪਾਕਿਸਤਾਨ ਕੋਲ ਤਿੱਖਾ ਰੋਸ ਦਰਜ ਕਰਵਾਇਆ ਹੈ। ਬਾਗਚੀ ਨੇ ਕਿਹਾ ਕਿ ਭਾਰਤ ਆਸ ਕਰਦਾ ਹੈ ਕਿ ਪਾਕਿਸਤਾਨ ਸਰਕਾਰ ਆਪਣੇ ਘੱਟਗਿਣਤੀਆਂ ਦੀ ਸੁਰੱਖਿਆ ਅਤੇ ਉਨਾਂ ਦੀ ਸਲਾਮਤੀ ਲਈ ਕਦਮ ਉਠਾਏਗੀ।

ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪਾਕਿਸਤਾਨ ਦੇ ਪਿਸ਼ਾਵਰ ਵਿਚ ਦੋ ਸਿੱਖਾਂ ਦੀ ਹੱਤਿਆ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ ‘ਟਾਰਗੇਟ ਕਿਲਿੰਗ’ ਦੱਸਿਆ ਹੈ। ਉਨਾਂ ਪਾਕਿਸਤਾਨ ਸਰਕਾਰ ਨੂੰ ਆਖਿਆ ਕਿ ਇਸ ਘਟਨਾ ਦੀ ਬਾਰੀਕੀ ਨਾਲ ਜਾਂਚ ਕਰਾਈ ਜਾਵੇ ਤਾਂ ਜੋ ਇਹ ਪਤਾ ਲੱਗ ਸਕੇ ਕਿ ਕਿਹੜੀਆਂ ਤਾਕਤਾਂ ਪਾਕਿਸਤਾਨ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ। ਉਨਾਂ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਇਸ ਸਬੰਧ ਵਿਚ ਉਨਾਂ ਪਿਸ਼ਾਵਰ ਦੇ ਸਿੱਖਾਂ ਅਤੇ ਪੀਐੱਸਜੀਪੀਸੀ ਦੇ ਪ੍ਰਧਾਨ ਨਾਲ ਵੀ ਗੱਲਬਾਤ ਕੀਤੀ ਹੈ। ਉਨਾਂ ਕਿਹਾ ਕਿ ਪਿਸ਼ਾਵਰ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਪਹਿਲਾਂ ਵੀ ਟਾਰਗੈਟ ਕਿਲਿੰਗ ਹੋ ਚੁੱਕੀਆਂ ਹਨ ਅਤੇ ਸਿੱਖ ਭਾਈਚਾਰੇ ਵਿਚ ਸਹਿਮ ਦਾ ਮਾਹੌਲ ਹੈ।

**ਬਾਕੀ ਸਫ਼ਾ 31 ’ਤੇ**

# ਮੈਰੀਲੈਂਡ ਸ਼ੋਅ ਦੌਰਾਨ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੀ ਪੇਸ਼ਕਾਰੀ ਨਾਲ ਮੰਤਰਮੁਗਧ ਹੋਏ ਪੰਜਾਬੀ

**ਮੈਰੀਲੈਂਡ/ਸੁਰਿੰਦਰ ਗਿੱਲ :- ਸਿੱਖਸ ਆਫ ਯੂ ਐਸ ਏ ਤੇ ਪੰਜਾਬੀ ਕਲੱਬ ਮੈਰੀਲੈਂਡ ਦੇ ਸਾਂਝੇ ਉਪਰਾਲੇ ਸਦਕੇ ਕਰਵਾਏ ਗਏ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੇ ਸ਼ੋਅ ਦੌਰਾਨ ਸਰੋਤਿਆਂ ਨੇ ਭਰਪੂਰ ਆਨੰਦ ਮਾਣਿਆ। ਇਸ ਪ੍ਰੋਗਰਾਮ ਦਾ ਸਟੇਜ ਸੰਚਾਲਨ ਡਾ. ਸੁਰਿੰਦਰ ਗਿੱਲ ਨੇ ਕੀਤਾ। ਇਸ ਸ਼ੋਅ ਦੌਰਾਨ ਸੂਫ਼ੀ ਗਾਇਕ ਸਤਿੰਦਰ ਸਰਤਾਜ ਨੇ ਆਪਣੇ ਮਸ਼ਹੂਰ ਗੀਤਾਂ ‘ਦਿਲਾਂ ਨੇ ਮੁਸ਼ਹਿਰਾ ਸਜਾਇਆ, ਸਾਈਂ ਵੇ ਸਾਈਂ ਸਾਡੀ ਫ਼ਰਿਆਦ ਤੇਰੇ ਤਾਈਂ, ਪਹਿਲੀ ਕਿੱਕ ਤੇ ਸਟ੍ਰਾਟ ਮੇਰਾ ਯਾਮਾ, ਸੱਜਣ ਰਾਜੀ ਹੋ ਜਾਵੇ, ਫਿਰ ਵੀ ਰੋਲਾ ਨਹੀਂ ਪਾਈਦਾ ਪਾਗਲਾ, ਬੋਲੀਆਂ ਦੇ ਨਾਲ ਸਰੋਤਿਆਂ ਦਾ ਖੂਬ ਮਨੋਰੰਜਨ ਕੀਤਾ।**











# ਭਾਈ ਭੂਰਾ ਦੀ ਬੇਵਕਤੀ ਮੌਤ, ਕੌਮੀ ਘਾਟਾ : ਭਾਈ ਤਾਰਾ/ ਭਾਈ ਭਿਓਰਾ

## ਈਸਾਈ ਧਰਮ ਵਲੋਂ ਬਣਾਏ ਜਾ ਰਹੇ ਡੇਰੇ ਅਤੇ ਪ੍ਰਚਾਰ 'ਤੇ ਜੱਥੇਦਾਰ ਅਕਾਲ ਤਖ਼ਤ ਸਾਹਿਬ ਤੁਰੰਤ ਰੋਕ ਲਗਾਉਣ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-** ਸਿੱਖ ਸੰਘਰਸ਼ ਦੇ ਯੋਧੇ ਭਾਈ ਜਗਦੀਸ਼ ਸਿੰਘ ਜੀ ਭੂਰਾ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ । ਭਾਈ ਪਰਮਜੀਤ ਸਿੰਘ ਭਿਓਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਨੇ ਕਿਹਾ ਕਿ ਭੈਣ ਜੀ ਨਾਲ ਕੀਤੀ ਗੱਲਬਾਤ ਰਾਹੀਂ ਇਸ ਗੱਲ ਦਾ ਪਤਾ ਲਗਦੇ ਹੀ ਬੁੜੈਲ ਜੇਲ ਅੰਦਰ ਸੋਗਮਈ ਲਹਿਰ ਫੈਲ ਗਈ। ਉਨਾਂ ਕਿਹਾ ਕਿ ਭਾਈ ਸਾਹਿਬ ਜੀ ਨੇ ਸਾਰਾ ਹੀ ਜੀਵਨ ਸੰਘਰਸ਼ ਦੇ ਲੇਖੇ ਲਾਇਆ ਤੇ ਅੰਤਿਮ ਸਮੇਂ ਤੱਕ ਸਿੱਖਾਂ ਦੇ ਅਜ਼ਾਦ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਬੇਅੰਤ ਹੀ ਸੇਵਾਵਾਂ ਕੀਤੀਆਂ। ਉਨਾਂ ਦਸਿਆ ਕਿ ਭਾਈ ਭੂਰਾ ਪੂਰੇ ਯੂਰਪ ਵਿੱਚ ਸਰਗਰਮੀ ਨਾਲ ਸੇਵਾ ਕਰਦੇ ਸਨ ਤੇ ਯੂਰਪੀਅਨ ਪਾਰਲੀਮੈਂਟ ਵਿੱਚ ਸਿੱਖ ਹੱਕਾਂ ਲਈ ਕੋਈ ਵੀ ਪ੍ਰੋਗਰਾਮ ਹੋਵੇ ਮੂਹਰੇ ਹੋ ਕੇ ਸਾਰੀ ਸੇਵਾ ਨਿਭਾਉਂਦੇ ਸਨ। ਇਹੋ ਜਿਹੇ ਮਹਾਨ ਸਿੱਖਾਂ ਦਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾ ਦਾ ਸ੍ਰੋਤ ਹੈ। ਅੱਜ ਦੀ ਨਵੀਂ ਪਨੀਰੀ ਨੂੰ ਉਨਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ ।

ਉਨਾਂ ਕਿਹਾ ਕਿ ਸਾਰਾ ਜੀਵਨ ਖਾਲਿਸਤਾਨ ਦੀ ਪ੍ਰਾਪਤੀ ਵਾਸਤੇ ਸੰਘਰਸ਼ ਦੇ ਲੇਖੇ ਲਾਉਣ ਵਾਲੇ ਭਾਈ ਜਗਦੀਸ਼ ਸਿੰਘ ਜੀ ਭੂਰਾ ਦੀਆਂ ਸੇਵਾਵਾਂ ਨੂੰ ਜੇਲ ਅੰਦਰ ਬੰਦ ਸਮੂਹ ਖਾੜਕੂ ਸਿੰਘਾਂ ਵੱਲੋਂ ਕੇਸਰੀ ਪ੍ਰਣਾਮ ਕਰਦੇ ਹਾਂ ਅਤੇ ਅਸੀਂ ਅਰਦਾਸ ਕਰਦੇ ਹਾਂ ਕਿ ਗੁਰੂ ਮਹਾਰਾਜ ਜੀ ਕ੍ਰਿਪਾ ਕਰਨ ਤੇ ਵਿਛੜੀ ਹੋਈ ਆਤਮਾ ਨੂੰ ਸਦੀਵ ਕਾਲ ਵਾਸਤੇ ਆਪਣੇ





ਪਾਵਨ ਚਰਨਾਂ ਵਿਖੇ ਨਿਵਾਸ ਬਖ਼ਸ਼ ਕੇ ਸਾਰੇ ਪਰਿਵਾਰ ਤੇ ਸਕੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ।

ਉਨਾਂ ਨੇ ਪੰਜਾਬ ਪੁਲਿਸ ਵਲੋਂ ਸਿੱਖਾਂ ਦੀ ਕੀਤੀ ਜਾ ਰਹੀ ਫੜੋ ਫੜੀ ਦੀ ਨਿੰਦਿਆਂ ਕਰਦੇ ਕਿਹਾ ਕਿ ਸਰਕਾਰ ਨੂੰ ਕਸੂਰਵਾਰ ਨੂੰ ਛੱਡ ਬੇਕਸੂਰਾਂ 'ਤੇ ਜ਼ੁਲਮ ਕਰਨ ਦੀ ਪੁਰਾਣੀ ਸਰਕਾਰਾਂ ਵਾਂਗ ਚਾਲਾਂ 'ਤੇ ਰੋਕ ਲਾਉਣੀ ਚਾਹੀਦੀ ਹੈ। ਇਕ ਪਾਸੇ ਤੁਸੀਂ ਆਮ ਆਦਮੀ ਦੀ ਸਰਕਾਰ ਦੱਸਦੇ ਹੋ ਤੇ ਦੂਜੇ ਪਾਸੇ ਆਮ ਆਦਮੀ ਨੂੰ ਹੀ ਤੰਗ ਪ੍ਰੇਸ਼ਾਨ ਕਰ ਰਹੇ ਹੋ, ਮਾਹੌਲ ਖਰਾਬ ਕਰਨ ਵਾਲਿਆਂ ਨੂੰ ਪਨਾਹ ਦੇ ਰਹੇ ਹੋ ।

ਉਨਾਂ ਨੇ ਜੱਥੇਦਾਰ ਅਕਾਲ ਤਖਤ ਸਾਹਿਬ ਨੂੰ ਅਪੀਲ ਕਰਦਿਆ: ਕਿਹਾ ਕਿ ਸਾਨੂੰ ਅਖਬਾਰਾਂ ਰਾਹੀਂ ਪਤਾ ਲਗਿਆ ਕਿ ਪੰਜਾਬ ਅੰਦਰ ਈਸਾਈ ਧਰਮ ਦੇ ਪੈਰੋਕਾਰ ਆਪਣੇ ਡੇਰੇ ਬਣਾਈ ਜਾ ਰਹੇ ਹਨ ਤੇ ਇਕ ਦੁਨੀਆਂ ਦਾ ਚੌਥਾ ਸਭ ਤੋਂ ਵੱਡਾ ਡੇਰਾ ਜਲੰਧਰ ਵਿਚ ਬਣ ਰਿਹਾ ਹੈ। ਇਸ ਦੇ ਪਾਸਟਰ ਨੇ ਤਕਰੀਬਨ 12 ਲੱਖ ਗਰੀਬ ਸਿੱਖਾਂ ਨੂੰ ਇਸ ਰਾਹੀਂ ਆਪਣੇ ਜਕੇੜੇ ਵਿਚ ਲੈਣ ਦਾ ਟੀਚਾ ਰਖਿਆ ਹੈ। ਇਸ ਨੂੰ ਤੁਰੰਤ ਰੋਕਣਾ ਚਾਹੀਦਾ ਹੈ ਤੇ ਗਰੀਬ ਸਿੱਖ ਪਰਿਵਾਰਾਂ ਦੀ ਮਦਦ ਲਈ ਐਸ ਜੀ ਪੀ ਸੀ ਨੂੰ ਅੱਗੇ ਹੋ ਕੇ ਮਦਦ ਕਰਨ ਦੇ ਆਦੇਸ਼ ਜਾਰੀ ਕਰਨੇ ਚਾਹੀਦੇ ਹਨ । ਉਨਾਂ ਦੇਸ਼ ਦੇ ਵਿਗੜ ਰਹੇ ਮਾਹੌਲ ਬਾਰੇ ਕਿਹਾ ਕਿ ਬਹੁਗਿਣਤੀ ਵਲੋਂ ਇਸ ਸਮੇਂ ਘੱਟਗਿਣਤੀਆਂ ਨੂੰ ਆਪਣੇ ਕਲੇਵੇ ਵਿਚ ਲੈਣ ਲਈ ਹਰ ਤਰਾਂ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ ਤੇ ਉਹ ਇਸ ਵਿਚ ਕਾਮਯਾਬ ਵੀ ਹੋ ਰਹੇ ਹਨ। ਸਾਡੇ ਰਾਜਨੀਤਿਕ ਅਤੇ ਧਾਰਮਿਕ ਲੀਡਰਾਂ ਨੂੰ ਇਨਾਂ ਦੀ ਹਰ ਚਾਲ 'ਤੇ ਬਾਜ਼ ਅੱਖ ਰੱਖਣ ਦੀ ਸਖ਼ਤ ਲੋੜ ਹੈ ਕਿਉਂਕਿ ਜਿਸ ਹਿਸਾਬ ਨਾਲ ਇਹ ਲੋਕ ਅੱਗੇ ਵੱਧ ਰਹੇ ਹਨ ਸਿੱਖਾਂ ਦਾ ਨੰਬਰ ਵੀ ਲੱਗ ਸਕਦਾ ਹੈ। ਇਸ ਲਈ ਆਪਣੀ ਸੁਰੱਖਿਆ ਪੱਖੋਂ ਅਵੇਸਲੇ ਨਾ ਰਹਿ ਕੇ, ਇੰਤਜਾਮ ਵੱਲ ਵੱਧ ਧਿਆਨ ਦੇਣ ਦੀ ਲੋੜ ਹੈ।

ਅੰਤ ਵਿਚ ਉਨਾਂ ਕਿਹਾ ਕਿ ਤਿਹਾੜ ਜੇਲ ਅੰਦਰ ਬੰਦ ਸਾਡੇ ਸਾਥੀ ਭਾਈ ਜਗਤਾਰ ਸਿੰਘ ਹਵਾਰਾ ਦੀ ਖਰਾਬ ਹੋਈ ਸਿਹਤ ਲਈ ਅਸੀਂ ਸਮੂਹ ਬੰਦੀ ਸਿੰਘ ਅਕਾਲ ਪੁਰਖ ਦੇ ਚਰਨਾਂ ਵਿਚ ਤੰਦੂਰਸਤੀ ਲਈ ਅਰਦਾਸ ਕਰਦੇ ਹਾਂ।

# ਨੈਨਦੀਪ ਸਿੰਘ ਨੂੰ ਇਰਵਿਨ ਐਵਾਰਡ ਨਾਲ ਕੀਤਾ ਗਿਆ ਸਨਮਾਨਿਤ

**ਕੈਲੀਫੋਰਨੀਆ/ਏ.ਟੀ.ਨਿਊਜ਼ :-** ਨੈਨਦੀਪ ਸਿੰਘ ਨੂੰ ਇਰਵਿਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਨੈਨਦੀਪ ਸਿੰਘ 2022 ਦੇ ਜੇਮਸ ਇਰਵਿਨ ਫਾਊਂਡੇਸ਼ਨ ਲੀਡਰਸ਼ਿਪ ਐਵਾਰਡਜ਼ ਦੇ ਸੱਤ ਜੇਤੂਆਂ ਵਿੱਚੋਂ ਇਕ ਹੈ, ਜਿਸਦਾ ਉਦੇਸ਼ 'ਉਨਾਂ ਲੀਡਰਾਂ ਨੂੰ ਪਛਾਣਨਾ ਹੈ ਜਿਨਾਂ ਦੇ ਰਾਜ ਦੀਆਂ ਗੰਭੀਰ ਚੁਣੌਤੀਆਂ ਲਈ ਨਵੀਨਤਾਕਾਰੀ ਹੱਲ ਮੌਕੇ ਪੈਦਾ ਕਰਦੇ ਹਨ ਅਤੇ ਰਾਜ ਭਰ ਵਿੱਚ ਜੀਵਨ ਵਿੱਚ ਸੁਧਾਰ ਕਰਦੇ ਹਨ।'



ਨੈਨਦੀਪ ਸਿੰਘ ਫਰਿਜ਼ਨੋ-ਅਧਾਰਤ ਜੈਕਾਰਾ ਮੂਵਮੈਂਟ ਦਾ ਇੱਕ ਸੰਸਥਾਪਕ ਮੈਂਬਰ ਹੈ ਜੋ ਕਿ ਪੰਜਾਬੀ ਸਿੱਖ ਅਬਾਦੀ 'ਤੇ ਕੇਂਦ੍ਰਿਤ ਇੱਕ ਨੌਜਵਾਨ ਲੀਡਰਸ਼ਿਪ ਸੰਸਥਾ ਹੈ। 2000 ਵਿੱਚ ਸਥਾਪਿਤ, ਜੈਕਾਰਾ ਮੂਵਮੈਂਟ ਸਿੱਖ ਨੌਜਵਾਨਾਂ ਨੂੰ ਉਨਾਂ ਦੀ ਵਿਰਾਸਤ ਬਾਰੇ ਜਾਗਰੂਕ ਕਰਦੀ ਹੈ। ਉਨਾਂ ਨੂੰ ਦਰਪੇਸ਼ ਚੁਣੌਤੀਆਂ ਜਿਵੇਂ ਕਿ ਲਿੰਗ ਸਮਾਨਤਾ ਅਤੇ ਜਾਤ ਦੀ ਖੋਜ ਅਤੇ ਉਨਾਂ ਨੂੰ ਉਨਾਂ ਦੇ ਭਾਈਚਾਰੇ ਵਿੱਚ ਆਗੂ ਬਣਨ ਲਈ ਤਿਆਰ ਕਰਦੀ ਹੈ।

ਇਨਾਮ ਦੇ ਨਾਲ ਉਸ ਦੇ ਯਤਨਾਂ ਦਾ ਸਮਰਥਨ ਕਰਨ ਲਈ ਜੇਮਸ ਇਰਵਿਨ ਫਾਊਂਡੇਸ਼ਨ ਤੋਂ $250,000 ਦੀ ਗ੍ਰਾਂਟ ਮਿਲੇਗੀ।

ਫਰਵਰੀ ਵਿਚ ਨੈਨਦੀਪ ਸਿੰਘ ਨੂੰ ਜੇਮਸ ਇਰਵਿਨ ਫਾਊਂਡੇਸ਼ਨ ਲੀਡਰਸ਼ਿਪ ਐਵਾਰਡ ਜੇਤੂ ਵਜੋਂ ਘੋਸ਼ਿਤ ਕੀਤਾ ਗਿਆ ਸੀ। ਆਪਣੇ ਪਹਿਲੇ 10 ਸਾਲਾਂ ਲਈ ਇੱਕ ਆਲ-ਵਲੰਟੀਅਰ ਸੰਗਠਨ ਵਜੋਂ ਸ਼ੁਰੂ ਹੋਈ ਜੈਕਾਰਾ ਮੂਵਮੈਂਟ ਕੋਲ ਹੁਣ 41 ਮੈਂਬਰਾਂ ਦਾ ਤਨਖਾਹ ਵਾਲਾ ਸਟਾਫ ਹੈ ਅਤੇ 15 ਕੈਲੀਫੋਰਨੀਆ ਕਾਉਂਟੀਆਂ ਵਿੱਚ 70 ਰਜਿਸਟਰਡ ਹਾਈ ਸਕੂਲ ਕਲੱਬ ਅਤੇ 25 ਕਾਲਜ ਚੈਪਟਰ ਹਨ। 2009 ਤੋਂ ਕਾਰਜਕਾਰੀ ਨਿਰਦੇਸ਼ਕ ਦੇ ਤੌਰ 'ਤੇ, ਨੈਨਦੀਪ ਸਿੰਘ ਨੇ ਵੋਟਿੰਗ ਸਮੱਗਰੀ ਤੱਕ ਭਾਸ਼ਾ ਦੀ ਪਹੁੰਚ ਨੂੰ ਵਧਾਉਣ, ਘੱਟ ਸੇਵਾ ਵਾਲੇ ਭਾਈਚਾਰਿਆਂ ਵਿੱਚ ਉੱਚ ਟੀਕਾਕਰਨ ਦਰਾਂ ਵਿੱਚ ਯੋਗਦਾਨ ਪਾਉਣ ਅਤੇ ਕਿਰਾਏਦਾਰਾਂ ਅਤੇ ਖੇਤੀਬਾੜੀ ਕਰਮਚਾਰੀਆਂ ਲਈ ਸੁਰੱਖਿਅਤ ਲਈ ਜੈਕਾਰਾ ਅੰਦੋਲਨ ਦੀ ਅਗਵਾਈ ਕੀਤੀ ਹੈ।

ਭਵਿੱਖ ਦੀਆਂ ਯੋਜਨਾਵਾਂ ਵਿੱਚ ਪੂਰੇ ਕੈਲੀਫੋਰਨੀਆ ਅਤੇ ਐਰੀਜ਼ੋਨਾ, ਨੇਵਾਡਾ ਅਤੇ ਵਾਸ਼ਿੰਗਟਨ ਵਿੱਚ ਜੈਕਾਰਾ ਮੂਵਮੈਂਟ ਮਾਡਲ ਨੂੰ ਫੈਲਾਉਣਾ ਅਤੇ ਨਾਲ ਹੀ ਕਿਫਾਇਤੀ ਹਾਊਸਿੰਗ ਐਡਵੋਕੇਸੀ ਯਤਨਾਂ ਦਾ ਵਿਸਤਾਰ ਕਰਨਾ ਅਤੇ ਸੈਂਟਰਲ ਵੈਲੀ ਵਿੱਚ ਕੁਝ ਪਹਿਲੇ ਕਮਿਊਨਿਟੀ ਲੈਂਡ ਟਰੱਸਟਾਂ ਦੀ ਸਥਾਪਨਾ ਕਰਨ ਦੀਆਂ ਯੋਜਨਾਵਾਂ ਸ਼ਾਮਲ ਹਨ।

ਨੈਨਦੀਪ ਸਿੰਘ ਨੇ ਕਿਹਾ, ਇਰਵਿਨ ਫਾਊਂਡੇਸ਼ਨ ਲੀਡਰਸ਼ਿਪ ਅਵਾਰਡਜ਼ ਦੁਆਰਾ ਮਾਨਤਾ ਇੱਕ ਵਿਅਕਤੀ ਦੇ ਤੌਰ 'ਤੇ ਮੇਰੇ ਬਾਰੇ ਨਹੀਂ ਹੈ, ਸਗੋਂ ਜੈਕਾਰਾ ਮੂਵਮੈਂਟ ਦੇ ਹਜ਼ਾਰਾਂ ਮੈਂਬਰਾਂ, ਹਾਜ਼ਰੀਨ, ਭਾਗੀਦਾਰਾਂ, ਦਾਨੀਆਂ, ਸ਼ੁਭਚਿੰਤਕਾਂ ਅਤੇ ਸਮਾਜ ਦੇ ਮੈਂਬਰਾਂ ਦੇ ਭੂਤ, ਵਰਤਮਾਨ ਅਤੇ ਭਵਿੱਖ ਲਈ ਹੈ। 'ਮੈਂ ਉਨਾਂ ਲੋਕਾਂ ਦੇ ਮੋਢਿਆਂ 'ਤੇ ਖੜਾ ਹਾਂ ਜੋ ਪਹਿਲਾਂ ਆਏ ਸਨ ਅਤੇ ਮੈਨੂੰ ਉਨਾਂ ਸਾਰੇ ਸਿਤਾਰਿਆਂ ਨਾਲ ਕੰਮ ਕਰਨ/ ਕੰਮ ਕਰਨ ਦੀ ਬਖਸ਼ਿਸ਼ ਹੈ ਜੋ ਆਉਣ ਵਾਲੀਆਂ ਪੀੜੀਆਂ ਲਈ ਨਵੇਂ ਮਾਰਗਾਂ ਨੂੰ ਚਮਕਾ ਰਹੇ ਹਨ।'

ਸਾਰੇ ਮਿਲ ਕੇ, ਜੇਮਜ਼ ਇਰਵਿਨ ਫਾਊਂਡੇਸ਼ਨ ਲੀਡਰਸ਼ਿਪ ਐਵਾਰਡਜ਼ ਨੇ ਕੈਲੀਫੋਰਨੀਆ ਦੀਆਂ ਛੇ ਸੰਸਥਾਵਾਂ ਵਿੱਚ ਕੈਲੀਫੋਰਨੀਆ ਵਾਸੀਆਂ ਨੂੰ ਨਾਗਰਿਕ ਰੁਝੇਵੇਂ, ਅਪਰਾਧ, ਸਿਹਤ ਦੇਖਭਾਲ, ਜੰਗਲੀ ਅੱਗ ਦੀ ਰੋਕਥਾਮ ਅਤੇ ਹੋਰ ਬਹੁਤ ਕੁਝ ਸਮੇਤ ਮੁੱਦਿਆਂ ਨੂੰ ਸੰਬੋਧਿਤ ਕਰਨ ਲਈ $1.5 ਮਿਲੀਅਨ ਦਾ ਯੋਗਦਾਨ ਪਾਇਆ। ਕੁੱਲ 419 ਲੋਕਾਂ ਨੂੰ ਪੁਰਸਕਾਰਾਂ ਲਈ ਨਾਮਜ਼ਦ ਕੀਤਾ ਗਿਆ ਸੀ।

ਹੋਰ ਜੇਤੂਆਂ ਵਿੱਚ ਕੈਮਿਲਾ ਸ਼ਾਵੇਜ਼, ਕੇਰਨ ਕਾਉਂਟੀ-ਅਧਾਰਤ ਡੋਲੋਰੇਸ ਹੁਏਰਟਾ ਫਾਊਂਡੇਸ਼ਨ ਦੀ ਸਹਿ-ਸੰਸਥਾਪਕ ਅਤੇ ਕਾਰਜਕਾਰੀ ਨਿਰਦੇਸ਼ਕ ਸ਼ਾਮਲ ਹਨ : **DeVone Boggan,** ਸੰਸਥਾਪਕ ਅਤੇ **CEO** ਰਿਚਮੰਡ-ਅਧਾਰਿਤ ਐਡਵਾਂਸ ਪੀਸ; ਡਾ. ਨੋਹਾ ਅਬੋਏਲਾਟਾ , ਓਕਲੈਂਡ-ਅਧਾਰਤ ਰੂਟਸ ਕਮਿਊਨਿਟੀ ਹੈਲਥ ਸੈਂਟਰ ਦੀ ਸੰਸਥਾਪਕ; ਸੇਰੀਟਾ ਕੋਕਸ, ਟਰੱਕੀ-ਅਧਾਰਤ **iFoster** ਦੀ ਸਹਿ-ਸੰਸਥਾਪਕ ਅਤੇ ਬਰੈਂਡਨ ਸਮਿਥ ਅਤੇ ਰਾਇਲ ਰਾਮੇ, ਦ ਫੋਰੈਸਟ ਐਂਡ ਫਾਇਰ ਭਰਤੀ ਪ੍ਰੋਗਰਾਮ ਦੇ ਸਹਿ-ਸੰਸਥਾਪਕ।

ਕੈਲੀਫੋਰਨੀਆ ਦੇ ਗਵਰਨਰ ਗੇਵਿਨ ਨਿਊਜ਼ੋਮ ਨੇ ਕਿਹਾ, 'ਇਸ ਸਾਲ ਦੇ ਲੀਡਰਸ਼ਿਪ ਐਵਾਰਡ ਪ੍ਰਾਪਤ ਕਰਨ ਵਾਲੇ ਨੇਤਾਵਾਂ ਦਾ ਇੱਕ ਅਦੁੱਤੀ ਸਮੂਹ ਹੈ ਜੋ ਸਾਡੇ ਰਾਜ ਦੀ ਸਭ ਤੋਂ ਵਧੀਆ ਨੁਮਾਇੰਦਗੀ ਕਰਦਾ ਹੈ। ਇਹ ਕੈਲੀਫੋਰਨੀਆ ਦੇ ਲੋਕ ਬੇਮਿਸਾਲ ਕਮਿਊਨਿਟੀ ਲੀਡਰਸ਼ਿਪ ਅਤੇ ਨਵੀਨਤਾ ਦਿਖਾਉਂਦੇ ਹਨ-ਸਾਰਿਆਂ ਲਈ ਉਦਾਹਰਣ ਦਿੰਦੇ ਹੋਏ ਕਿ ਅਸੀਂ ਆਪਣੀਆਂ ਕੁਝ ਸਭ ਤੋਂ ਵੱਡੀਆਂ ਚੁਣੌਤੀਆਂ ਨੂੰ ਕਿਵੇਂ ਹੱਲ ਕਰ ਸਕਦੇ ਹਾਂ।

# ਬੀਬੀ ਕੁਲਬੀਰ ਕੌਰ ਦੀ ਜ਼ਮਾਨਤ ਹੋਈ ਮਨਜ਼ੂਰ

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-**ਬੀਬੀ ਕੁਲਬੀਰ ਕੌਰ ਜਿਨਾਂ ਨੂੰ ਉਨਾਂ ਦੇ ਅੱਠ ਸਾਲਾਂ ਬੇਟੇ ਨਾਲ ਜੋ ਕਿ ਮਲੇਸ਼ੀਆ ਤੋਂ ਹਿੰਦੁਸਤਾਨ ਆ ਰਹੇ ਸਨ, ਜਿਨਾਂ ਨੂੰ ਪੰਜਾਬ ਪੁਲਿਸ ਨੇ ਸਿੰਘਾਂ ਦੀ ਪੈਸਿਆਂ ਰਾਹੀਂ ਮਦਦ ਕਰਨ ਦੇ ਦੋਸ਼ ਹੇਠ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਤੋਂ ਗ੍ਰਿਫਤਾਰ ਕਰਕੇ ਜੇਲ ਬੰਦ ਕੀਤਾ ਸੀ, ਦੀ ਜਮਾਨਤ ਮਨਜ਼ੂਰ ਹੋ ਗਈ ਹੈ । ਕਾਗਜ਼ੀ ਕਾਰਵਾਈ ਤੋਂ ਬਾਅਦ ਬੀਬੀ ਕੁਲਬੀਰ ਕੌਰ ਜੇਲ ਦੀ ਜਿੰਦਗੀ ਤੋਂ ਆਜ਼ਾਦ ਹੋ ਕੇ ਆਪਣੇ ਘਰ ਪਰਤਣਗੇ ।



ਜਿਕਰਯੋਗ ਹੈ ਕਿ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਬਰਨਾਲਾ ਦੀ ਇੱਕ ਸਿੱਖ ਔਰਤ ਕੁਲਬੀਰ ਕੌਰ ਦੀ ਗ੍ਰਿਫਤਾਰੀ ਦੇ ਨਾਲ, ਬਟਾਲਾ ਪੁਲਿਸ ਨੇ 'ਰੈਫਰੈਂਡਮ' ਦੇ ਹਿੱਸੇ ਵਜੋਂ ਪੰਜਾਬੀ ਨੌਜਵਾਨਾਂ ਨੂੰ ਵੱਖਵਾਦੀ ਭਾਵਨਾਵਾਂ ਫੈਲਾਉਣ ਅਤੇ ਹਿੰਸਾ ਦੀਆਂ ਕਾਰਵਾਈਆਂ ਕਰਨ ਲਈ ਫੰਡਿੰਗ ਅਤੇ ਪ੍ਰੇਰਿਤ ਕਰਨ ਦੇ ਇੱਕ ਅੰਤਰਰਾਸ਼ਟਰੀ ਮਾਡਿਊਲ ਦੇ ਪਰਦਾਫਾਸ਼ ਕਰਦਿਆਂ ਉਸ ਨਾਲ ਤਾਰਾਂ ਨਾਲ ਜੁੜੇ ਹੋਣ ਦਾ ਦਾਅਵਾ ਕੀਤਾ ਸੀ ।

ਕੁਲਬੀਰ ਕੌਰ ਨੂੰ ਕੁਝ ਨੌਜਵਾਨਾਂ ਦੁਆਰਾ ਰੰਗੜ ਨੰਗਲ ਵਿਖੇ ਸ਼ਰਾਬ ਦੇ ਦੋ ਠੇਕਿਆਂ ਨੂੰ ਅੱਗ ਲਾਉਣ ਦੇ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਸੀ । 31 ਮਈ 2018, ਪੁਲਿਸ ਨੇ ਬਟਾਲਾ ਜ਼ਿਲੇ ਦੇ ਸ੍ਰੀ ਹਰਗੋਬਿੰਦਪੁਰ ਬਲਾਕ ਦੇ ਪਿੰਡ ਹਰਪੁਰ ਧੰਦੋਈ ਅਤੇ ਪੰਜਗਰਾਈਂ ਵਿੱਚ ਸ਼ਰਾਬ ਦੇ ਠੇਕਿਆਂ ਨੂੰ ਅੱਗ ਲਗਾਉਣ ਦੇ ਦੋਸ਼ ਵਿੱਚ ਕਿਰਪਾਲ ਸਿੰਘ ਅਤੇ ਧਰਮਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਉਨਾਂ ਨੇ ਕੁਲਬੀਰ ਕੌਰ ਦੇ ਨਾਂ ਦਾ ਖੁਲਾਸਾ ਕੀਤਾ ਸੀ। ਇਸ ਮਾਮਲੇ ਦੀ ਪੈਰਵਾਈ ਪੰਥਕ ਵਕੀਲ ਸਿਮਰਨਜੀਤ ਸਿੰਘ ਕਰ ਰਹੇ ਹਨ।

# ਭਾਈ ਸਰਬਜੋਤ ਸਿੰਘ ਸਵੱਦੀ ਜੀ ਨੂੰ ਮਾਤਾ ਦੇ ਦੇਹਾਂਤ ਕਾਰਨ ਸਦਮਾ

**ਫਰੀਮਾਂਟ/ਏ.ਟੀ/ਨਿਊਜ਼:** ਭਾਈ ਸਰਬਜੋਤ ਸਿੰਘ ਸਵੱਦੀ ਜੀ ਦੇ ਸਤਿਕਾਰ ਯੋਗ ਮਾਤਾ ਜਗੀਰ ਕੌਰ ਜੀ, ਅੱਜ ਸਵੇਰੇ ਅੱਠ ਕੁ ਵਜੇ ਸੰਸਾਰਿਕ ਯਾਤਰਾ ਪੂਰੀ ਕਰਕੇ 95 ਵਰੇ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ ਹਨ। ਮਾਤਾ ਜੀ ਸ਼ਹੀਦ ਭਾਈ ਗੁਰਦੇਵ ਸਿੰਘ ਕਾਉਕੇ ਜੀ ਦੇ ਰਿਸ਼ਤੇ ਵਜੋ ਕੁੜਮਣੀ ਅਤੇ ਸਾਬਕਾ ਸ਼ਰੋਮਣੀ ਕਮੇਟੀ ਮੈਂਬਰ ਮੇਜਰ ਸਿੰਘ ਸਵੱਦੀ ਜੀ ਦੇ ਸਪੁਤਨੀ ਸਨ।




ਸਤਿਕਾਰਯੋਗ ਮਾਤਾ ਜਗੀਰ ਕੌਰ ਜੀ ਦੀ ਅੰਤਿਮ ਅਰਦਾਸ 28 ਮਈ ਦਿਨ ਸ਼ਨੀਵਾਰ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਵੇਗੀ । ਇਸ ਦੁੱਖ ਦੀ ਘੜੀ ਵਿੱਚ ਅਸੀਂ ਅਦਾਰਾ ਅੰਮ੍ਰਿਤਸਰ ਟਾਈਮਜ਼ ਭਾਈ ਸਰਬਜੋਤ ਸਿੰਘ ਸਵੱਦੀ ਜੀ ਦੇ ਪਰਿਵਾਰ ਨਾਲ ਦੁੱਖ ਦੀ ਸਾਂਝ ਪਾਉਂਦੇ ਹੋਏ ਅਕਾਲ ਪੁਰਖ ਵਾਹਿਗੁਰੂ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਭਾਈ ਸਰਬਜੋਤ ਸਿੰਘ ਸਵੱਦੀ ਜੀ ਦਾ ਫੋਨ ਨੰਬਰ 408 449 1649.

# ਨਿਊਯਾਰਕ ਦੀ ਸੁਪਰ ਮਾਰਕਿਟ ਵਿਚ ਗੋਲੀਬਾਰੀ ਦੀ ਘਟਨਾ 'ਚ 10 ਦੀ ਮੌਤ, 3 ਸਿਆਹ ਫਿਆਮ : ਪੁਲਿਸ ਕਮਿਸ਼ਨਰ

### ✪ ਗੋਰੇ ਦੋਸ਼ੀ ਵਿਰੁੱਧ ਹੱਤਿਆਵਾਂ ਦਾ ਮਾਮਲਾ ਦਰਜ ✪ ਸਥਾਨਕ ਲੋਕਾਂ ਵੱਲੋਂ ਘਟਨਾ ਵਿਰੁੱਧ ਮਾਰਚ ਕੱਢ ਕੇ ਦਿੱਤਾ ਇਕਜੁੱਟਤਾ ਦਾ ਸੱਦਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਨਿਊਯਾਰਕ ਨੇੜੇ ਬੁਫੈਲੋ ਸ਼ਹਿਰ ਦੇ ਨੀਮ ਸ਼ਹਿਰੀ ਖੇਤਰ ਵਿਚ ਸਥਿਤ ਸੁਪਰ ਮਾਰਕਿਟ ਵਿਚ ਬੀਤੇ ਦਿਨ ਇਕ ਬੰਦੂਕਧਾਰੀ ਵੱਲੋਂ ਚਲਾਈਆਂ ਗੋਲੀਆਂ ਨਾਲ 10 ਵਿਅਕਤੀਆਂ ਦੀ ਮੌਤ ਹੋ ਗਈ ਜਿਨਾਂ ਵਿਚੋਂ 3 ਜਣੇ ਸਿਆਹ ਫਿਆਮ ਸਨ। ਸ਼ੱਕੀ ਦੋਸ਼ੀ ਗੋਰਾ ਸੀ ਜਿਸ ਨੂੰ ਮੌਕੇ ਉਪਰ ਗ੍ਰਿਫਤਾਰ ਕਰ ਲਿਆ ਗਿਆ ਸੀ। ਇਹ ਪ੍ਰਗਟਾਵਾ ਬੁਫੈਲੋ ਦੇ ਪੁਲਿਸ ਕਮਿਸ਼ਨਰ ਜੋਸਫ ਗਰਾਮਗਲੀਆ ਨੇ ਕੀਤਾ ਹੈ। ਸ਼ੱਕੀ ਦੋਸ਼ੀ ਨੇ ਇਕ ਵਿਸ਼ੇਸ਼ ਭਾਈਚਾਰੇ ਦੇ ਲੋਕਾਂ ਨੂੰ ਚੁਣ ਚੁਣ ਕੇ ਮਾਰਿਆ। ਉਹ ਓਦੋਂ ਤੱਕ ਲੋਕਾਂ ਨੂੰ ਮਾਰਦਾ ਰਿਹਾ ਜਦੋਂ ਤੱਕ ਪੁਲਿਸ ਮੌਕੇ ਉਪਰ ਨਹੀਂ ਪੁੱਜੀ। ਪੁਲਿਸ ਦੇ ਮੌਕੇ ਉਪਰ ਪਹੁੰਚਣ 'ਤੇ ਉਸ ਨੇ ਤੁਰੰਤ ਆਪਣਾ ਹੈਲਮਟ ਲਾਹਿਆ, ਆਪਣੀ ਬੰਦੂਕ ਹੇਠਾਂ ਰੱਖੀ ਤੇ ਆਤਮ ਸਮਰਪਣ ਕਰ ਦਿੱਤਾ।

ਨਸਲੀ ਹਿੰਸਕ ਅੱਤਵਾਦ- ਪੁਲਿਸ ਨੇ ਇਸ ਨੂੰ ਨਸਲੀ ਹਮਲਾ ਕਰਾਰ ਦਿੱਤਾ ਹੈ ਜਦ ਕਿ ਐਫ ਬੀ ਆਈ ਨਫਰਤੀ ਅਪਰਾਧ ਤੇ ਨਸਲੀ ਹਿੰਸਕ ਅਤਿਵਾਦ ਦੇ ਨਜ਼ਰੀਏ



ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਿਸ ਕਮਿਸ਼ਨਰ ਜੋਸਫ ਗਰਾਮਗਲੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਸ਼ੱਕੀ 18 ਸਾਲਾ ਪੇਟੋਨ ਗਨਡਰੋਨ ਵਿਰੁੱਧ ਹੱਤਿਆਵਾਂ ਦਾ ਮਾਮਲਾ ਦਰਜ ਕੀਤਾ ਗਿਆ ਹੈ ਤੇ ਆਉਣ ਵਾਲੇ ਦਿਨਾਂ ਦੌਰਾਨ ਉਸ ਵਿਰੁੱਧ ਹੋਰ ਦੋਸ਼ ਲਾਏ ਜਾਣ ਦੀ ਸੰਭਾਵਨਾ ਮੌਜੂਦ ਹੈ। ਉਨਾਂ ਹੋਰ ਕਿਹਾ ਕਿ ਮਾਰ ਗਏ ਤੇ ਜ਼ਖਮੀ ਹੋਏ ਸਾਰੇ ਲੋਕਾਂ ਦੀ ਪਛਾਣ ਕਰ ਲਈ ਗਈ ਹੈ ਤੇ ਸਬੰਧਤ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਸ਼ੱਕੀ ਦੋਸ਼ੀ ਦਾ ਪਰਿਵਾਰ ਪੁਲਿਸ ਨਾਲ ਪੂਰਾ ਸਹਿਯੋਗ ਕਰ ਰਿਹਾ ਹੈ। ਬੁਫੈਲੋ ਦੇ ਮੇਅਰ ਬਾਈਰਨ ਬਰਾਊਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੱਕੀ ਦੋਸ਼ੀ ਵੱਧ ਤੋਂ ਵੱਧ ਸਿਆਹ ਫਿਆਮ ਲੋਕਾਂ ਨੂੰ ਮਾਰਨਾ ਚਹੁੰਦਾ ਸੀ। ਉਹ ਇਸੇ ਇਰਾਦੇ ਨਾਲ ਟਾਪ ਫਰੈਂਡਲੀ ਸੁਪਰ ਮਾਰਕਿਟ ਵਿਚ ਦਾਖਲ ਹੋਇਆ ਸੀ। ਇਥੇ ਜਿਕਰਯੋਗ ਹੈ ਕਿ ਪਿਛਲੇ ਸਾਲ ਗਨਡਰੋਨ ਨੇ ਆਪਣੇ ਹਾਈ ਸਕੂਲ ਵਿਚ ਹਮਲਾ ਕਰਨ ਦੀ ਧਮਕੀ ਦਿੱਤੀ ਸੀ ਜਿਸ ਉਪਰੰਤ ਉਸ ਦੀ ਮਾਨਸਿਕ ਸਿਹਤ ਸਬੰਧੀ ਜਾਂਚ ਕਰਵਾਉਣ ਲਈ ਕਿਹਾ ਗਿਆ ਸੀ।

ਸਥਾਨਕ ਲੋਕਾਂ ਵੱਲੋਂ ਪ੍ਰਦਰਸ਼ਨ- ਘਟਨਾ ਤੋਂ ਬਾਅਦ ਗੋਲੀਬਾਰੀ ਵਾਲੇ ਸਥਾਨ ਨੇੜੇ ਸਥਾਨਕ ਲੋਕਾਂ ਤੇ ਮਾਨਵੀ ਅਧਿਕਾਰਾਂ ਨਾਲ ਜੁੜੇ ਗਰੁੱਪਾਂ ਨੇ ਮਾਰਚ ਕੱਢਿਆ ਜਿਸ ਵਿਚ ਸਾਰੇ ਭਾਈਚਾਰਿਆਂ ਨਾਲ ਸਬੰਧਤ ਲੋਕ ਸ਼ਾਮਿਲ ਹੋਏ। ਇਸ ਮੌਕੇ ਬੁਫੈਲੋ ਐਨ ਏ ਏ ਸੀ ਪੀ ਦੇ ਪ੍ਰਧਾਨ ਮਾਰਕ ਬਲਿਊ ਸਮੇਤ ਵੱਖ ਵੱਖ ਬੁਲਾਰਿਆਂ ਨੇ ਸਾਰੀਆਂ ਨਸਲਾਂ, ਜਾਤਾਂ ਤੇ ਧਰਮਾਂ ਦੇ ਲੋਕਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਸਮਾਜ ਵਿਚ ਵੰਡੀਆਂ ਪਾਉਣ ਵਾਲੇ ਲੋਕਾਂ ਨਾਲ ਸਖਤੀ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ ਤੇ ਅਜਿਹੇ ਲੋਕਾਂ ਦੀ ਸਮਾਜ ਵਿਚ ਕੋਈ ਥਾਂ ਨਹੀਂ ਹੈ। ਬਲਿਊ ਨੇ ਕਿਹਾ ਕਿ ਇਸ ਘਿਣਾਉਣੇ ਨਸਲਵਾਦੀ ਹਮਲੇ ਦੇ ਸ਼ਿਕਾਰ ਹੋਏ ਲੋਕਾਂ ਨੂੰ ਹੌਂਸਲਾ ਦਿੱਤਾ ਜਾਵੇ ਤੇ ਉਨਾਂ ਦੇ ਨਾਲ ਖੜਿਆ ਜਾਵੇ।

## ਮਾਮਲਾ ਯੂਕਰੇਨ ਰੂਸ ਜੰਗ ਦਾ

### ✪ਯੂਕਰੇਨ ਨੇ ਪੂਰਬੀ ਖੇਤਰ ਵਿਚ ਰੂਸ 'ਤੇ ਕੀਤੇ ਜਵਾਬੀ ਹੱਲੇ ✪ ਡੋਨਬਾਸ ਖੇਤਰ ਵਿਚ ਰੂਸ ਦੀ ਮੁਹਿੰਮ ਨੂੰ ਝਟਕਾ, ਹਸਪਤਾਲ 'ਤੇ ਹਮਲੇ ਵਿਚ ਦੋ ਮੌਤਾਂ

**ਕੀਵ/ਏ.ਟੀ.ਨਿਊਜ਼ :-** ਯੂਕਰੇਨ ਨੇ ਜੰਗ ਦੇ ਪੂਰਬੀ ਮੋਰਚੇ 'ਤੇ ਰੂਸ 'ਤੇ ਮੋੜਵਾਂ ਹੱਲਾ ਬੋਲਿਆ ਹੈ। ਯੂਕਰੇਨ ਮੁਤਾਬਕ ਖਾਰਕੀਵ ਨੇੜੇ ਲੜਾਈ ਉਨਾਂ ਵੱਲੋਂ ਕੀਤਾ ਮੋੜਵਾਂ ਹਮਲਾ ਹੈ। ਕੁਝ ਪੱਛਮੀ ਫ਼ੌਜੀ ਏਜੰਸੀਆਂ ਦਾ ਕਹਿਣਾ ਹੈ ਕਿ ਮਾਸਕੋ ਨੇ ਡੋਨਬਾਸ ਖੇਤਰ ਵਿਚ ਆਪਣਾ ਹਮਲਾ ਰੋਕ ਦਿੱਤਾ ਹੈ। ਮੁਲਕ ਦੇ ਦੱਖਣ ਵਿਚ ਖੇਰਸਨ ਇਲਾਕੇ ਵਿਚ ਵੀ ਜ਼ੋਰਦਾਰ ਜੰਗ ਹੋ ਰਹੀ ਹੈ। ਰੂਸੀ ਮਿਜ਼ਾਈਲਾਂ ਰਿਹਾਇਸ਼ੀ ਇਲਾਕਿਆਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ।

ਨਾਟੋ ਦੇ ਸਕੱਤਰ-ਜਨਰਲ ਜੇਨਸ ਸਟੋਲਟਨਬਰਗ ਨੇ ਕਿਹਾ ਕਿ ਰੂਸ ਦਾ ਹਮਲਾ ਡੋਨਬਾਸ ਵਿਚ ਰੁਕ ਗਿਆ ਹੈ ਤੇ ਯੂਕਰੇਨ ਜੰਗ ਜਿੱਤ ਸਕਦਾ ਹੈ। ਜੰਗ ਵਿਚ ਹੁਣ ਤੱਕ ਰੂਸ ਦਾ ਕਾਫ਼ੀ ਨੁਕਸਾਨ ਹੋਇਆ ਹੈ ਤੇ ਵੱਡੀ ਗਿਣਤੀ ਸੈਨਿਕ ਮਾਰੇ ਗਏ ਹਨ। ਯੂਕਰੇਨ ਦੇ ਇਕ ਫ਼ੌਜੀ ਅਧਿਕਾਰੀ ਨੇ ਦੱਸਿਆ ਕਿ ਪੂਰਬ ਦੇ ਲੁਹਾਂਸਕ ਖਿੱਤੇ ਵਿਚ ਰਾਤ ਵੇਲੇ ਹਸਪਤਾਲ 'ਤੇ ਹੋਏ ਹਮਲੇ ਵਿਚ ਦੋ ਲੋਕਾਂ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਨੌਂ ਜਣੇ ਫੱਟੜ ਹੋ ਗਏ। ਹਮਲਿਆਂ ਵਿਚ ਦੋ ਹੋਰ ਕਸਬੇ ਵੀ ਨਿਸ਼ਾਨਾ ਬਣੇ ਹਨ। ਇਸੇ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੇ ਰੱਖਿਆ ਬਲਾਂ ਦੇ ਮੁਖੀ ਨੂੰ ਵੀ ਬਦਲ ਦਿੱਤਾ ਹੈ। ਜ਼ਿਕਰਯੋਗ ਹੈ ਕਿ 'ਨਾਟੋ' ਦਾ ਵਿਸਤਾਰ ਰੋਕਣ ਵਿਚ ਵੀ ਰੂਸ ਨੂੰ ਝਟਕੇ ਲੱਗ ਰਹੇ ਹਨ। ਫਿਨਲੈਂਡ ਨੇ ਕਿਹਾ ਸੀ ਕਿ ਇਸ ਫ਼ੌਜੀ ਗੱਠਜੋੜ ਵਿਚ ਸ਼ਾਮਲ ਹੋਣ ਲਈ ਉਹ ਕਾਰਵਾਈ ਸ਼ੁਰੂ ਕਰ ਰਿਹਾ ਹੈ। ਸਵੀਡਨ ਦੀ ਸੱਤਾਧਾਰੀ ਧਿਰ ਵੀ ਨਾਟੋ ਦਾ ਹਿੱਸਾ ਬਣਨ ਦੀ ਇਛੁੱਕ ਹੈ। ਇਨਾਂ ਮੁਲਕ ਨੇ ਪਹਿਲਾਂ ਦਹਾਕਿਆਂਬੱਧੀ ਅਜਿਹੇ ਧੜਿਆਂ ਤੋਂ ਦੂਰੀ ਬਣਾਈ ਰੱਖੀ ਹੈ। ਜ਼ਿਕਰਯੋਗ ਹੈ ਕਿ ਯੂਕਰੇਨ ਨੂੰ ਫਰਵਰੀ ਤੋਂ ਲੈ ਕੇ ਹੁਣ ਤੱਕ ਕਾਫ਼ੀ ਸਫ਼ਲਤਾ ਮਿਲੀ ਹੈ। ਬਰਤਾਨੀਆ ਦੀ ਫ਼ੌਜੀ ਇਟੈਲੀਜੈਂਸ ਦਾ ਕਹਿਣਾ ਹੈ ਕਿ ਰੂਸ ਫਰਵਰੀ ਤੋਂ ਤਾਇਨਾਤ ਆਪਣੀ ਥਲ ਸੈਨਾ ਦਾ ਕਰੀਬ ਤੀਜਾ ਹਿੱਸਾ ਗੁਆ ਚੁੱਕਾ ਹੈ।

## ਕੈਲੀਫੋਰਨੀਆ ਦੇ ਚਰਚ ਵਿਚ ਗੋਲਬਾਰੀ, ਇਕ ਦੀ ਮੌਤ ਤੇ 4 ਗੰਭੀਰ ਜ਼ਖਮੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਲਾਗੂਨਾ ਵੁੱਡਜ਼, ਕੈਲੀਫੋਰਨੀਆ ਦੇ ਇਕ ਚਰਚ ਵਿਚ ਹੋਈ ਗੋਲੀਬਾਰੀ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਤੇ 4 ਹੋਰ ਜ਼ਖਮੀ ਹੋ ਗਏ ਜਿਨਾਂ ਦੀ ਹਾਲਤ ਗੰਭੀਰ ਹੈ। ਪੁਲਿਸ ਵਿਭਾਗ ਨੇ ਕਿਹਾ ਹੈ ਕਿ ਸਾਰੇ ਜ਼ਖਮੀ ਬਾਲਗ ਹਨ ਜਿਨਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਦਕਿ ਇਕ ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਿਆ। ਸ਼ੱਕੀ ਦੋਸ਼ੀ ਨੂੰ ਮੌਕੇ ਉਪਰ ਕਾਬੂ ਕਰ ਲਿਆ ਗਿਆ ਹੈ ਜਿਸ ਕੋਲੋਂ ਇਕ ਹਥਿਆਰ ਵੀ ਬਰਾਮਦ ਹੋਇਆ ਹੈ। ਗਵਰਨਰ ਗੈਵਿਨ ਨਿਊਸੋਮ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਕਿਸੇ ਨੂੰ ਵੀ ਆਪਣੇ ਪੂਜਾ ਸਥਾਨ 'ਤੇ ਜਾਣ ਸਮੇਂ ਡਰਨ ਦੀ ਲੋੜ ਨਹੀਂ ਹੈ। ਅਸੀਂ ਚਰਚ ਵਿਚ ਹੋਈ ਗੋਲੀਬਾਰੀ ਦੀ ਘਟਨਾ ਦੀ ਨੇੜਿਉਂ ਜਾਂਚ ਕਰ ਰਹੇ ਹਾਂ।

## ਰਾਸ਼ਟਰਪਤੀ ਬਾਈਡਨ ਵੱਲੋਂ ਸੋਮਾਲੀਆ ਵਿਚ ਮੁੜ ਸੈਨਿਕ ਤਾਇਨਾਤ ਕੀਤੇ ਜਾਣ ਨੂੰ ਹਰੀ ਝੰਡੀ

### ਸਾਬਕਾ ਰਾਸ਼ਟਰਪਤੀ ਟਰੰਪ ਦੇ ਫੈਸਲੇ ਨੂੰ ਉਲਟਾਇਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਨੇ ਪੈਂਟਾਗਨ ਦੀ ਬੇਨਤੀ ਸਵੀਕਾਰ ਕਰਦਿਆਂ ਸੋਮਾਲੀਆ ਵਿਚ ਮੁੜ ਅਮਰੀਕੀ ਫੌਜੀ ਤਾਇਨਾਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਬਾਈਡਨ ਪ੍ਰਸ਼ਾਸਨ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਹੈ ਕਿ ਇਹ ਕਦਮ ਅਲ-ਸ਼ਬਾਬ ਗਰੁੱਪ ਦੇ ਅਤਿਵਾਦੀਆਂ ਨੂੰ ਨੱਥ ਪਾਉਣ ਦੇ ਮਕਸਦ ਨਾਲ ਚੁੱਕਿਆ ਗਿਆ ਹੈ। ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ 2020 ਵਿਚ ਸੋਮਾਲੀਆ ਵਿਚੋਂ ਅਮਰੀਕੀ ਫੌਜੀ ਵਾਪਿਸ ਬੁਲਾ ਲਏ ਸਨ ਜਿਸ ਫੈਸਲੇ ਨੂੰ ਬਾਈਡਨ ਨੇ ਉਲਟਾ ਦਿੱਤਾ ਹੈ। ਸੀਨੀਅਰ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੋਮਾਲੀਆ ਸਰਕਾਰ ਦੀ ਸਲਾਹ ਨਾਲ ਅਮਰੀਕੀ ਫੌਜੀਆਂ ਨੂੰ ਤਾਇਨਾਤ ਕੀਤਾ ਜਾਵੇਗਾ। ਉਨਾਂ ਕਿਹਾ ਕਿ ਆਰੰਭ ਵਿਚ 500 ਦੇ ਕਰੀਬ ਫੌਜੀ ਤਾਇਨਾਤ ਕੀਤੇ ਜਾਣਗੇ। ਅਧਿਕਾਰੀ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਟਰੰਪ ਵੱਲੋਂ ਫੌਜੀ ਵਾਪਿਸ ਬੁਲਾਉਣ ਦੀ ਫੈਸਲਾ ਅਚਾਨਕ ਲਿਆ ਗਿਆ ਸੀ ਤੇ ਉਸ ਤੋਂ ਬਾਅਦ ਅਲ-ਸ਼ਬਾਬ ਅਤਿਵਾਦੀ ਸੰਗਠਨ ਮਜ਼ਬੂਤ ਹੋਇਆ ਹੈ ਜਿਸ ਤੋਂ ਅਮਰੀਕੀਆਂ ਨੂੰ ਖਤਰਾ ਹੈ। ਇਸ ਸੰਗਠਨ ਵਿਚ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਮਰਥਾ ਹੈ। ਇਹ ਸੰਗਠਨ ਹਾਲ ਹੀ ਦੇ ਸਾਲਾਂ ਦੌਰਾਨ ਪੂਰਬੀ ਅਫਰੀਕਾ ਵਿਚ ਦਰਜਨ ਤੋਂ ਵੱਧ ਅਮਰੀਕੀਆਂ ਦੀਆਂ ਜਾਨਾਂ ਲੈ ਚੁੱਕਾ ਹੈ। ਇਸ ਗਰੁੱਪ ਨੇ 2020 ਦੇ ਸ਼ੁਰੂ ਵਿਚ ਕੀਨੀਆ ਵਿਚ ਇਕ ਫੌਜੀ ਟਿਕਾਣੇ 'ਤੇ ਹਮਲਾ ਕਰਕੇ 3 ਅਮਰੀਕੀਆਂ ਦੀ ਹੱਤਿਆ ਕਰ ਦਿੱਤੀ ਸੀ।

## ਅਮਰੀਕਾ ਵਿਚ ਗ੍ਰੀਨ ਕਾਰਡ ਸਬੰਧੀ ਅਰਜ਼ੀਆਂ ਛੇ ਮਹੀਨੇ ਵਿਚ ਨਿਪਟਾਈਆਂ ਜਾਣਗੀਆਂ

**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਇਕ ਸਲਾਹਕਾਰ ਕਮਿਸ਼ਨ ਨੇ ਗ੍ਰੀਨ ਕਾਰਡ ਜਾਂ ਪੀਆਰ (ਸਥਾਈ ਰਿਹਾਇਸ਼) ਸਬੰਧੀ ਸਾਰੀਆਂ ਅਰਜ਼ੀਆਂ ਦਾ ਨਿਪਟਾਰਾ ਛੇ ਮਹੀਨਿਆਂ ਦੇ ਅੰਦਰ ਕਰਨ ਦੀ ਸਿਫ਼ਾਰਸ਼ ਕੀਤੀ ਹੈ। ਜੇਕਰ ਇਸ ਤਜਵੀਜ਼ ਨੂੰ ਸਵੀਕਾਰ ਕੀਤਾ ਗਿਆ ਤਾਂ ਗਰੀਨ ਕਾਰਡ ਦਾ ਦਹਾਕਿਆਂ ਤੋਂ ਇੰਤਜ਼ਾਰ ਕਰ ਰਹੇ ਹਜ਼ਾਰਾਂ ਭਾਰਤੀਆਂ ਲਈ ਇਕ ਵੱਡੀ ਖ਼ੁਸ਼ਖ਼ਬਰੀ ਹੋਵੇਗੀ।

ਗਰੀਨ ਕਾਰਡ ਧਾਰਕ ਅਮਰੀਕਾ ਵਿਚ ਸਥਾਈ ਨਿਵਾਸ ਦਾ ਹੱਕਦਾਰ ਹੋ ਜਾਂਦਾ ਹੈ। ਨਵੀਂ ਇਮੀਗਰੇਸ਼ਨ ਪ੍ਰਣਾਲੀ ਨਾਲ ਉਨਾਂ ਆਈਟੀ ਪੇਸ਼ੇਵਰ ਭਾਰਤੀਆਂ ਨੂੰ ਕਾਫ਼ੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਹੜੇ ਐੱਚ-1ਬੀ ਵੀਜ਼ੇ 'ਤੇ ਨੌਕਰੀ ਕਰਨ ਲਈ ਅਮਰੀਕਾ ਦਾ ਰੁਖ਼ ਕਰਦੇ ਹਨ। ਅਮਰੀਕਾ ਨੇ ਨਵੀਂ ਇਮੀਗ੍ਰੇਸ਼ਨ ਪ੍ਰਣਾਲੀ ਤਹਿਤ ਹਰ ਦੇਸ਼ ਲਈ ਸੱਤ ਫ਼ੀਸਦੀ ਤਾ ਕੋਟਾ ਤੈਅ ਕਰ ਦਿੱਤਾ ਹੈ। ਇਸ ਨਾਲ ਭਾਰਤੀਆਂ ਨੂੰ ਗ੍ਰੀਨ ਕਾਰਡ ਹਾਸਲ ਕਰਨ ਲਈ ਲੰਬਾ ਇੰਤਜ਼ਾਰ ਕਰਨਾ ਪੈਂਦਾ ਹੈ।

ਪ੍ਰੈਜ਼ੀਡੈਂਟਸ ਐਡਵਾਇਜ਼ਰੀ ਕਮਿਸ਼ਨ ਆਨ ਏਸ਼ੀਅਨ ਅਮੇਰਿਕਨਸ, ਨੇਟਿਵ ਹਵਾਈਯਨਸ ਐਂਡ ਪੈਸਿਫਿਕਆਈਲੈਂਡਰ (ਪੀਏਸੀਏਏਐੱਨਐੱਚਪੀਆਈ) ਦੀ ਬੈਠਕ 'ਚ ਭਾਰਤੀ-ਅਮਰੀਕੀ ਫ਼ਿਰਕੇ ਦੇ ਆਗੂ ਅਜੇ ਜੈਨ ਭੁਤੋੜੀਆ ਨੇ ਇਸ ਸਬੰਧ 'ਚ ਤਜਵੀਜ਼ ਰੱਖੀ ਸੀ, ਜਿਸ ਨੂੰ ਸਾਰੇ 25 ਕਮਿਸ਼ਨਰਾਂ ਨੇ ਸਰਬ ਸੰਮਤੀ ਨਾਲ ਪਾਸ ਕਰ ਦਿੱਤਾ। ਵਾਸ਼ਿੰਗਟਨ ਵਿਚ ਹੋਈ ਇਸ ਬੈਠਕ ਦਾ ਪਿਛਲੇ ਹਫ਼ਤੇ ਸਿੱਧਾ ਪ੍ਰਸਾਰਨ ਕੀਤਾ ਗਿਆ ਸੀ।

ਗ੍ਰੀਨ ਕਾਰਡ ਦੀਆਂ ਪੈਂਡਿੰਗ ਅਰਜ਼ੀਆਂ ਦੀ ਗਿਣਤੀ ਘਟਾਉਣ ਲਈ ਕਮਿਸ਼ਨ ਨੇ ਯੂ ਐੱਸ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਸਰਵਿਸਿਜ਼ (ਯੂਐੱਸਸੀਆਈਐੱਸ) ਨੂੰ ਆਪਣੀ ਪ੍ਰਕਿਰਿਆਵਾਂ, ਪ੍ਰਣਾਲੀਆਂ ਤੇ ਨੀਤੀਆਂ ਦੀ ਸਮੀਖਿਆ ਕਰਨ ਦੀ ਸਲਾਹ ਦਿੱਤੀ ਸੀ। ਕਮਿਸ਼ਨ ਨੇ ਪ੍ਰਕਿਰਿਆਵਾਂ ਨੂੰ ਵਿਵਸਥਿਤ ਕਰ ਕੇ ਉਸਨੂੰ ਨਵੀਂ ਰੂਪਰੇਖਾ ਦੇਣ, ਗ਼ੈਰ ਜ਼ਰੂਰੀ ਪ੍ਰਕਿਰਿਆ ਖ਼ਤਮ ਕਰਨ, ਕਿਸੇ ਵੀ ਸਿਫ਼ਾਰਸ਼ ਨੂੰ ਆਧੁਨਿਕ ਬਣਾਉਣ ਤੇ ਪ੍ਰਣਾਲੀ 'ਚ ਸੁਧਾਰ ਲਿਆਉਣ ਦੀ ਸਿਫ਼ਾਰਸ਼ ਕੀਤੀ ਹੈ। ਇਨਾਂ ਸਿਫ਼ਾਰਸ਼ਾਂ ਦਾ ਮਕਸਦ ਪਰਿਵਾਰ ਆਧਾਰਤ ਗ੍ਰੀਨ ਕਾਰਡ ਅਰਜ਼ੀ ਡੈਫਰਕ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ (ਡੀਏਸੀਏ) ਨੀਤੀ ਦਾ ਨਵੀਨੀਕਰਨ, ਹੋਰ ਸਾਰੀਆਂ ਗਰੀਨ ਕਾਰਡ ਅਰਜ਼ੀਆਂ 'ਤੇ ਗੌਰ ਕਰਨ ਦੀ ਪ੍ਰਕਿਰਿਆ 'ਚ ਲੱਗਣ ਵਾਲੇ ਸਮੇਂ ਨੂੰ ਘਟਾਉਣਾ ਤੇ ਅਰਜ਼ੀ ਮਿਲਣ ਦੇ ਛੇ ਮਹੀਨੇ ਦੇ ਅੰਦਰ ਉਸਦਾ ਨਿਪਟਾਰਾ ਕਰਨਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau.
They do not purport to reflect the opinions or views of the Owner or its members.
All legal disputes must be handled in the courts of State of Punjab in India.

# ਆਪ ਸਰਕਾਰ ਬਣਾਉਣ ਲੱਗੀ ਪੰਜਾਬ ਨੂੰ ਹੋਰ ਕਰਜ਼ਾਈ

## ਕੇਂਦਰ ਤੋਂ ਮੰਗੀਆਂ ਕੇਂਦਰੀ ਸੁਰੱਖਿਆ ਬਲਾਂ ਦੀਆਂ 10 ਕੰਪਨੀਆਂ

**ਚੰਡੀਗੜ੍ਹ**-ਸਾਕਾ ਨੀਲਾ ਤਾਰਾ ਦੀ ਜੂਨ ਦੇ ਪਹਿਲੇ ਹਫ਼ਤੇ ਆ ਰਹੀ ਬਰਸੀ ਨੂੰ ਲੈ ਕੇ ਸਰਕਾਰ ਕਾਫ਼ੀ ਚਿੰਤਤ ਹੈ, ਕਿਉਂਕਿ ਮਗਰਲੇ ਕੁਝ ਦਿਨਾਂ ਤੋਂ ਖਾੜਕੂ ਤੇ ਵੱਖਵਾਦੀ ਗਤੀਵਿਧੀਆਂ ਨੂੰ ਲੈ ਕੇ ਕੇਂਦਰ ਤੇ ਸੂਬੇ ਦੀਆਂ ਖ਼ੁਫ਼ੀਆ ਏਜੰਸੀਆਂ ਵੱਲੋਂ ਘੱਲੂਘਾਰਾ ਹਫ਼ਤੇ ਨੂੰ ਸੁਰੱਖਿਆ ਪੱਖੋਂ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਬੀਤੇ ਦਿਨੀਂ ਇੰਟੈਲੀਜੈਂਸ ਹੈੱਡਕੁਆਟਰ 'ਤੇ ਹੋਏ ਹਮਲੇ ਤੇ ਵੱਖ-ਵੱਖ ਸ਼ਹਿਰਾਂ ਵਿਚ ਲੱਗੇ ਖ਼ਾਲਿਸਤਾਨ ਪੱਖੀ ਪੋਸਟਰਾਂ ਕਾਰਨ ਖ਼ੁਫ਼ੀਆ ਏਜੰਸੀਆਂ ਦਾ ਮੰਨਣਾ ਹੈ ਕਿ ਆਉਂਦੇ ਦਿਨਾਂ ਵਿਚ ਵੀ ਖਾੜਕੂ ਘਟਨਾਵਾਂ ਹੋ ਸਕਦੀਆਂ ਹਨ, ਕਿਉਂਕਿ ਮਗਰਲੇ ਸਮੇਂ ਵਿਚ ਪਾਕਿਸਤਾਨ ਤੋਂ ਆਏ ਵਿਸਫੋਟਕ ਤੇ ਹਥਿਆਰਾਂ ਦੀ ਖੇਪ ਦਾ ਵੱਡਾ ਹਿੱਸਾ ਪੁਲਿਸ ਦੀ ਪਕੜ ਵਿਚ ਨਹੀਂ ਆ ਸਕਿਆ। ਰਾਜ ਦੇ ਗ੍ਰਹਿ ਵਿਭਾਗ ਵੱਲੋਂ ਕੇਂਦਰ ਨੂੰ ਪੱਤਰ ਲਿਖ ਕੇ ਘੱਲੂਘਾਰਾ ਹਫ਼ਤੇ ਸੰਬੰਧੀ ਕੇਂਦਰੀ ਸੁਰੱਖਿਆ ਬਲਾਂ ਦੀਆਂ 10 ਕੰਪਨੀਆਂ ਦੀ ਮੰਗ ਕੀਤੀ ਗਈ ਹੈ। ਹਾਲਾਤ ਨਾਲ ਨਜਿੱਠਣ ਲਈ ਕੇਂਦਰੀ ਸੁਰੱਖਿਆ ਬਲਾਂ ਦੀ ਲਈ ਜਾ ਰਹੀ 1 ਹਜ਼ਾਰ ਦੀ ਨਫ਼ਰੀ ਤੋਂ ਸਪਸ਼ਟ ਹੈ ਕਿ ਉਸ ਨੂੰ ਆਪਣੀ ਪੁਲਿਸ ਫੋਰਸ ਦੀ ਸਮਰੱਥਾ 'ਤੇ ਇਤਬਾਰ ਨਹੀਂ ਹੈ। ਵੈਸੇ ਵੀ ਕੇਂਦਰੀ ਸੁਰੱਖਿਆ ਬਲਾਂ ਦੀਆਂ 10 ਕੰਪਨੀਆਂ ਦੀ ਤਾਇਨਾਤੀ ਲਈ ਸੂਬਾ ਸਰਕਾਰ ਨੂੰ 2-3 ਕਰੋੜ ਰੁਪਏ ਮਹੀਨਾ ਦੀ ਅਦਾਇਗੀ ਵੀ ਕਰਨੀ ਪੈਂਦੀ ਹੈ।ਜਦਕਿ ਪੰਜਾਬ ਉੱਪਰ ਤਿੰਨ ਲੱਖ ਕਰੋੜ ਦਾ ਕਰਜ਼ਾ ਹੈ।ਵਰਨਣਯੋਗ ਹੈ ਕਿ ਸੂਬਾ ਸਰਕਾਰ ਵੱਲੋਂ ਵੀ.ਆਈ.ਪੀ. ਕਲਚਰ ਖ਼ਤਮ ਕਰਨ ਤੇ ਕਈ ਸਾਬਕਾ ਮੰਤਰੀਆਂ, ਵਿਧਾਇਕਾਂ ਦੀ ਸੁਰੱਖਿਆ ਵਾਪਸ ਲੈਣ ਦੇ ਦਾਅਵਿਆਂ ਦੇ ਬਾਵਜੂਦ ਇਸ ਵੇਲੇ ਪੁਲਿਸ ਫੋਰਸ ਦਾ ਇਕ ਵੱਡਾ ਹਿੱਸਾ ਵਿਸ਼ੇਸ਼ ਵਿਅਕਤੀਆਂ ਤੇ ਸ਼ਿਵ ਸੈਨਾ ਵਰਗੀਆਂ ਅਖੌਤੀ ਦੇਸ਼ ਭਗਤਾਂ ਦੀ ਸੁਰੱਖਿਆ ਲਈ ਤਾਇਨਾਤ ਹੈ, ਜਿਸ ਦੀ ਗਿਣਤੀ 10 ਹਜ਼ਾਰ ਦੇ ਕਰੀਬ ਦੱਸੀ ਜਾਂਦੀ ਹੈ ਤੇ ਸੂਬਾ ਸਰਕਾਰ ਵੱਲੋਂ ਚੰਡੀਗੜ੍ਹ ਸਥਿਤ ਸਿਵਲ ਸਕੱਤਰੇਤ ਤੇ ਕੁਝ ਹੋਰ ਅਹਿਮ ਇਮਾਰਤਾਂ ਲਈ ਵੀ ਕੇਂਦਰੀ ਸੁਰੱਖਿਆ ਬਲ ਤਾਇਨਾਤ ਰੱਖੇ ਹੋਏ ਹਨ ਤੇ ਸੂਬੇ ਵਿਚਲੀ ਹਰ ਅਮਨ ਕਾਨੂੰਨ ਦੀ ਸਥਿਤੀ ਲਈ ਕੇਂਦਰੀ ਸੁਰੱਖਿਆ ਬਲਾਂ ਦੀ ਨਫ਼ਰੀ ਮੰਗੀ ਜਾਂਦੀ ਹੈ। ਚੰਡੀਗੜ੍ਹ ਸਿਵਲ ਸਕੱਤਰੇਤ ਲਈ ਤਾਇਨਾਤ ਕੇਂਦਰੀ ਬਲਾਂ ਨੂੰ ਸਾਲਾਨਾ 35-40 ਕਰੋੜ ਦੀ ਅਦਾਇਗੀ ਹੋ ਰਹੀ ਹੈ।

# ਮਾਮਲਾ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ

## ✪ ਸ਼੍ਰੋਮਣੀ ਕਮੇਟੀ ਵੱਲੋਂ ਕਾਮੇਡੀਅਨ ਭਾਰਤੀ ਸਿੰਘ ਖ਼ਿਲਾਫ਼ ਸ਼ਿਕਾਇਤ ✪ ਭਾਰਤੀ ਨੂੰ ਪੇਸ਼ ਹੋਣ ਲਈ ਪੁਲਿਸ ਭੇਜੇਗੀ ਨੋਟਿਸ✪ ਗੁਰੂ ਰਵਿਦਾਸ ਟਾਈਗਰ ਫੋਰਸ ਸਿੱਖਾਂ ਦੇ ਹੱਕ ਵਿਚ ਡਟੀ

**ਅੰਮ੍ਰਿਤਸਰ**; ਹਾਸਰਸ ਕਲਾਕਾਰ ਭਾਰਤੀ ਸਿੰਘ ਵੱਲੋਂ ਸਿੱਖਾਂ ਖ਼ਿਲਾਫ਼ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਬੀਤੇ ਦਿਨੀਂ ਉਸ ਖ਼ਿਲਾਫ਼ ਪੁਲੀਸ ਕੋਲ ਸ਼ਿਕਾਇਤ ਦਰਜ ਕਰਾਈ ਹੈ। ਇਹ ਸ਼ਿਕਾਇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਸੰਸਥਾ ਦੇ ਸਕੱਤਰ ਵੱਲੋਂ ਦਰਜ ਕਰਾਈ ਗਈ ਹੈ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੇ ਇਕ ਵਫ਼ਦ ਨੇ ਪੁਲੀਸ ਦੇ ਡਿਪਟੀ ਕਮਿਸ਼ਨਰ ਕੋਲ ਇਹ ਸ਼ਿਕਾਇਤ ਪੱਤਰ ਦਿੱਤਾ ਹੈ। ਸ਼ਿਕਾਇਤ ਪੱਤਰ ਵਿਚ ਅਦਾਕਾਰਾ ਭਾਰਤੀ ਸਿੰਘ ਵੱਲੋਂ ਕੀਤੀਆਂ ਗਈਆਂ ਇਤਰਾਜ਼ਯੋਗ ਟਿੱਪਣੀਆਂ ਦਾ ਹਵਾਲਾ ਦਿੰਦਿਆਂ ਉਸ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਭਾਰਤੀ ਸਿੰਘ ਵੱਲੋਂ ਸਿੱਖਾਂ ਦੀ ਦਾੜ੍ਹੀ ਅਤੇ ਮੁੱਛਾਂ ਨੂੰ ਲੈ ਕੇ ਇਤਰਾਜ਼ਯੋਗ ਟਿੱਪਣੀ ਕੀਤੀ ਗਈ ਸੀ। ਭਾਵੇਂ ਉਸ ਨੇ ਸੋਸ਼ਲ ਮੀਡੀਆ 'ਤੇ ਜਨਤਕ ਤੌਰ 'ਤੇ ਸਿੱਖ ਭਾਈਚਾਰੇ ਕੋਲੋਂ ਮੁਆਫ਼ੀ ਮੰਗ ਲਈ ਹੈ ਪਰ ਸਿੱਖ ਜਥੇਬੰਦੀਆਂ ਵੱਲੋਂ ਉਸ ਦੀ ਇਸ ਟਿੱਪਣੀ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਮਾਮਲੇ ਨੂੰ ਲੈ ਕੇ ਇਸਤਰੀ ਅਕਾਲੀ ਦਲ ਵੱਲੋਂ ਭਾਰਤੀ ਸਿੰਘ ਦੇ ਅੰਮ੍ਰਿਤਸਰ ਸਥਿਤ ਘਰ ਦੇ ਬਾਹਰ ਰੋਸ ਵਿਖਾਵਾ ਵੀ ਕੀਤਾ ਗਿਆ।

ਗ਼ਲਤ ਟਿੱਪਣੀ ਕਰਕੇ ਕਾਮੇਡੀਅਨ ਭਾਰਤੀ ਸਿੰਘ ਖ਼ਿਲਾਫ਼ ਅੰਮ੍ਰਿਤਸਰ 'ਚ ਪੁਲਿਸ ਵੱਲੋਂ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ਾਂ ਦਾ ਪਰਚਾ ਦਰਜ ਕਰਨ ਉਪਰੰਤ ਉਸ ਨੂੰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਪੱਖ ਪੇਸ਼ ਕਰਨ



ਲਈ ਪੁਲਿਸ ਨੋਟਿਸ ਭੇਜ ਰਹੀ ਹੈ। ਭਾਵੇਂ ਕਿ ਭਾਰਤੀ ਸਿੰਘ ਨੇ ਬੀਤੇ ਦਿਨ ਹੀ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਮੁਆਫ਼ੀ ਮੰਗ ਲਈ ਸੀ ਪਰ ਸ਼ਿਕਾਇਤਕਰਤਾ ਧਿਰ ਉਸਦੀ ਮੁਆਫ਼ੀ ਨਾਲ ਸਹਿਮਤ ਨਹੀਂ ਹੈ। ਇਹ ਮਾਮਲਾ ਇੱਥੇ ਥਾਣਾ ਕੋਤਵਾਲੀ ਦੀ ਪੁਲਿਸ ਕੋਲ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪ੍ਰਤਾਪ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਜਿਸ ਨੇ ਦੱਸਿਆ ਕਿ ਭਾਰਤੀ ਸਿੰਘ ਵੱਲੋਂ ਕੀਤੀਆਂ ਟਿੱਪਣੀਆਂ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਇਸ ਸੰਬੰਧੀ ਪੁਲਿਸ ਵੱਲੋਂ ਭਾਰਤੀ ਸਿੰਘ ਖ਼ਿਲਾਫ਼ ਧਾਰਾ 295-ਏ ਤਹਿਤ ਪਰਚਾ ਦਰਜ ਕੀਤਾ ਗਿਆ ਹੈ।ਥਾਣਾ ਕੋਤਵਾਲੀ ਦੇ ਮੁਖੀ ਇੰਸਪੈਕਟਰ ਸੁਖਜਿੰਦਰ ਸਿੰਘ ਨੇ ਕਿਹਾ ਕਿ ਭਾਰਤੀ ਸਿੰਘ ਨੂੰ ਪੇਸ਼ ਹੋਣ ਲਈ ਨੋਟਿਸ ਭੇਜਿਆ ਜਾਵੇਗਾ ਤੇ ਇਸ ਮਾਮਲੇ 'ਚ ਜਵਾਬ ਤਲਬੀ ਕੀਤੀ ਜਾਵੇਗੀ।

**ਭਾਰਤੀ ਸਿੰਘ ਖ਼ਿਲਾਫ਼ ਆਦਮਪੁਰ ਥਾਣੇ ਵਿਚ ਪਰਚਾ ਦਰਜ**

ਆਦਮਪੁਰ ਥਾਣੇ ਵਿਚ ਕਾਮੇਡੀਅਨ ਭਾਰਤੀ ਸਿੰਘ ਖ਼ਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਪਰਚਾ ਦਰਜ ਕੀਤਾ ਗਿਆ ਹੈ। ਬਾਬਾ ਲਖਵੀਰ ਸਿੰਘ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਅਤੇ ਜੱਸੀ ਤੱਲਣ ਪੰਜਾਬ ਪ੍ਰਧਾਨ ਗੁਰੂ ਰਵਿਦਾਸ ਟਾਈਗਰ ਫੋਰਸ ਨੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਸਿੱਖੀ ਸਿਧਾਂਤ ਦੀ ਉਲੰਘਣਾ ਕਰਨ 'ਤੇ ਭਾਰਤੀ ਸਿੰਘ ਖ਼ਿਲਾਫ਼ ਪਰਚਾ ਦਰਜ ਕਰਵਾਇਆ। ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਭਾਰਤੀ ਸਿੰਘ ਵੱਲੋਂ ਵਰਤੀ ਗ਼ਲਤ ਸ਼ਬਦਾਵਲੀ ਨਾਲ ਸਮੂਹ ਸਿੱਖ ਸਮਾਜ ਦੇ ਮਨਾਂ ਨੂੰ ਬਹੁਤ ਠੇਸ ਪੁੱਜੀ ਹੈ ਅਤੇ ਸਮਾਜ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਸ ਲਈ ਭਾਰਤੀ ਸਿੰਘ 'ਤੇ ਮੁਕੱਦਮਾ ਦਰਜ ਕੀਤਾ ਜਾਵੇ ਤਾਂ ਜੋ ਭਵਿੱਖ ਵਿਖੇ ਕੋਈ ਵੀ ਕਲਾਕਾਰ ਸਿੱਖੀ ਸਿਧਾਂਤ ਅਤੇ ਸਿੱਖਾਂ ਪ੍ਰਤੀ ਗ਼ਲਤ ਸ਼ਬਦਾਵਲੀ ਨਾ ਵਰਤੇ। ਜਿਸ ਦੇ ਚੱਲਦਿਆਂ ਆਦਮਪੁਰ ਥਾਣੇ ਵਿਚ ਭਾਰਤੀ ਸਿੰਘ ਖ਼ਿਲਾਫ਼ ਧਾਰਾ 295 ਏ ਤਹਿਤ ਪਰਚਾ ਦਰਜ ਕੀਤਾ ਗਿਆ ਹੈ।

# ਬੇਅਦਬੀ ਕਾਂਡ ਵਿਚ ਸੌਦਾ ਸਾਧ ਨੂੰ ਦੋ ਮਾਮਲਿਆਂ ਵਿੱਚ ਜ਼ਮਾਨਤ ਮਿਲੀ

## ਬਹਿਬਲ ਗੋਲੀ ਕਾਂਡ ਵਿਚ ਸੈਣੀ ਤੇ ਉਮਰਾਨੰਗਲ ਅਦਾਲਤ ਸਾਹਮਣੇ ਪੇਸ਼ ਨਾ ਹੋਏ

**ਫ਼ਰੀਦਕੋਟ/ਏ.ਟੀ.ਨਿਊਜ਼** :- ਬੇਅਦਬੀ ਕਾਂਡ ਵਿੱਚ ਸਾਜ਼ਿਸ਼ਕਾਰ ਵਜੋਂ ਮੁਲਜ਼ਮ ਨਾਮਜ਼ਦ ਕੀਤੇ ਗਏ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਨੇ ਚੱਲਦੇ ਮੁਕੱਦਮੇ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਵਿਸ਼ੇਸ਼ ਜਾਂਚ ਟੀਮ ਡੇਰਾ ਮੁਖੀ ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ, ਇਸ ਦੇ ਪੱਤਰੇ ਗਲੀਆਂ ਵਿੱਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿੱਚ ਮੁੱਖ ਸਾਜ਼ਿਸ਼ਕਾਰ ਵਜੋਂ ਨਾਮਜ਼ਦ ਕਰ ਚੁੱਕੀ ਹੈ ਅਤੇ ਇਨ੍ਹਾਂ ਤਿੰਨਾਂ ਮੁਕੱਦਮਿਆਂ ਵਿੱਚ ਚਲਾਨ ਵੀ ਅਦਾਲਤ ਵਿੱਚ ਪੇਸ਼ ਹੋ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਮਾਮਲੇ ਵਿੱਚ ਡੇਰਾ ਮੁਖੀ ਨੂੰ ਪਹਿਲਾਂ ਹੀ ਜ਼ਮਾਨਤ ਮਿਲ ਗਈ ਸੀ। ਅਦਾਲਤ ਨੇ ਇਤਰਾਜ਼ਯੋਗ ਪੋਸਟਰ ਲਗਵਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਗਲੀਆਂ ਵਿੱਚ ਖਿਲਾਰਨ ਦੇ ਮਾਮਲੇ ਵਿੱਚ ਵੀ ਚੱਲਦੇ ਮੁਕੱਦਮੇ ਤੱਕ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਆਪਣੇ ਹੁਕਮ ਵਿੱਚ ਡੇਰਾ ਮੁਖੀ



ਨੂੰ ਸ਼ਰਤਾਂ ਤਹਿਤ ਜ਼ਮਾਨਤ ਦਿੰਦਿਆਂ ਕਿਹਾ ਕਿ ਉਹ ਜੇਕਰ ਜ਼ਮਾਨਤ 'ਤੇ ਜੇਲ ਵਿੱਚੋਂ ਬਾਹਰ ਆਉਂਦਾ ਹੈ ਤਾਂ ਕਿਸੇ ਵੀ ਤਰ੍ਹਾਂ ਮਾਮਲੇ ਦੀ ਸੁਣਵਾਈ ਨੂੰ ਪ੍ਰਭਾਵਿਤ ਨਹੀਂ ਕਰੇਗਾ ਅਤੇ ਬਿਨਾਂ ਆਗਿਆ ਵਿਦੇਸ਼ ਨਹੀਂ ਜਾ ਸਕਦਾ। ਅਦਾਲਤ ਨੇ ਡੇਰਾ ਮੁਖੀ ਨੂੰ ਲੋੜ ਪੈਣ 'ਤੇ ਜਾਂਚ ਟੀਮ ਸਾਹਮਣੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਹਨ। ਜਾਂਚ ਟੀਮ ਨੇ ਡੇਰਾ ਮੁਖੀ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਜੇਕਰ ਡੇਰਾ ਮੁਖੀ ਨੂੰ ਇਨ੍ਹਾਂ ਮਾਮਲਿਆਂ ਵਿੱਚ ਜ਼ਮਾਨਤ ਮਿਲਦੀ ਹੈ ਤਾਂ ਉਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਇਸੇ ਤਰ੍ਹਾਂ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਹੋਈ। ਸੁਣਵਾਈ ਦੌਰਾਨ ਸਾਬਕਾ ਡੀਜੀਪੀ ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 4 ਜੂਨ ਤੱਕ ਮੁਲਤਵੀ ਕਰਦਿਆਂ ਮੁਲਜ਼ਮਾਂ ਨੂੰ ਹਦਾਇਤ ਕੀਤੀ ਕਿ ਉਹ ਅਗਲੀ ਤਾਰੀਕ 'ਤੇ ਅਦਾਲਤ ਵਿੱਚ ਪੇਸ਼ ਹੋਣ ਤਾਂ ਕਿ ਮੁਕੱਦਮੇ ਦੀ ਸੁਣਵਾਈ ਬਕਾਇਦਾ ਤੌਰ 'ਤੇ ਸ਼ੁਰੂ ਹੋ ਸਕੇ।

# ਗਾਇਕ ਅਵਤਾਰ ਗਰੇਵਾਲ ਦਾ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਗੀਤ 'ਸ਼ਹੀਦੀ' ਰਿਲੀਜ਼




**ਫਰਿਜ਼ਨੋ, ਕੈਲੀਫੋਰਨੀਆਂ** (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ): ਕੈਲੀਫੋਰਨੀਆਂ ਵਿੱਚ ਰਹਿੰਦਿਆਂ ਪਿਛਲੇ ਕਈ ਲੰਮੇ ਅਰਸੇ ਤੋਂ ਪੰਜਾਬੀ ਸੱਭਿਆਚਾਰਕ ਗਾਇਕੀ ਨਾਲ ਜੁੜੇ ਗਾਇਕ ਅਵਤਾਰ ਗਰੇਵਾਲ ਦਾ ਗੀਤ 'ਸ਼ਹੀਦੀ' ਰਿਲੀਜ਼ ਕੀਤਾ ਗਿਆ। ਇਹ ਗੀਤ ਭਾਰਤ ਦੀ ਅਜ਼ਾਦੀ ਤੋਂ ਲੈ ਕੇ ਹੁਣ ਤੱਕ ਕਿਰਸਾਨੀ ਸੰਘਰਸ਼ ਦੌਰਾਨ ਹੋਏ ਸਮੂਹ ਸ਼ਹੀਦਾਂ ਦੀ ਯਾਦ ਨੂੰ ਬਤੌਰ ਸ਼ਰਧਾਂਜ਼ਲੀ ਸਮਰਪਤ ਹੈ। ਜਿਸ ਵਿੱਚ ਸ਼ਹੀਦਾ ਦੇ ਜਜ਼ਬੇ ਨੂੰ ਸਿਜਦਾ ਕਰਦੇ ਹੋਏ, ਅਜੋਕੇ ਲੀਡਰਾਂ ਦੀਆਂ ਸਵਾਰਥੀ ਨੀਤੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਗੀਤ ਦੇ ਗੀਤਕਾਰ ਸਵਰਗਵਾਸੀ ਜਸਪਾਲ ਸਿੰਘ ਢੇਸੀ ਹਨ। ਜਦ ਕਿ ਸੰਗੀਤ ਬੀ. ਬੁਆਇ ਅਤੇ ਟੀਮ ਨੇ ਦਿੱਤਾ ਹੈ। ਇਸ ਗੀਤ ਨੂੰ 'ਧਾਲੀਆਂ ਅਤੇ ਮਾਛੀਕੇ ਮੀਡੀਆ' ਅਮਰੀਕਾ ਵੱਲੋਂ ਰਿਲੀਜ਼ ਕੀਤਾ ਗਿਆ ਹੈ ਜੋ ਦੇਸ਼ ਭਗਤੀ ਦੇ ਗੀਤਾਂ ਦੀ ਕਤਾਰ ਵਿੱਚ ਆਪਣੀ ਪਹਿਚਾਣ ਆਪ ਬਣਾ ਰਿਹਾ ਹੈ। ਉਮੀਦ ਕਰਦੇ ਹਾਂ ਕਿ ਅਵਤਾਰ ਗਰੇਵਾਲ ਇਸੇ ਤਰਾਂ ਸਾਫ-ਸੁਥਰੇ ਗੀਤਾਂ ਰਾਹੀ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰ ਦੀ ਸੇਵਾ ਕਰਦਾ ਰਹੇਗਾ।

# ਲੁਧਿਆਣਾ ਵਿਚ 'ਮੁਸਲਿਮ ਗਰਲਜ਼ ਕਾਲਜ ਖੁੱਲ੍ਹੇਗਾ', ਲੋੜਵੰਦ ਧੀਆਂ ਨੂੰ ਮੁਫ਼ਤ ਦਿੱਤੀ ਜਾਵੇਗੀ ਸਿੱਖਿਆ



**ਲੁਧਿਆਣਾ** : ਸ਼ਹਿਰ ਦੀ ਇਤਿਹਾਸਕ ਜਾਮਾ ਮਸਜਿਦ ਵਿਚ ਬੀਤੀ ਰਾਤ ਬੁਲਾਈ ਗਈ ਵੱਖ-ਵੱਖ ਮਸਜਿਦਾਂ ਦੇ ਪ੍ਰਧਾਨ ਸਾਹਿਬਾਨ, ਇਮਾਮ ਸਾਹਿਬਾਨ ਅਤੇ ਸਮਾਜਿਕ ਸੰਗਠਨਾਂ ਦੇ ਜ਼ਿੰਮੇਵਾਰਾਂ ਦੀ ਮੀਟਿੰਗ ਵਿਚ ਇੱਕ ਇਤਿਹਾਸਕ ਫ਼ੈਸਲਾ ਲਿਆ ਗਿਆ। ਇਸ ਦੌਰਾਨ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨ ਲੁਧਿਆਣਵੀ ਨੇ ਐਲਾਨ ਕੀਤਾ ਕਿ ਲੁਧਿਆਣਾ ਦੇ ਮੁਸਲਮਾਨ ਸਮਾਜ ਵੱਲੋਂ ਦੇਸ਼ ਦੀਆਂ ਧੀਆਂ ਲਈ ਜਲਦੀ ਹੀ ਲੁਧਿਆਣਾ ਵਿਚ ਹਬੀਬ ਗਰਲਜ਼ ਕਾਲਜ ਦੀ ਸਥਾਪਨਾ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਕਾਲਜ ਮਰਹੂਮ ਸ਼ਾਹੀ ਇਮਾਮ ਪੰਜਾਬ ਮੌਲਾਨਾ ਹਬੀਬ ਉਰ ਰਹਿਮਾਨ ਸਾਨੀ ਲੁਧਿਆਣਵੀ ਦਾ ਸੁਫ਼ਨਾ ਸੀ, ਇਸ ਲਈ ਇਹ ਸੰਸਥਾਨ ਉਨ੍ਹਾਂ ਨੂੰ ਹੀ ਸਮਰਪਿਤ ਕੀਤਾ ਗਿਆ ਹੈ।ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨ ਲੁਧਿਆਣਵੀ ਨੇ ਇਸ ਵਿਸ਼ੇ 'ਚ ਬੁਲਾਏ ਗਏ ਪੱਤਰਕਾਰ ਸੰਮੇਲਨ ਵਿਚ ਕਿਹਾ ਕਿ ਲੁਧਿਆਣਾ 'ਚ ਬਣਾਉਣ ਜਾ ਰਹੇ ਹਬੀਬ ਗਰਲਜ਼ ਕਾਲਜ ਲਈ ਜਗ੍ਹਾ ਲੈ ਲਈ ਗਈ ਹੈ ਅਤੇ ਜਲਦੀ ਹੀ ਕੈਂਪਸ ਦਾ ਡਿਜ਼ਾਇਨ ਫਾਈਨਲ ਹੁੰਦੇ ਹੀ ਕਾਲਜ ਬਣਨਾ ਸ਼ੁਰੂ ਹੋ ਜਾਵੇਗਾ। ਕਾਲਜ ਦਾ ਸਥਾਪਨਾ ਸਮਾਰੋਹ 10 ਸਤੰਬਰ ਨੂੰ ਆਯੋਜਿਤ ਕੀਤਾ ਜਾਵੇਗਾ। ਸ਼ਾਹੀ ਇਮਾਮ ਨੇ ਕਿਹਾ ਕਿ ਇਹ ਜਨਰਲ ਕਾਲਜ ਹੋਵੇਗਾ, ਇਸ ਵਿਚ ਸਰਵ ਧਰਮ ਦੀਆਂ ਲੋੜਵੰਦ ਧੀਆਂ ਨੂੰ ਮੁਫ਼ਤ ਵਿਚ ਸਿੱਖਿਆ ਵੀ ਦਿੱਤੀ ਜਾਵੇਗੀ। ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਲੁਧਿਆਣਵੀ ਨੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਇਸ ਕਾਲਜ 'ਚ ਮੁਸਲਮਾਨ ਧੀਆਂ ਹਿਜਾਬ, ਸਿੱਖ ਧੀਆਂ ਦਸਤਾਰ ਅਤੇ ਹਿੰਦੂ ਧੀਆਂ ਨੂੰ ਤਿਲਕ ਲਾ ਕੇ ਪੜਨ ਦੀ ਆਜ਼ਾਦੀ ਹੋਵੇਗੀ, ਕਿਸੇ ਵੀ ਧੀ 'ਤੇ ਪਹਿਰਾਵੇ ਨੂੰ ਲੈ ਕੇ ਕੋਈ ਰੋਕ ਨਹੀਂ ਲਗਾਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਹਬੀਬ ਗਰਲਜ਼ ਕਾਲਜ 'ਚ ਐੱਮ. ਏ, ਬੀ. ਏ, ਸਹਿਤ ਸਾਰੇ ਡਿਗਰੀ ਕੋਰਸ ਕਰਵਾਏ ਜਾਣਗੇ। ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨ ਲੁਧਿਆਣਵੀ ਨੇ ਕਿਹਾ ਕਿ ਇਸ ਕਾਲਜ ਦੀ ਸ਼ਾਨਦਾਰ ਇਮਾਰਤ ਨੂੰ ਬਣਾਉਣ ਲਈ ਸ਼ਹਿਰ ਅਤੇ ਸੂਬੇ ਦੀਆਂ ਸਾਰੀਆਂ ਮਸਜਿਦਾਂ ਦੇ ਨਮਾਜ਼ੀ ਯੋਗਦਾਨ ਦੇਣਗੇ। ਇਸ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਹਿਰਾਰ ਫਾਊਂਡੇਸ਼ਨ (ਐਨ. ਜੀ. ਓ.) ਦੀ ਸਥਾਪਨਾ ਕਰ ਦਿੱਤੀ ਗਈ ਹੈ।ਸ਼ਾਹੀ ਇਮਾਮ ਨੇ ਦੱਸਿਆ ਕਿ ਹਬੀਬ ਗਰਲਜ਼ ਕਾਲਜ ਦੇ ਮਾਰਗ ਦਰਸ਼ਨ ਲਈ ਬੁੱਧੀ ਜੀਵੀਆਂ ਉਦਯੋਗਪਤੀਆਂ, ਨੌਕਰਸ਼ਾਹੀ ਅਤੇ ਧਾਰਮਿਕ ਵਿਦਵਾਨਾਂ 'ਤੇ ਆਧਾਰਿਤ ਐਡਵਾਈਜ਼ਰੀ ਬੋਰਡ ਬਣਾਇਆ ਜਾ ਰਿਹਾ ਹੈ। ਸ਼ਾਹੀ ਇਮਾਮ ਨੇ ਦੱਸਿਆ ਕਾਲਜ ਦਾ ਹੋਸਟਲ ਨਾਲ ਹੀ ਬਣੇਗਾ ਤਾਂ ਜੋ ਪੰਜਾਬ ਦੇ ਸਾਰੇ ਸ਼ਹਿਰਾਂ ਤੋਂ ਘੱਟ ਗਿਣਤੀ ਵਰਗ ਦੀਆਂ ਧੀਆਂ ਇੱਥੇ ਰਹਿ ਕੇ ਸਿੱਖਿਆ ਹਾਸਲ ਕਰ ਸਕਣ।

# ਬੰਦੀ ਸਿੱਖਾਂ ਦੀ ਰਿਹਾਈ ਵਾਲੀ 'ਜਾਗਰੂਕਤਾ ਰੈਲੀ' ਪ੍ਰਸ਼ਾਸਨ ਨੇ ਰੋਕੀ

**ਨਵੀਂ ਦਿੱਲੀ/ਏ.ਟੀ.ਨਿਊਜ਼ :-** ਭਾਈ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ ਦਿੱਲੀ ਤੋਂ ਪੰਜਾਬ ਤਬਦੀਲ ਕਰਨ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਵਾਸਤੇ ਲੋਕਾਂ ਨੂੰ ਜਾਗਰੂਕ ਕਰਨ ਲਈ 15 ਮਈ ਨੂੰ ਕੱਢੀ ਜਾਣ ਵਾਲੀ 'ਜਾਗਰੂਕਤਾ ਰੈਲੀ' ਨੂੰ ਰੱਦ ਕਰ ਦਿੱਤਾ ਗਿਆ ਹੈ । 'ਸਿਆਸੀ ਸਿੱਖ ਕੈਦੀ ਰਿਹਾਈ ਮੋਰਚਾ' ਦੇ ਅਹੁਦੇਦਾਰ ਸਾਬਕਾ ਵਿਧਾਇਕ ਅਵਤਾਰ ਸਿੰਘ ਕਾਲਕਾ ਤੇ ਭਾਈ ਦਲਜੀਤ ਸਿੰਘ ਨੇ ਪ੍ਰੈਸ ਕਾਨਫ਼ਰੰਸ ਦੌਰਾਨ ਦੱਸਿਆ ਕਿ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਫਤਹਿ ਨਗਰ ਤੋਂ ਗੁਰਦੁਆਰਾ ਰਕਾਬਗੰਜ ਸਾਹਿਬ ਤੱਕ ਸ਼ਾਂਤੀਪੂਰਵਕ ਤਰੀਕੇ ਨਾਲ ਕੱਢੀ ਜਾਣ ਵਾਲੀ ਰੈਲੀ 'ਤੇ ਪ੍ਰਸ਼ਾਸਨ ਵਲੋਂ ਰੋਕ ਲਗਾਏ ਜਾਣ ਕਾਰਨ ਫਿਲਹਾਲ ਇਸ ਰੈਲੀ ਨੂੰ ਰੱਦ ਕਰ ਦਿੱਤਾ ਗਿਆ ਹੈ। ਹਾਲਾਂਕਿ ਉਨਾਂ ਇਹ ਵੀ ਕਿਹਾ ਕਿ ਨੇੜਲੇ ਭਵਿੱਖ ਵਿਚ ਇਸ ਰੈਲੀ ਨੂੰ ਕੱਢਣ ਵਾਸਤੇ



ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਰੈਲੀ 'ਤੇ ਰੋਕ ਲਾਉਣ ਦੇ ਪ੍ਰਸ਼ਾਸਨ ਦੇ ਫੈਸਲੇ ਨੂੰ ਸਿੱਖਾਂ ਨਾਲ ਵਧੀਕੀ ਤੇ ਧੱਕੇਸ਼ਾਹੀ ਕਰਾਰ ਦਿੰਦਿਆਂ ਸ. ਕਾਲਕਾ ਤੇ ਦਲਜੀਤ ਸਿੰਘ ਨੇ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਦੀ ਪ੍ਰਬੰਧਕ ਕਮੇਟੀ ਸਮੇਤ ਹੋਰਨਾਂ ਕਈ ਸਿੱਖ ਆਗੂਆਂ ਦੇ ਕਿਰਦਾਰ ਨੂੰ ਸਵਾਲਾਂ ਦੇ ਕਟਹਿਰੇ ਵਿਚ ਖੜਾ ਕੀਤਾ। ਉਨਾਂ ਕਿਹਾ ਕਿ ਪ੍ਰਸ਼ਾਸਨ ਸਿੱਖਾਂ ਨੂੰ ਆਪਣੀ ਬੇਇਨਸਾਫੀ ਬਾਰੇ ਆਵਾਜ਼ ਚੁੱਕਣ ਤੋਂ ਵੀ ਰੋਕਣਾ ਚਾਹੁੰਦੈ। ਉਕਤ ਦੋਵੇਂ ਅਹੁਦੇਦਾਰਾਂ ਨੇ ਪੁੱਛਿਆ ਕਿ ਆਖਰ ਦੇਸ਼ ਅੰਦਰ ਸਿੱਖਾਂ ਨਾਲ ਬੇਇਨਸਾਫੀ ਭਰਿਆ ਨਫਰਤੀ ਵਤੀਰਾ ਕਦੋਂ ਤੱਕ ਅਪਣਾਇਆ ਜਾਂਦਾ ਰਹੇਗਾ? ਕਾਨਫ਼ਰੰਸ ਦੇ ਆਖਰ ਵਿਚ ਭਾਈ ਦਲਜੀਤ ਸਿੰਘ ਨੇ ਦੱਸਿਆ ਕਿ ਉਹ ਛੇਤੀ ਹੀ ਕੌਮੀ ਘੱਟਗਿਣਤੀ ਕਮਿਸ਼ਨ ਦੇ ਮੈਂਬਰ ਇਕਬਾਲ ਸਿੰਘ ਲਾਲਪੁਰਾ ਨਾਲ ਮੁਲਾਕਾਤ ਕਰ ਕੇ ਇਸ ਜਾਗਰੂਕਤਾ ਰੈਲੀ ਦੀ ਇਜਾਜ਼ਤ ਦਿਵਾਉਣ ਦੀ ਮੰਗ ਕਰਨਗੇ।

# ਮਾਮਲਾ ਹਿਮਾਚਲ ਵਿਧਾਨ ਸਭਾ ਗੇਟ ਦੇ ਬਾਹਰ ਖਾਲਿਸਤਾਨੀ ਝੰਡੇ ਲਗਾਉਣ ਦਾ

**ਧਰਮਸ਼ਾਲਾ/ਏ.ਟੀ.ਨਿਊਜ਼ :-** ਹਿਮਾਚਲ ਪ੍ਰਦੇਸ਼ ਵਿਚ ਖਾਲਿਸਤਾਨੀ ਝੰਡਾ ਲਾਉਣ ਵਾਲੇ ਇੱਕ ਹੋਰ ਦੋਸ਼ੀ ਨੂੰ ਪੰਜਾਬ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਖੁਦ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਪੰਜਾਬ ਦੇ ਹਰਵੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ ਲੰਘੇ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤੇ ਗਏ ਦੂਜੇ ਦੋਸ਼ੀ ਦੀ ਪਛਾਣ ਵਨੀਤ ਸਿੰਘ ਵਜੋਂ ਹੋਈ ਹੈ। ਰੂਪਨਗਰ ਦੇ ਐਸਐਸਪੀ ਡਾਕਟਰ ਸੰਦੀਪ ਗਰਗ ਨੇ ਕਿਹਾ, 'ਹਿਮਾਚਲ ਪ੍ਰਦੇਸ਼ ਪੁਲਿਸ ਨਾਲ ਸਾਂਝੇ ਤੌਰ 'ਤੇ ਛਾਪੇਮਾਰੀ ਦੌਰਾਨ ਅਸੀਂ ਧਰਮਸ਼ਾਲਾ ਵਿੱਚ ਹਿਮਾਚਲ ਵਿਧਾਨ ਸਭਾ ਦੀ ਕੰਧ 'ਤੇ ਖਾਲਿਸਤਾਨ ਪੱਖੀ ਝੰਡੇ ਅਤੇ ਨਾਅਰੇ ਲਿਖਣ ਦੇ ਦੋਸ਼ ਵਿੱਚ ਮੋਰਿੰਡਾ ਦੇ ਇੱਕ ਨਿਵਾਸੀ ਨੂੰ ਗ੍ਰਿਫਤਾਰ ਕੀਤਾ ਹੈ।'
ਉਨਾਂ ਨੇ ਅੱਗੇ ਕਿਹਾ, ਪੁੱਛਗਿੱਛ ਦੌਰਾਨ, ਦੋਸ਼ੀ ਨੇ ਇਹ ਵੀ ਮੰਨਿਆ ਕਿ ਉਨਾਂ ਨੇ ਆਪਣੇ ਸਾਥੀ ਨਾਲ ਮਿਲ ਕੇ 13 ਅਪ੍ਰੈਲ ਨੂੰ ਰੋਪੜ, ਪੰਜਾਬ ਵਿੱਚ ਸਾਡੇ ਦਫਤਰ (ਮਿੰਨੀ ਸਕੱਤਰੇਤ ਕੰਪਲੈਕਸ) ਦੇ ਬਾਹਰ ਖਾਲਿਸਤਾਨ ਦੇ ਬੈਨਰ ਲਗਾਏ ਸੀ। ਮੁਲਜ਼ਮਾਂ ਨੂੰ ਹਿਮਾਚਲ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਰੋਪੜ ਪੁਲਿਸ ਮੁਲਜ਼ਮਾਂ ਨੂੰ ਪ੍ਰੋਟੈਕਸ਼ਨ ਵਾਰੰਟ 'ਤੇ ਵਾਪਸ ਲਿਆਵੇਗੀ। ਇਸ ਦੇ ਨਾਲ ਹੀ ਉਸ ਦੇ ਦੂਜੇ ਸਾਥੀ ਦੀ ਪਛਾਣ ਕਰ ਲਈ ਗਈ ਹੈ ਅਤੇ ਜਲਦੀ ਹੀ ਉਸ ਨੂੰ ਕਾਬੂ ਕਰ ਲਿਆ ਜਾਵੇਗਾ।
ਇਸ ਤੋਂ ਪਹਿਲਾਂ ਬੀਤੇ ਬੁੱਧਵਾਰ ਨੂੰ ਹਿਮਾਚਲ ਪ੍ਰਦੇਸ਼ ਦੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਨੇ ਇਸ ਘਟਨਾ ਦੇ ਸਬੰਧ ਵਿੱਚ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਘਟਨਾ ਤੋਂ ਬਾਅਦ ਹਿਮਾਚਲ ਪ੍ਰਦੇਸ਼ ਪੁਲਿਸ ਨੇ ਸਿੱਖ ਫਾਰ ਜਸਟਿਸ (ਐਸਜੇਐਫ) ਦੇ ਆਗੂ ਗੁਰਪਤਵੰਤ ਸਿੰਘ ਪੰਨੂ ਖ਼ਿਲਾਫ਼ ਕੇਸ ਦਰਜ ਕੀਤਾ ਸੀ।

# ਮਾਮਲਾ ਬਾਰਵੀਂ ਜਮਾਤ ਲਈ ਸਿੱਖਿਆ ਬੋਰਡ ਦੀਆਂ ਪਾਬੰਦੀਸ਼ੁਦਾ ਇਤਿਹਾਸ ਲਿਖਣ ਦਾ

## ਵਿਵਾਦਿਤ ਪੁਸਤਕਾਂ ਦੇ ਮਾਮਲੇ ਵਿਚ ਤਿੰਨ ਲੇਖਕਾਂ ਖ਼ਿਲਾਫ਼ ਕੇਸ ਦਰਜ

**ਐੱਸ.ਏ.ਐੱਸ. ਨਗਰ (ਮੁਹਾਲੀ)/ਏ.ਟੀ.ਨਿਊਜ਼ :-** ਪੰਜਾਬ ਪੁਲਿਸ ਦੇ ਸਟੇਟ ਕਰਾਈਮ ਥਾਣਾ ਫੇਜ਼-4, ਮੁਹਾਲੀ ਵਿੱਚ ਬਾਰਵੀਂ ਜਮਾਤ ਲਈ ਸਿੱਖਿਆ ਬੋਰਡ ਦੀਆਂ ਪਾਬੰਦੀਸ਼ੁਦਾ ਇਤਿਹਾਸ ਦੀਆਂ ਵਿਵਾਦਤ ਪੁਸਤਕਾਂ ਲਿਖਣ ਦੇ ਦੋਸ਼ ਹੇਠ ਤਿੰਨ ਲੇਖਕਾਂ ਖ਼ਿਲਾਫ਼ ਅਪਰਾਧਕ ਕੇਸ ਦਰਜ ਕੀਤਾ ਗਿਆ ਹੈ। ਹਾਲਾਂਕਿ ਇਹ ਕਾਰਵਾਈ ਇਤਿਹਾਸ ਬਚਾਓ-ਸਿੱਖੀ ਬਚਾਓ ਮੋਰਚਾ ਤਹਿਤ ਸਿੱਖਿਆ ਬੋਰਡ ਦੇ ਬਾਹਰ ਪਿਛਲੇ 97ਵੇਂ ਦਿਨਾਂ ਤੋਂ ਲੜੀਵਾਰ ਧਰਨੇ 'ਤੇ ਬੈਠੇ ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਅਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ ਪਰ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਦੇ ਨਿੱਜੀ ਦਖ਼ਲ ਤੋਂ ਬਾਅਦ ਹੀ ਪੁਲੀਸ ਗੂੜੀ ਨੀਂਦ ਤੋਂ ਜਾਗੀ ਹੈ। ਲੇਖਕਾਂ ਉੱਤੇ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਇਤਿਹਾਸ ਦੀਆਂ ਪੁਸਤਕਾਂ ਲਿਖਣ ਦਾ ਦੋਸ਼ ਹੈ। ਹਾਲਾਂਕਿ ਜਥੇਦਾਰ ਸਿਰਸਾ ਨੇ ਬੋਰਡ ਦੇ ਤਤਕਾਲੀ ਚੇਅਰਮੈਨ, ਵਾਈਸ ਚੇਅਰਮੈਨ ਸਣੇ ਪੁਸਤਕਾਂ ਲਿਖਣ ਦੀ ਪ੍ਰਵਾਨਗੀ ਦੇਣ ਬਾਰੇ ਅਧਿਕਾਰੀਆਂ ਤੇ ਪ੍ਰਿੰਟਿੰਗ ਪ੍ਰੈੱਸਾਂ ਖ਼ਿਲਾਫ਼ ਵੀ ਸ਼ਿਕਾਇਤ ਦਿੱਤੀ ਸੀ ਪਰ ਪੁਲਿਸ ਨੇ ਲੰਮੀ ਜਾਂਚ ਤੋਂ ਬਾਅਦ ਸਿਰਫ਼ ਤਿੰਨ ਲੇਖਕਾਂ ਮਨਜੀਤ ਸਿੰਘ ਸੋਢੀ, ਮਹਿੰਦਰਪਾਲ ਕੌਰ ਅਤੇ ਐੱਮਐੱਸ ਮਾਨ ਵਿਰੁੱਧ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਮੰਗ ਕੀਤੀ ਹੈ ਕਿ ਸਿਰਫ਼ ਲੇਖਕਾਂ ਵਿਰੁੱਧ ਕੇਸ ਦਰਜ ਕਰਨ ਨਾਲ ਗੱਲ ਨਹੀਂ ਬਣਦੀ ਕਿਤਾਬਾਂ ਛਾਪਣ ਅਤੇ ਇਸ ਦੀ ਪ੍ਰਵਾਨਗੀ ਦੇਣ ਵਾਲੇ ਬੋਰਡ ਦੇ ਤਤਕਾਲੀ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਕਿ ਜਦੋਂ ਤੱਕ ਸਾਰੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕੇਸ ਦਰਜ ਨਹੀਂ ਕੀਤਾ ਜਾਂਦਾ, ਉਦੋਂ ਤੱਕ ਲੜੀਵਾਰ ਸ਼ਾਂਤਮਈ ਧਰਨਾ ਜਾਰੀ ਰਹੇਗਾ। 16 ਮਈ ਨੂੰ ਸਿੱਖਿਆ ਬੋਰਡ ਦੇ ਸਾਰੇ ਗੇਟਾਂ ਦੀ ਤਾਲਾਬੰਦੀ ਸਬੰਧੀ ਜਥੇਦਾਰ ਸਿਰਸਾ ਨੇ ਕਿਹਾ ਕਿ ਇਸ ਸਬੰਧੀ ਜਲਦੀ ਹੀ ਹੰਗਾਮੀ ਮੀਟਿੰਗ ਸੱਦ ਕੇ ਅਗਲੇ ਸੰਘਰਸ਼ ਦੀ ਰੂਪ-ਰੇਖਾ ਉਲੀਕੀ ਜਾਵੇਗੀ।

# ਪੰਜਾਬ ਦੀਆਂ ਜੇਲਾਂ ਵਿਚ 86 ਫ਼ੀਸਦੀ ਨਸ਼ੇੜੀ ਤੇ ਝਪਟਮਾਰ ਬੰਦ

## ਢਿੱਲੀ ਨਿਆਂ ਪ੍ਰਣਾਲੀ ਕਰਕੇ ਵਰਿਆਂ ਤੋਂ ਲਟਕ ਰਹੇ ਨੇ ਬਹੁਤੇ ਕੇਸ

**ਚੰਡੀਗੜ/ਏ.ਟੀ.ਨਿਊਜ਼ :-** ਪੰਜਾਬ ਦੀਆਂ ਜੇਲਾਂ ਦੇ ਬੰਦੀਆਂ ਵਿਚ 86 ਫ਼ੀਸਦੀ ਨੌਜਵਾਨ ਹਨ। ਜੇਲਾਂ ਵਿਚ ਇਸ ਵੇਲੇ 40 ਸਾਲਾਂ ਤੋਂ ਘੱਟ ਉਮਰ ਦੇ ਮੁੰਡਿਆਂ ਦੀ ਵੱਡੀ ਗਿਣਤੀ ਹੈ। ਤਾਜ਼ਾ ਅੰਕੜਾ ਹੈ ਕਿ ਪੰਜਾਬ ਦੀਆਂ ਜੇਲਾਂ ਵਿਚ 26,164 ਕੈਦੀ ਤੇ ਹਵਾਲਾਤੀ ਹਨ, ਜਿਨਾਂ 'ਚੋਂ 40 ਸਾਲ ਤੋਂ ਘੱਟ ਉਮਰ ਦੇ 22,475 ਬੰਦੀ ਹਨ।ਮੁੱਖ ਮੰਤਰੀ ਭਗਵੰਤ ਮਾਨ ਨੇ ਜੇਲਾਂ ਨੂੰ ਅਸਲੀ ਮਾਅਨੇ 'ਚ ਸੁਧਾਰ ਘਰਾਂ ਵਿਚ ਬਦਲਣ ਦਾ ਅਹਿਦ ਲਿਆ ਹੈ। ਵੇਰਵਿਆਂ ਅਨੁਸਾਰ ਜੇਲਾਂ ਦੀ ਸਮਰੱਥਾ ਕਰੀਬ 23,500 ਦੀ ਹੈ ਜਦਕਿ ਬੰਦੀਆਂ ਦੀ ਗਿਣਤੀ 26,164 ਹੈ।ਕਈ ਜੇਲਾਂ ਤੂੜੀ ਵਾਂਗੂ ਤੁੰਨੀਆਂ ਪਈਆਂ ਹਨ।। ਇਨਾਂ ਵਿਚੋਂ ਕੈਦੀ ਤਾਂ ਮਸਾਂ 5123 ਹੀ ਹਨ ਜਦੋਂਕਿ ਵਿਚਾਰ ਅਧੀਨ ਬੰਦੀਆਂ ਦਾ ਅੰਕੜਾ



21,007 ਹੈ। ਢਿੱਲੀ ਨਿਆਂ ਪ੍ਰਣਾਲੀ ਕਰਕੇ ਬਹੁਤੇ ਕੇਸ ਵਰਿਆਂ ਤੋਂ ਲਟਕ ਰਹੇ ਹਨ।
ਜੇ ਉਮਰ ਵਰਗ 'ਤੇ ਨਿਗਾ ਮਾਰੀਏ ਤਾਂ ਪੰਜਾਬ ਦੀਆਂ ਜੇਲਾਂ ਵਿੱਚ 1207 (4.61 ਫ਼ੀਸਦੀ) ਬੰਦੀ 20 ਸਾਲ ਦੀ ਉਮਰ ਤੱਕ ਦੇ ਹਨ ਜਦਕਿ 20 ਤੋਂ 30 ਸਾਲ ਦੇ ਉਮਰ ਵਰਗ ਦੇ 12,368 ਬੰਦੀ ਹਨ ਜਿਨਾਂ ਦੀ ਦਰ 47.27 ਫ਼ੀਸਦੀ ਬਣਦੀ ਹੈ। ਇਸੇ ਤਰਾਂ 30 ਤੋਂ 40 ਸਾਲ ਉਮਰ ਵਰਗ ਦੇ ਬੰਦੀਆਂ ਦਾ ਅੰਕੜਾ 8900 ਬਣਦਾ ਹੈ ਜੋ 34.01 ਫ਼ੀਸਦੀ ਬਣਦੇ ਹਨ। 50 ਸਾਲ ਤੋਂ ਉੱਪਰ ਦੇ ਉਮਰ ਵਰਗ ਦੇ ਸਿਰਫ਼ 10.36 ਫ਼ੀਸਦੀ ਬੰਦੀ ਜੇਲਾਂ 'ਚ ਹਨ ਜਿਨਾਂ 'ਚ 70 ਸਾਲ ਤੋਂ ਉੱਪਰ ਉਮਰ ਦੇ 207 ਬੰਦੀ ਵੀ ਸ਼ਾਮਲ ਹਨ।
ਮਨੁੱਖੀ ਅਧਿਕਾਰ ਸੰਗਠਨ ਦੇ ਗੁਰਬਚਨ ਸਿੰਘ ਕਹਿੰਦੇ ਹਨ ਕਿ ਸਿਆਸੀ ਸਰਪ੍ਰਸਤੀ ਕਰਕੇ ਨਸ਼ੇੜੀਆਂ ਨੂੰ ਕਾਨੂੰਨ ਦਾ ਖ਼ੌਫ਼ ਨਹੀਂ ਰਿਹਾ ਹੈ

**ਬਾਕੀ ਸਫ਼ਾ 31 'ਤੇ**

# ਭਾਈ ਜਗਦੀਸ਼ ਸਿੰਘ ਭੂਰਾ ਬੈਲਜੀਅਮ ਦਾ ਅਕਾਲ ਚਲਾਣਾ ਵੱਡਾ ਕੌਮੀ ਘਾਟਾ : ਯੂਨਾਈਟਿਡ ਖਾਲਸਾ ਦਲ ਯੂ.ਕੇ.

## 'ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਜੁਝਾਰੂ ਦੀਆਂ ਸੰਘਰਸ਼ਮਈ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ



**ਲੰਡਨ/ਲਵਸ਼ਿੰਦਰ ਸਿੰਘ ਡੱਲੇਵਾਲ :-** ਵੀਹਵੀਂ ਸਦੀ ਦੇ ਮਹਾਨ ਸ਼ਹੀਦ ਅਤੇ ਦਮਦਮੀ ਟਕਸਾਲ ਦੇ 14ਵੇਂ ਜਥੇਦਾਰ ਸਤਿਕਾਰਯੋਗ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ਅਰੰਭੇ ਹੋਏ ਸਿੱਖ ਸੰਘਰਸ਼ ਦੇ ਜੁਝਾਰੂ ਅਤੇ ਲੰਬੇ ਅਰਸੇ ਤੋ ਬੈਲਜੀਅਮ ਵਿੱਚ ਰਹਿ ਰਹੇ ਰਹੇ ਭਾਈ ਜਗਦੀਸ਼ ਸਿੰਘ ਭੂਰਾ ਦੇ ਅਕਾਲ ਚਲਾਣੇ ਤੇ ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅਰਦਾਸ ਕੀਤੀ ਗਈ ਹੈ ਕਿ ਭਾਈ ਜਗਦੀਸ਼ ਸਿੰਘ ਦੀ ਆਤਮਾ ਨੂੰ ਅਕਾਲ ਪੁਰਖ ਵਾਹਿਗੁਰੂ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਖਸ਼ਣ। ਗੌਰਤਲਬ ਹੈ ਕਿ ਸਿੱਖ ਕੌਮ ਦੇ ਅਜ਼ਾਦ ਘਰ ਖਾਲਿਸਤਾਨ ਦੇ ਸੰਘਰਸ਼ ਦਾ ਯੋਧਾ ਭਾਈ ਜਗਦੀਸ਼ ਸਿੰਘ ਭੂਰਾ ਬੈਲਜੀਅਮ ਅਕਾਲ ਪੁਰਖ ਵੱਲੋਂ ਬਖਸ਼ੇ ਸਵਾਸਾਂ ਦੀ ਪੂੰਜੀ ਖਰਚ ਕਰਦਿਆਂ ਕੈਂਸਰ ਦੀ ਬਿਮਾਰੀ ਨਾਲ ਅਕਾਲ ਚਲਾਣਾ ਕਰ ਗਿਆ।
ਭਾਈ ਜਗਦੀਸ਼ ਸਿੰਘ ਭੂਰਾ ਆਪਣੇ ਆਖਰੀ ਸਵਾਸਾਂ ਤੱਕ ਸਿੱਖ ਕੌਮ ਦੇ ਅਜ਼ਾਦ ਘਰ ਖਾਲਿਸਤਾਨ ਦੀ ਜੰਗੇ ਅਜ਼ਾਦੀ ਵਿੱਚ ਬੈਲਜੀਅਮ ਦੀ ਧਰਤੀ ਤੋਂ ਮੂਹਰਲੀ ਕਤਾਰ ਵਿੱਚ ਖੜ ਕੇ ਆਪਣਾ ਯੋਗਦਾਨ ਪਾਉਂਦਾ ਰਿਹਾ, ਅੱਜ ਇਸ ਰੰਗਲੇ ਸੱਜਣ ਦੇ ਤੁਰ ਜਾਣ ਨਾਲ ਬੈਲਜੀਅਮ ਦੀ ਧਰਤੀ ਤੋ ਖਾਲਿਸਤਾਨ ਦੀ ਅਜ਼ਾਦੀ ਦੀ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਿੱਖ ਸੰਘਰਸ਼ ਦੌਰਾਨ ਵੱਡਮੁਲਾ ਯੋਗਦਾਨ ਪਾਉਣ ਵਾਲੇ, ਬੈਲਜੀਅਮ ਵਿੱਚ ਹੱਥੀਂ ਕਿਰਤ ਕਰਕੇ ਖਾਲਿਸਤਾਨ ਦੀ ਜੰਗੇ ਅਜ਼ਾਦੀ ਦੇ ਕਾਫਲੇ ਦਾ ਡੱਟ ਕੇ ਸਹਿਯੋਗ ਦੇਣ ਵਾਲੇ ਭਾਈ ਜਗਦੀਸ਼ ਸਿੰਘ ਨੇ ਜਿੱਥੇ ਸਿੱਖ ਸ਼ਹੀਦਾਂ ਦੇ ਪਰਿਵਾਰਾਂ ਦੀ ਸਾਰ ਵੱਡੀ ਪੱਧਰ ਤੇ ਲਈ, ਉਥੇ ਗੁਰਸਿੱਖ ਸਰੂਪ ਵਾਲੇ ਲੋੜਵੰਦ ਵਿਆਕਤੀਆਂ ਦੀ ਮੱਦਦ ਵੀ ਬਹੁਤ ਕੀਤੀ। ਯੂਨਾਈਟਿਡ ਖਾਲਸਾ ਦਲ ਯੂ.ਕੇ. ਵਲੋਂ ਭਾਈ ਜਗਦੀਸ਼ ਸਿੰਘ ਭੂਰਾ ਬੈਲਜੀਅਮ ਦੀਆਂ ਪੰਥ ਅਤੇ ਸੰਘਰਸ਼ ਪ੍ਰਤੀ ਕੀਤੀਆਂ ਮਹਾਨ ਸੇਵਾਵਾਂ ਦੀ ਹਾਰਦਿਕ ਪ੍ਰਸੰਸਾ ਕੀਤੀ ਗਈ।

# ਵਿਧਾਨ ਸਭਾ ਦਾ ਸਮੁੱਚਾ ਕੰਮ ਕਾਜ ਹੁਣ ਪੰਜਾਬੀ ਵਿਚ ਹੋਵੇਗਾ

**ਮੋਗਾ/ਏ.ਟੀ.ਨਿਊਜ਼ :-** ਕੁਲਵੰਤ ਸਿੰਘ ਸੰਧਵਾਂ ਨੇ ਕਿਹਾ ਕਿ ਭਾਵੇਂ ਪੰਜਾਬ ਵਿਧਾਨ ਸਭਾ ਦਾ ਕੰਮ ਕਾਜ ਪਹਿਲਾਂ ਵੀ ਪੰਜਾਬੀ ਵਿਚ ਹੁੰਦਾ ਸੀ, ਪਰ ਕੁਝ ਕੁ ਮਸਲਿਆਂ ਵਿਚ ਅੰਗਰੇਜ਼ੀ ਭਾਸ਼ਾ ਦਾ ਬੋਲਬਾਲਾ ਸੀ ਪਰ ਹੁਣ ਅਜਿਹਾ ਨਹੀਂ ਹੋਵੇਗਾ, ਕਿਉਂਕਿ ਵਿਧਾਨ ਸਭਾ ਦਾ ਸਮੁੱਚਾ ਕੰਮ ਕਾਜ ਹੁਣ ਪੰਜਾਬੀ ਵਿਚ ਹੋਵੇਗਾ। ਉਨਾਂ ਇਹ ਵੀ ਕਿਹਾ ਕਿ ਇਸ ਵਾਰ ਵਿਧਾਨ ਸਭਾ ਦਾ ਸੈਸ਼ਨ ਵਧਾ ਦਿੱਤਾ ਗਿਆ ਹੈ ਤਾਂ ਕਿ ਪੰਜਾਬ ਸਰਕਾਰ ਲੋਕ ਹਿਤਾਂ ਨਾਲ ਜੁੜੇ ਹੋਏ ਮਸਲਿਆਂ ਨੂੰ ਵਿਚਾਰ ਕੇ ਉਸ ਦਾ ਢੁਕਵਾਂ ਹੱਲ ਕੱਢ ਸਕੇ। ਸਪੀਕਰ ਸੰਧਵਾਂ ਨੇ ਕਿਹਾ ਕਿ 25 ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਵੇਗਾ ਕਿ ਵਿਧਾਨ ਸਭਾ ਦਾ ਸੈਸ਼ਨ ਪੂਰੀ ਤਰਾਂ ਲਾਈਵ ਵਿਖਾਇਆ ਜਾਵੇਗਾ। ਇਹ ਇਸ ਲਈ ਕੀਤਾ ਗਿਆ ਹੈ ਕਿਉਂਕਿ ਲੋਕ ਆਪਣੇ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਨੂੰ ਲਾਈਵ ਦੇਖ ਸਕਣਗੇ ਤੇ ਆਪਣੇ ਸੁਝਾਅ ਵੀ ਸਰਕਾਰ ਨੂੰ ਦੇ ਸਕਣਗੇ।

# ਗੰਗਾਨਗਰ ਵਿਚ ਸਿੱਖਾਂ ਖ਼ਿਲਾਫ਼ ਕੇਸ ਦਰਜ ਕਰਨ ਦਾ ਮਾਮਲਾ

## ਬਾਬਾ ਹਰਨਾਮ ਸਿੰਘ ਖ਼ਾਲਸਾ ਵਲੋਂ ਕੇਸ ਰੱਦ ਕਰਨ ਦੀ ਮੰਗ



**ਅੰਮ੍ਰਿਤਸਰ/ਏ.ਟੀ.ਨਿਊਜ਼ :-** ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਰਾਜਸਥਾਨ ਦੇ ਗੰਗਾਨਗਰ ਵਿੱਚ ਨਗਰ ਕੀਰਤਨ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਸਬੰਧੀ ਸਿੱਖਾਂ ਖ਼ਿਲਾਫ਼ ਦਰਜ ਕੀਤੇ ਕੇਸ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ। ਉਨਾਂ ਤਾੜਨਾ ਕਰਦਿਆਂ ਕਿਹਾ ਕਿ ਜੇ ਗੰਗਾਨਗਰ ਪ੍ਰਸ਼ਾਸਨ ਨੇ ਇਸ ਮਾਮਲੇ ਵੱਲ ਧਿਆਨ ਨਾ ਦਿੱਤਾ ਤਾਂ ਉੱਥੇ ਹਾਲਾਤ ਖ਼ਰਾਬ ਹੋ ਸਕਦੇ ਹਨ।

# ਕਬੱਡੀ ਖਿਡਾਰੀ ਸੰਦੀਪ ਨੇ ਆਰਥਿਕ ਤੰਗੀ ਕਾਰਨ ਕੀਤੀ ਖ਼ੁਦਕੁਸ਼ੀ

**ਬੋਹਾ/ਏ.ਟੀ.ਨਿਊਜ਼ :-** ਆਰਥਿਕ ਮੰਦਹਾਲੀ ਕਾਰਨ ਨੇੜਲੇ ਪਿੰਡ ਸੇਰਖਾਂ ਵਾਲਾ ਦੇ ਕਬੱਡੀ ਖਿਡਾਰੀ ਸੰਦੀਪ ਸਿੰਘ (21) ਨੇ ਖ਼ੁਦਕੁਸ਼ੀ ਕਰ ਲਈ ਹੈ। ਜਾਣਕਾਰੀ ਅਨੁਸਾਰ ਘਰ ਦੀ ਗ਼ਰੀਬੀ ਕਾਰਨ ਉਹ ਕਈ ਦਿਨਾਂ ਤੋਂ ਪ੍ਰੇਸ਼ਾਨ ਸੀ। ਉਸ ਨੂੰ ਆਪਣੀ ਖੇਡ ਜਾਰੀ ਰੱਖਣ ਵਿੱਚ ਵੀ ਮੁਸ਼ਕਲ ਆ ਰਹੀ ਸੀ। ਬੀਤੀ ਰਾਤ ਮਾਨਸਿਕ ਤਣਾਅ ਕਾਰਨ ਉਸ ਨੇ ਜ਼ਹਿਰੀਲੀ ਦਵਾਈ ਪੀ ਲਈ। ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਪਟਿਆਲਾ ਦੇ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਉਸ ਦੇ ਦੋ ਭਰਾ ਅੰਗਹੀਣ ਤੇ ਪਿਤਾ ਬਜ਼ੁਰਗ ਹੈ। ਉਹ ਘਰ ਵਿਚ ਇਕੱਲਾ ਹੀ ਕਮਾਉਣ ਵਾਲਾ ਸੀ। ਕਬੱਡੀ ਖਿਡਾਰੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਗ਼ਰੀਬ ਪਰਿਵਾਰ ਦੀ ਆਰਥਿਕ ਸਹਾਇਤਾ ਕੀਤੀ ਜਾਵੇ।

# ਪੰਜਾਬ ਜਾ ਰਿਹਾ ਆਰਥਿਕ ਤੇ ਸਭਿਆਚਾਰਕ ਸੰਕਟ ਵੱਲ

## 'ਆਪ' ਸਰਕਾਰ ਨੇ ਦੋ ਮਹੀਨਿਆਂ ਵਿਚ ਹੀ 8 ਹਜ਼ਾਰ ਕਰੋੜ ਦਾ ਚੁੱਕਿਆ ਕਰਜ਼ਾ

ਪੰਜਾਬ ਦਿਨੋ-ਦਿਨ ਬਹੁਤ ਵੱਡੇ ਸੰਕਟ ਵੱਲ ਵਧ ਰਿਹਾ ਹੈ। ਇਹ ਅਜਿਹਾ ਵੱਡਾ ਸੰਕਟ ਹੈ ਜਿਸ ਨਾਲ ਰਾਜ ਦੀ ਹੋਂਦ ਅਤੇ ਇਥੇ ਵਸਦੇ ਲੋਕਾਂ ਦੇ ਭਵਿੱਖ 'ਤੇ ਗਹਿਰਾ ਅਸਰ ਪੈ ਸਕਦਾ ਹੈ। ਇਹ ਵਰਗ ਵਿਸ਼ੇਸ਼ ਤੌਰ 'ਤੇ ਰਾਜ ਵਿਚ ਫੈਲੀ ਬੇਰੁਜ਼ਗਾਰੀ, ਨੌਜਵਾਨਾਂ ਦਾ ਪ੍ਰਵਾਸ, ਨਸ਼ੇ ਵਿਚ ਗ੍ਰਸਤ ਨੌਜਵਾਨਾਂ ਦੀਆਂ ਵਧ ਰਹੀਆਂ ਮੌਤਾਂ, ਖੇਤੀ ਸੰਕਟ ਤੇ ਕਿਸਾਨਾਂ ਦੀਆਂ ਵਧ ਰਹੀਆਂ ਖ਼ੁਦਕੁਸ਼ੀਆਂ ਅਤੇ ਧਰਤੀ ਹੇਠਲੇ ਪਾਣੀ ਦੇ ਦਿਨੋਂ-ਦਿਨ ਨੀਵੇਂ ਹੁੰਦੇ ਜਾ ਰਹੇ ਪੱਧਰ ਤੋਂ ਚਿੰਤਤ ਹਨ।

ਬਿਨਾਂ ਸ਼ੱਕ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬੀਆਂ ਨੇ ਰਵਾਇਤੀ ਰਾਜਨੀਤਕ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਰੱਦ ਕਰਕੇ ਬੜੀ ਆਸ ਨਾਲ ਇਕ ਬਿਲਕੁਲ ਨਵੀਂ ਆਪ ਪਾਰਟੀ ਨੂੰ ਵੱਡਾ ਬਹੁਮਤ ਦੇ ਕੇ ਰਾਜ ਦੀ ਵਾਗਡੋਰ ਉਸ ਨੂੰ ਸੰਭਾਲੀ ਹੈ। ਆਪ ਪਾਰਟੀ ਦੀ ਸਰਕਾਰ ਆਪਣੇ ਕਾਰਜਕਾਲ ਦੇ ਲਗਭਗ ਦੋ ਮਹੀਨੇ ਪੂਰੇ ਕਰ ਚੁੱਕੀ ਹੈ। ਰਾਜ ਦੇ ਲੋਕਾਂ ਵਿਚ ਅਜੇ ਇਹ ਵਿਸ਼ਵਾਸ ਨਹੀਂ ਬਣ ਸਕਿਆ ਕਿ ਨਵੀਂ ਸਰਕਾਰ ਰਾਜ ਦੇ ਬਹੁਪੱਖੀ ਸੰਕਟਾਂ ਦਾ ਸਾਹਮਣਾ ਕਰਦੀ ਹੋਈ ਰਾਜ ਨੂੰ ਮੁੜ ਵਿਕਾਸ ਦੇ ਰਾਹ 'ਤੇ ਪਾ ਸਕੇਗੀ। ਇਸ ਦੇ ਦੋ ਵੱਡੇ ਕਾਰਨ ਹਨ ਪਹਿਲਾ ਇਹ ਕਿ ਪਿਛਲੀਆਂ ਸਰਕਾਰਾਂ ਨੇ ਰਾਜ ਦੇ ਵਿੱਤੀ ਸਰੋਤਾਂ ਦੀ ਵੱਡੀ ਪੱਧਰ 'ਤੇ ਜੋ ਲੁੱਟ-ਖਸੁੱਟ ਕੀਤੀ ਹੈ ਅਤੇ ਇਸ ਦੇ ਨਾਲ ਹੀ ਸਮਾਜ ਦੇ ਵੱਖ-ਵੱਖ ਵਰਗਾਂ ਲਈ ਉਨਾਂ ਵਲੋਂ ਮੁਫ਼ਤਖੋਰੀ ਦੀਆਂ ਜੋ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ, ਉਨਾਂ ਦੇ ਸਿੱਟੇ ਵਜੋਂ ਰਾਜ ਪਹਿਲਾਂ ਹੀ 3 ਲੱਖ ਕਰੋੜ ਦਾ ਕਰਜ਼ਈ ਹੋ ਚੁੱਕਾ ਹੈ ਅਤੇ ਕਰਜ਼ੇ ਦੇ ਜਾਲ ਵਿਚ ਫਸੇ ਇਸ ਰਾਜ ਦਾ ਕਰਜ਼ਾ ਦਿਨੋ-ਦਿਨ ਹੋਰ ਵਧਦਾ ਜਾ ਰਿਹਾ ਹੈ। ਗੱਲ ਇਥੋਂ ਤੱਕ ਚਲੇ ਗਈ ਹੈ ਕਿ ਹੁਣ ਰੋਜ਼ਾਨਾ ਦਾ ਕੰਮਕਾਰ ਚਲਾਉਣ ਲਈ ਵੀ ਵਰਤਮਾਨ ਸਰਕਾਰ ਨੂੰ ਕਰਜ਼ਾ ਚੁੱਕਣਾ ਪੈ ਰਿਹਾ ਹੈ। ਦੂਜਾ ਕਾਰਨ ਇਹ ਹੈ ਕਿ ਪਿਛਲੀਆਂ ਸਰਕਾਰਾਂ ਦੀ ਪੈਰਵੀ ਕਰਦਿਆਂ ਇਹ ਨਵੀਂ ਸਰਕਾਰ ਖ਼ੁਦ ਵੀ ਵੱਖ-ਵੱਖ ਵਰਗਾਂ ਲਈ ਮੁਫ਼ਤਖੋਰੀ 'ਤੇ ਆਧਾਰਿਤ ਸਕੀਮਾਂ ਨੂੰ ਲਾਗੂ ਕਰਨ ਲਈ ਤਤਪਰ ਨਜ਼ਰ ਆ ਰਹੀ ਹੈ। ਇਸ ਦੀਆਂ ਅਜਿਹੀਆਂ ਸਕੀਮਾਂ ਵਿਚ ਖਪਤਕਾਰਾਂ ਨੂੰ 300 ਯੂਨਿਟ ਬਿਜਲੀ ਹਰ ਮਹੀਨੇ ਮੁਫ਼ਤ ਦੇਣਾ ਅਤੇ 18 ਸਾਲ ਤੋਂ ਵੱਧ ਉਮਰ ਦੀਆਂ ਸਭ ਔਰਤਾਂ ਨੂੰ ਇਕ ਹਜ਼ਾਰ ਰੁਪਏ ਮਹੀਨਾ ਦੇਣਾ ਆਦਿ ਸ਼ਾਮਿਲ ਹਨ। ਆਰਥਿਕ ਮਾਹਿਰਾਂ ਦਾ ਵਿਚਾਰ ਹੈ ਕਿ ਜੇਕਰ ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਦੀ ਤਰਾਂ ਵੋਟ ਬੈਂਕ ਦੀ ਰਾਜਨੀਤੀ ਕਰਦੀ ਹੋਈ ਮੁਫ਼ਤਖੋਰੀ ਦੀਆਂ ਅਜਿਹੀਆਂ ਸਕੀਮਾਂ ਨੂੰ ਜਾਰੀ ਰੱਖਦੀ ਹੈ ਤਾਂ ਰਾਜ ਦੀ ਆਰਥਿਕਤਾ 'ਤੇ ਹੋਰ ਵੀ ਬੁਰਾ ਅਸਰ ਪਵੇਗਾ।

ਜੇਕਰ ਹੋਰ ਸਰਕਾਰੀ ਵਿਭਾਗਾਂ ਦੀ ਗੱਲ ਨਾ ਕਰਦੇ ਹੋਏ ਸਿਰਫ ਪੰਜਾਬ ਪਾਵਰ ਕਾਰਪੋਰੇਸ਼ਨ ਦੀ ਗੱਲ ਹੀ ਕਰੀਏ ਤਾਂ ਇਸ ਸਮੇਂ ਇਸ ਦੇ ਸਿਰ 17000 ਕਰੋੜ ਦਾ ਕਰਜ਼ਾ ਹੈ। ਵੱਖ-ਵੱਖ ਵਰਗਾਂ ਨੂੰ ਪਹਿਲੀਆਂ ਸਰਕਾਰਾਂ ਦੇ ਫ਼ੈਸਲਿਆਂ ਅਨੁਸਾਰ ਇਸ ਵਲੋਂ ਜੋ ਸਬਸਿਡੀ ਦਿੱਤੀ ਜਾ ਰਹੀ ਹੈ, ਉਸ ਦਾ ਸਾਲਾਨਾ ਇਸ 'ਤੇ 13 ਹਜ਼ਾਰ ਕਰੋੜ ਦਾ ਬੋਝ ਪੈਂਦਾ ਹੈ। ਜੇਕਰ 'ਆਪ' ਸਰਕਾਰ ਵਲੋਂ 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ ਫ਼ੈਸਲੇ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਪੰਜਾਬ ਪਾਵਰ ਕਾਰਪੋਰੇਸ਼ਨ 'ਤੇ 7000 ਕਰੋੜ ਦਾ ਹੋਰ ਆਰਥਿਕ ਬੋਝ ਪਵੇਗਾ। ਉੱਪਰੋਂ ਪਾਵਰ ਕਾਰਪੋਰੇਸ਼ਨ ਲਈ ਮੁਸੀਬਤ ਵਾਲੀ ਗੱਲ ਇਹ ਹੈ ਕਿ ਪੰਜਾਬ ਸਰਕਾਰ ਸਬਸਿਡੀ ਦਾ ਭੁਗਤਾਨ ਪਾਵਰ ਕਾਰਪੋਰੇਸ਼ਨ ਨੂੰ ਸਮੇਂ ਸਿਰ ਨਹੀਂ ਕਰਦੀ। ਪਿਛਲੇ ਦਿਨੀਂ ਪਾਵਰਕਾਮ ਨੂੰ ਝੋਨੇ ਦੇ ਸੀਜ਼ਨ ਦੌਰਾਨ ਬਿਜਲੀ ਦੀ ਵਧੀ ਹੋਈ ਮੰਗ ਦੀ ਪੂਰਤੀ ਲਈ ਸਬਸਿਡੀ ਦੀ ਰਕਮ ਵਿਚੋਂ ਇਕ ਹਜ਼ਾਰ ਕਰੋੜ ਅਤੇ ਬਾਅਦ ਵਿਚ 500 ਕਰੋੜ ਰੁਪਏ ਦਾ ਹੋਰ ਭੁਗਤਾਨ ਜ਼ਰੂਰ ਕੀਤਾ ਗਿਆ ਹੈ, ਜਦੋਂ ਕਿ 8500 ਕਰੋੜ ਦੀ ਰਾਸ਼ੀ ਅਜੇ ਵੀ ਪੰਜਾਬ ਸਰਕਾਰ ਵੱਲ ਬਕਾਇਆ ਹੈ। ਇਹ ਵੀ ਖ਼ਬਰਾਂ ਆਈਆਂ ਹਨ ਕਿ ਪਾਵਰ ਕਾਰਪੋਰੇਸ਼ਨ ਬਿਜਲੀ ਖ਼ਰੀਦਣ ਲਈ ਖ਼ੁਦ ਵੀ ਆਪ ਹੋਰ ਕਰਜ਼ਾ ਚੁੱਕਣ ਲਈ ਮਜਬੂਰ ਹੋ ਰਹੀ ਹੈ। ਪੰਜਾਬ ਸਰਕਾਰ ਵਲੋਂ ਆਪਣੇ ਪਹਿਲੇ ਦੋ ਮਹੀਨਿਆਂ ਦੌਰਾਨ ਹੀ 8000 ਕਰੋੜ ਦਾ ਕਰਜ਼ਾ ਮਾਰਕੀਟ ਵਿਚੋਂ ਚੁੱਕ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਮਗਰਲੇ ਵਿੱਤੀ ਸਾਲ ਦੌਰਾਨ ਤਤਕਾਲੀ ਸਰਕਾਰ ਨੇ 25872 ਕਰੋੜ ਦਾ ਕਰਜ਼ਾ ਚੁੱਕਿਆ ਸੀ, ਜੋ ਕਿ ਔਸਤਨ ਮਹੀਨੇ ਦਾ 2000 ਕਰੋੜ ਤੋਂ ਕੁਝ ਵੱਧ ਬਣਦਾ ਸੀ ਪਰ ਹੁਣ ਆਪ ਪਾਰਟੀ ਦੀ ਸਰਕਾਰ ਵਲੋਂ ਕਰਜ਼ਾ ਚੁੱਕਣ ਦੀ ਰਫ਼ਤਾਰ ਦੁੱਗਣੀ ਕਰ ਦਿੱਤੀ ਗਈ ਹੈ, ਕਿਉਂਕਿ ਸਰਕਾਰ ਵਲੋਂ ਆਪਣੇ ਪਹਿਲੇ ਦੋ ਮਹੀਨਿਆਂ ਵਿਚ ਹੀ ਔਸਤਨ ਪ੍ਰਤੀ ਮਹੀਨਾ 4 ਹਜ਼ਾਰ ਕਰੋੜ ਦਾ ਕਰਜ਼ਾ ਚੁੱਕਿਆ ਗਿਆ ਹੈ ਅਤੇ ਸਰਕਾਰ ਦੀ ਕਰਜ਼ਾ ਚੁੱਕਣ ਦੀ ਜੇ ਇਹੋ ਰਫ਼ਤਾਰ ਰਹੀ ਹੈ ਤਾਂ ਵਿੱਤੀ ਸਾਲ ਦੀ ਆਖ਼ਰੀ ਤਿਮਾਹੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਾਜ ਦੀ ਕਰਜ਼ਾ ਲੈਣ ਦੀ ਲਿਮਟ ਖ਼ਤਮ ਹੋ ਸਕਦੀ ਹੈ। ਵਰਨਣਯੋਗ ਇਹ ਹੈ ਕਿ ਜੁਲਾਈ 2022 ਤੋਂ ਪੰਜਾਬ ਸਰਕਾਰ ਨੂੰ ਜੀ.ਐਸ.ਟੀ. ਦੀ ਭਰਪਾਈ ਵਜੋਂ ਹਰ ਮਹੀਨੇ ਕੇਂਦਰ ਤੋਂ ਮਿਲ ਰਹੀ 1800 ਕਰੋੜ ਰੁਪਏ ਦੀ ਰਾਹਤ ਵੀ ਬੰਦ ਹੋ ਰਹੀ ਹੈ, ਜਦੋਂਕਿ ਰਾਜ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕੋਈ ਨਵਾਂ ਟੈਕਸ ਨਾ ਲਗਾਉਣ ਦਾ ਭਰੋਸਾ ਸੂਬਾ ਵਾਸੀਆਂ ਨੂੰ ਦੇ ਚੁੱਕੇ ਹਨ। ਸਾਲ 2021-22 ਦੇ ਸੋਧੇ



ਅਨੁਮਾਨਾਂ ਅਨੁਸਾਰ ਸੂਬੇ ਸਿਰ 2 ਲੱਖ 99 ਹਜ਼ਾਰ 575 ਕਰੋੜ ਦਾ ਕਰਜ਼ਾ ਹੈ, ਜਦੋਂਕਿ ਸਰਕਾਰੀ ਬੋਰਡਾਂ, ਕਾਰਪੋਰੇਸ਼ਨਾਂ ਆਦਿ ਦੇ ਕਰਜੇ ਇਸ ਤੋਂ ਵੱਖਰੇ ਹਨ। ਵਰਨਣਯੋਗ ਇਹ ਹੈ ਕਿ ਮਗਰਲੇ ਵਿੱਤੀ ਸਾਲ 2021-22 ਦੌਰਾਨ ਰਾਜ ਨੂੰ ਲਏ ਕਰਜ਼ੇ ਸੰਬੰਧੀ ਸਾਲ ਦੌਰਾਨ 170 71.14 ਕਰੋੜ ਰੁਪਏ ਕੇਵਲ ਵਿਆਜ ਦੇ ਰੂਪ ਵਿਚ ਚੁਕਾਉਣੇ ਪਏ ਸਨ। ਤਤਕਾਲੀ ਸਰਕਾਰ ਨੇ ਮਗਰਲੇ ਵਿੱਤੀ ਸਾਲ ਵਿਚ ਜੋ 25872 ਕਰੋੜ ਦਾ ਕਰਜ਼ਾ ਚੁੱਕਿਆ ਸੀ, ਉਸ ਦਾ ਇਕ ਵੱਡਾ ਹਿੱਸਾ ਤਾਂ ਵਿਆਜ ਮੋੜਨ ਵਿਚ ਹੀ ਚਲਾ ਜਾਂਦਾ ਹੈ। ਵਿੱਤੀ ਮਾਹਰਾਂ ਅਨੁਸਾਰ ਇਸ ਵੇਲੇ ਰਾਜ ਦੀ ਆਪਣੀ ਆਮਦਨ ਦਾ ਕੋਈ 41 ਫ਼ੀਸਦੀ ਤਾਂ ਕਰਜ਼ੇ ਤੇ ਉਸ ਦੇ ਵਿਆਜ ਚੁਕਾਉਣ ਲਈ ਹੀ ਜਾ ਰਿਹਾ ਹੈ, ਜਦੋਂਕਿ ਬਾਕੀ ਮੁਲਾਜ਼ਮਾਂ ਦੀ ਤਨਖ਼ਾਹ, ਪੈਨਸ਼ਨਾਂ ਤੇ ਦੂਜੇ ਨਿਯਮਤ ਖ਼ਰਚਿਆਂ 'ਤੇ ਜਾ ਰਹੇ ਹਨ ਅਤੇ ਸੂਬੇ ਨੂੰ ਛੇਤੀ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਵਿਚ ਉਸ ਲਈ ਵਿਕਾਸ ਕਾਰਜਾਂ ਲਈ ਪੈਸੇ ਜੁਟਾਉਣਾ ਮੁਸ਼ਕਲ ਬਣ ਸਕਦਾ ਹੈ।

ਇਸ ਤਰਾਂ ਰਾਜ ਦੀ ਖ਼ਸਤਾ ਆਰਥਿਕ ਹਾਲਤ ਕਾਰਨ ਮਾਨ ਸਰਕਾਰ ਦੇ ਹੱਥ ਇਕ ਤਰਾਂ ਬੱਝੇ ਹੋਏ ਹਨ। ਉਸ ਲਈ ਆਪਣੇ ਜ਼ਰੂਰੀ ਖ਼ਰਚਿਆਂ ਲਈ ਵੀ ਸਾਧਨ ਜੁਟਾਉਣੇ ਮੁਸ਼ਕਲ ਹੋ ਰਹੇ ਹਨ। ਰਾਜ ਦੇ ਸਰਕਾਰੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਵੱਡੀ ਪੱਧਰ 'ਤੇ ਅਸਾਮੀਆਂ ਖਾਲੀ ਹਨ, ਜਿਨਾਂ ਨੂੰ ਭਰਨ ਲਈ ਬੇਰੁਜ਼ਗਾਰ ਅਧਿਆਪਕਾਂ ਅਤੇ ਲੈਕਚਰਾਰਾਂ ਵਲੋਂ ਨਿਰੰਤਰ ਅੰਦੋਲਨ ਵੀ ਕੀਤੇ ਜਾਂਦੇ ਹਨ ਪਰ ਸਰਕਾਰ ਕੋਲ ਵਿੱਤੀ ਸਾਧਨ ਨਾ ਹੋਣ ਕਾਰਨ ਉਹ ਵਾਅਦੇ ਅਤੇ ਦਾਅਵੇ ਕਰਨ ਦੇ ਬਾਵਜੂਦ ਅਸਾਮੀਆਂ ਭਰਨ ਲਈ ਤੇਜ਼ੀ ਨਾਲ ਅੱਗੇ ਵਧਦੀ ਨਜ਼ਰ ਨਹੀਂ ਆ ਰਹੀ। ਪੰਜਾਬੀ ਯੂਨੀਵਰਸਿਟੀ ਪਟਿਆਲਾ 150 ਕਰੋੜ ਦੀ ਕਰਜ਼ਈ ਹੈ ਅਤੇ ਉਸ ਨੂੰ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਵਿਚ ਵੀ ਮੁਸ਼ਕਿਲ ਆ ਰਹੀ ਹੈ। ਇਸੇ ਤਰਾਂ ਦੀ ਹੀ ਸਥਿਤੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਹੈ, ਜਿਸ ਤੋਂ ਇਸ ਸਮੇਂ ਖੇਤੀਬਾੜੀ ਵਿਚ ਵਿਭਿੰਨਤਾ ਲਿਆਉਣ ਲਈ ਆਪਣੇ ਖੋਜ ਕਾਰਜਾਂ ਰਾਹੀਂ ਅਹਿਮ ਰੋਲ ਨਿਭਾਉਣ ਦੀ ਆਸ ਕੀਤੀ ਜਾ ਰਹੀ ਹੈ। ਉਸ ਦੇ ਵੀ ਵੱਖ-ਵੱਖ ਖੋਜ ਵਿਭਾਗਾਂ ਨਾਲ ਸੰਬੰਧਿਤ ਮਾਹਿਰਾਂ ਦੀਆਂ ਬਹੁਤ ਸਾਰੀਆਂ ਅਸਾਮੀਆਂ ਖਾਲੀ ਹਨ, ਜਿਨਾਂ ਨੂੰ ਵਿੱਤੀ ਸਾਧਨਾਂ ਦੀ ਘਾਟ ਕਾਰਨ ਯੂਨੀਵਰਸਿਟੀ ਨਹੀਂ ਭਰਦੀ। ਹੋਰ ਤਾਂ ਹੋਰ ਪਿਛਲੇ ਛੇ-ਸੱਤ ਮਹੀਨਿਆਂ ਤੋਂ ਕੋਈ ਵੀ ਸਰਕਾਰ ਉਥੇ ਉਪ-ਕੁਲਪਤੀ ਨਿਯੁਕਤ ਕਰਨ ਵਿਚ ਵੀ ਅਸਫਲ ਰਹੀ ਹੈ।

ਅਗਲੀ ਗੱਲ ਇਹ ਹੈ ਕਿ ਰਾਜ ਸਰਕਾਰ ਨੂੰ ਦਰਪੇਸ਼ ਵਿੱਤੀ ਸੰਕਟ, ਬੇਰੁਜ਼ਗਾਰੀ, ਖੇਤੀ ਸੰਕਟ ਅਤੇ ਇਸੇ ਕਾਰਨ ਕਿਸਾਨਾਂ ਵਿਚ ਵਧ ਰਹੀ ਬੇਚੈਨੀ ਸਦਕਾ ਰਾਜ ਵਿਚ ਇਕ ਵਾਰ ਫਿਰ ਅੰਦੋਲਨਾਂ ਦਾ ਮਾਹੌਲ ਬਣਦਾ ਜਾ ਰਿਹਾ ਹੈ। ਜੇਕਰ ਵੱਖ-ਵੱਖ ਕਾਰਨਾਂ ਕਰਕੇ ਰਾਜ ਵਿਚ ਮੁੜ ਅੰਦੋਲਨਾਂ ਦਾ ਵਾਤਾਵਰਨ ਬਣਦਾ ਹੈ ਤਾਂ ਇਸ ਨਾਲ ਰਾਜ ਵਿਚ ਮੁੜ ਤੋਂ ਸਨਅਤੀ ਅਤੇ ਵਪਾਰਕ ਸਰਗਰਮੀਆਂ ਦੇ ਨਾਲ-ਨਾਲ ਇਥੋਂ ਦਾ ਆਮ ਜਨਜੀਵਨ ਵੀ ਬੁਰੀ ਤਰਾਂ ਪ੍ਰਭਾਵਿਤ ਹੋਵੇਗਾ। ਰਾਜ ਦੇ ਨੌਜਵਾਨ +2 ਤੋਂ ਬਾਅਦ ਇਥੇ ਆਪਣਾ ਕੋਈ ਭਵਿੱਖ ਨਹੀਂ ਦੇਖਦੇ, ਜਿਸ ਕਾਰਨ ਹਰ ਸਾਲ ਲੱਖਾਂ ਨੌਜਵਾਨ ਸਿੱਖਿਆ ਹਾਸਲ ਕਰਨ ਦੇ ਨਾਂ 'ਤੇ ਵਿਦੇਸ਼ਾਂ ਨੂੰ ਰੁਖ਼ਸਤ ਹੁੰਦੇ ਜਾ ਰਹੇ ਹਨ, ਜਿਸ ਕਾਰਨ ਰਾਜ ਦੇ ਉਚੇਰੀ ਸਿੱਖਿਆ ਦੇ ਸਰਕਾਰੀ ਅਤੇ ਗ਼ੈਰ-ਸਰਕਾਰੀ ਵਿੱਦਿਅਕ ਅਦਾਰਿਆਂ ਵਿਚ ਅਕਸਰ ਸੀਟਾਂ ਖਾਲੀ ਰਹਿ ਜਾਂਦੀਆਂ ਹਨ। ਉੱਘੇ ਬੁੱਧੀਜੀਵੀਆਂ ਦਾ ਮਤ ਹੈ ਕਿ ਜੇ ਇਸੇ ਤਰਾਂ ਰਾਜ ਵਿਚੋਂ ਵੱਡੀ ਪੱਧਰ 'ਤੇ ਨੌਜਵਾਨ ਵਿਦੇਸ਼ਾਂ ਨੂੰ ਜਾਂਦੇ ਰਹੇ ਤਾਂ ਰਾਜ ਦੇ ਵਿਕਾਸ ਲਈ ਲੋੜੀਂਦੀ ਨੌਜਵਾਨ ਸ਼ਕਤੀ ਅਤੇ ਸਮਰੱਥਾ ਦੀ ਰਾਜ ਨੂੰ ਕਮੀ ਦਾ ਸਾਹਮਣਾ ਕਰਨਾ ਪਏਗਾ ਅਤੇ ਇਸ ਤਰਾਂ ਪੰਜਾਬੀਆਂ ਦੀ ਰਾਜ ਵਿਚ ਵਸੋਂ ਵੀ ਨਿਰੰਤਰ ਘਟਦੀ ਜਾਏਗੀ ਅਤੇ ਪੰਜਾਬ ਵਿਚ ਹੀ ਪੰਜਾਬੀ ਘੱਟ-ਗਿਣਤੀ ਬਣ ਕੇ ਰਹਿ ਜਾਣਗੇ। ਇਸ ਦਾ ਰਾਜ ਦੀ ਭਾਸ਼ਾਈ, ਸੱਭਿਆਚਾਰਕ ਅਤੇ ਧਾਰਮਿਕ ਪਛਾਣ 'ਤੇ ਵੀ ਅਸਰ ਪਵੇਗਾ। ਧਾਰਮਿਕ ਪਛਾਣ 'ਤੇ ਵੀ ਅਸਰ ਪਵੇਗਾ।

### ਚੋਣ ਸਿਆਸਤ ਵਿਚ ਲਗਾਤਾਰ ਪਿਛੜ ਰਹੀ ਕਾਂਗਰਸ

ਚੋਣ ਸਿਆਸਤ ਵਿਚ ਲਗਾਤਾਰ ਪਿਛੜ ਰਹੀ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਜਥੇਬੰਦਕ ਅਤੇ ਵਿਚਾਰਧਾਰਕ ਸੰਕਟ ਨਾਲ ਜੂਝ ਰਹੀ ਹੈ। ਭਾਜਪਾ ਵੱਲੋਂ ਪਰਿਵਾਰਵਾਦ ਦੇ ਕੀਤੇ ਜਾ ਰਹੇ ਹਮਲੇ ਅਤੇ ਬਹੁਗਿਣਤੀਵਾਦ ਦੀ ਸਿਆਸਤ ਦਾ ਜਵਾਬ ਦੇਣ ਵਿਚ ਨਾਕਾਮ ਕਾਂਗਰਸ ਨੇ ਰਾਜਸਥਾਨ ਦੇ ਉਦੇਪੁਰ ਸ਼ਹਿਰ ਵਿਖੇ ਚਿੰਤਨ ਸਮਾਗਮ ਬੁਲਾਇਆ ਹੈ। ਇਸ ਦੌਰਾਨ ਕਾਂਗਰਸ ਦੀ ਵਰਕਿੰਗ ਪ੍ਰਧਾਨ ਸੋਨੀਆ ਗਾਂਧੀ ਨੇ ਮੌਜੂਦਾ ਹਾਲਾਤ ਉੱਤੇ ਟਿੱਪਣੀ ਕੀਤੀ ਹੈ ਕਿ ਮੋਦੀ ਸਰਕਾਰ ਦੇਸ਼ ਅੰਦਰ ਸਥਾਈ ਖੇਮੇਬੰਦੀ, ਘੱਟਗਿਣਤੀਆਂ ਖ਼ਿਲਾਫ਼ ਬੇਰਹਿਮੀ ਵਾਲੇ ਵਤੀਰੇ ਅਤੇ ਸਿਆਸੀ ਵਿਰੋਧੀਆਂ ਅੰਦਰ ਡਰ ਅਤੇ ਸਹਿਮ ਪੈਦਾ ਕਰਨ ਦੀ ਰਾਹ ਚੱਲ ਰਹੀ ਹੈ।

ਸੋਨੀਆ ਗਾਂਧੀ ਨੇ ਕਾਂਗਰਸ ਦੀ ਜਥੇਬੰਦਕ ਕਮਜ਼ੋਰੀਆਂ ਦਾ ਜ਼ਿਕਰ ਵੀ ਕੀਤਾ ਹੈ। ਲਗਭਗ 430 ਡੈਲੀਗੇਟਾਂ ਦੇ ਸਮਾਗਮ ਦੌਰਾਨ ਸੋਨੀਆ ਨੇ ਪਾਰਟੀ ਤੋਂ ਕੁਝ ਮੰਗਣ ਦੀ ਬਜਾਇ ਪਾਰਟੀ ਅਤੇ ਦੇਸ਼ ਨੂੰ ਦੇਣ ਦੀ ਮਾਨਸਿਕਤਾ ਬਣਾ ਕੇ ਕੰਮ ਕਰਨ ਦੀ ਨਸੀਹਤ ਦਿੱਤੀ ਹੈ। ਜਾਣਕਾਰੀ ਅਨੁਸਾਰ ਸਮਾਗਮ ਦੌਰਾਨ ਕਈ ਨੁਕਤਿਆਂ ਨੂੰ ਵਿਚਾਰਿਆ ਜਾ ਰਿਹਾ ਹੈ ਜਿਨਾਂ ਵਿਚ ਪਾਰਟੀ ਦੀ ਅੰਦਰੂਨੀ ਜਮਹੂਰੀਅਤ ਬਹਾਲ ਕਰਕੇ ਨਾਮਜ਼ਦਗੀਆਂ ਦੀ ਬਜਾਇ ਅਹੁਦੇਦਾਰਾਂ ਦੀ ਹੇਠਾਂ ਤੋਂ ਉੱਪਰ ਤੱਕ ਚੋਣ ਦੇ ਅਸੂਲ ਨੂੰ ਅਮਲ ਵਿਚ ਲਿਆਉਣਾ, ਸੂਬਾਈ ਇਕਾਈਆਂ ਨੂੰ ਵੱਧ ਤੋਂ ਵੱਧ ਸੰਭਵ ਹੱਦ ਤੱਕ ਖ਼ੁਦਮੁਖ਼ਤਾਰੀ ਦੇਣਾ, ਅਹੁਦਿਆਂ ਵਾਸਤੇ ਆਗੂਆਂ ਦੀ ਉੱਪਰਲੀ ਉਮਰ ਨਿਸ਼ਚਤ ਕਰਨਾ, ਰਾਜ ਸਭਾ ਵਿਚ ਦੋ ਜਾਂ ਤਿੰਨ ਵਾਰ ਤੋਂ ਵੱਧ ਟਿਕਟ ਨਾ ਦੇਣਾ ਅਤੇ ਇਕ ਪਰਿਵਾਰ ਵਿਚੋਂ ਇਕ ਹੀ ਟਿਕਟ ਦੇਣ ਦੇ ਮੁੱਦੇ ਮੁੱਖ ਤੌਰ ਉੱਤੇ ਵਿਚਾਰਨ ਵਾਲੇ ਹਨ।

ਪਿਛਲੇ ਲੰਮੇ ਸਮੇਂ ਤੋਂ ਭਾਜਪਾ ਨੇ ਕਾਂਗਰਸ ਸਮੇਤ ਹੋਰ ਬਹੁਤ ਸਾਰੀਆਂ ਪਾਰਟੀਆਂ ਨੂੰ ਭਾਜਪਾ ਦੇ ਦ੍ਰਿਸ਼ਟੀਕੋਣ ਅਨੁਸਾਰ ਸਿਆਸਤ ਕਰਨ ਲਈ ਮਜਬੂਰ ਕੀਤਾ ਹੈ, ਪਾਰਟੀਆਂ ਵੋਟ ਘਟਣ ਦੇ ਡਰ ਤੋਂ ਧਰਮ ਨਿਰਪੱਖਤਾ ਦੀ ਗੱਲ ਠੋਸ ਰੂਪ ਵਿਚ ਨਹੀਂ ਕਰ ਰਹੀਆਂ। ਸੱਤਾ ਵਿਰੋਧੀ ਭਾਵਨਾਵਾਂ ਦੇ ਆਧਾਰ ਉੱਤੇ ਜਨ ਅੰਦੋਲਨ ਅਤੇ ਜਨਤਕ ਸਿਆਸਤ ਕਰਨ ਤੋਂ ਗੁਰੇਜ਼ ਕੀਤਾ ਜਾਂਦਾ ਰਿਹਾ ਹੈ। ਇਸ ਸਮੇਂ ਮਹਿੰਗਾਈ, ਬੇਰੁਜ਼ਗਾਰੀ, ਖੇਤੀ ਸੰਕਟ ਵਰਗੇ ਅਨੇਕ ਵੱਡੇ ਮੁੱਦੇ ਹਨ ਜਿਨਾਂ ਉੱਤੇ ਅੰਦੋਲਨ ਦੀ ਰਣਨੀਤੀ ਕਾਂਗਰਸ ਦੀ ਸਿਆਸਤ ਦਾ ਹਿੱਸਾ ਨਹੀਂ ਬਣੀ। ਇਹ ਕਾਰਨ ਹੈ ਕਿ ਕਾਂਗਰਸ ਰਾਜਨੀਤਕ ਤੌਰ 'ਤੇ ਫੇਲ ਹੁੰਦੀ ਜਾ ਰਹੀ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਲੁਧਿਆਣਾ ਦਾ ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਦੱਸਦੈ ਯੋਧਿਆਂ ਦੀ ਬਹਾਦਰੀ ਦੀ ਸਾਖੀ

**ਲੁਧਿਆਣਾ/ਏ.ਟੀ.ਨਿਊਜ਼** :- ਸ਼ਹਿਰ ਦਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਕਿਸੇ ਅਜੂਬੇ ਤੋਂ ਘੱਟ ਨਹੀਂ ਹੈ। ਜੇਕਰ ਤੁਸੀਂ ਸ਼ਹੀਦਾਂ ਬਾਰੇ ਜਾਣਨਾ ਚਾਹੁੰਦੇ ਹੋ, ਤਾਂ ਵਾਰ ਮਿਊਜ਼ੀਅਮ ਦੇਖਣ ਲਈ ਸਭ ਤੋਂ ਵਧੀਆ ਜਗਾ ਹੈ। ਇਹ ਸਾਲ 1999 ਵਿੱਚ ਬਹਾਦਰ ਯੋਧਿਆਂ ਨੂੰ ਸ਼ਰਧਾਂਜਲੀ ਦੇਣ ਦੇ ਉਦੇਸ਼ ਨਾਲ ਬਣਾਇਆ ਗਿਆ ਸੀ। ਲਾਈਟ ਐਂਡ ਸਾਊਂਡ ਸ਼ੋਅ ਇਸ ਅਜਾਇਬਘਰ ਦਾ ਮੁੱਖ ਆਕਰਸ਼ਣ ਹੈ, ਜੋ ਪੰਜਾਬ ਦੇ ਬਹਾਦਰ ਯੋਧਿਆਂ ਨੂੰ ਦਰਸਾਉਂਦਾ ਹੈ। ਇੱਥੇ ਤੁਸੀਂ ਜੰਗ ਵਿੱਚ ਵਰਤੇ ਗਏ ਟੈਂਕ, ਐਂਟੀ-ਏਅਰਕ੍ਰਾਫਟ ਗਨ, ਆਈਐਨਐਸ ਵਿਕਰਾਂਤ ਮਾਡਲ, ਪੁਰਾਣੀ ਸੁਖੋਈ ਨੂੰ ਨੇੜੇ ਤੋਂ ਦੇਖ ਸਕਦੇ ਹੋ। ਅਜਾਇਬਘਰ ਵਿੱਚ 12 ਗੈਲਰੀਆਂ ਹਨ, ਜਿਨਾਂ ਵਿੱਚ ਪੁਰਾਤਨ ਇਤਿਹਾਸ,



ਆਜ਼ਾਦੀ ਤੋਂ ਪਹਿਲਾਂ ਦਾ ਇਤਿਹਾਸ, ਜੰਗੀ ਨਾਇਕਾਂ, ਜਲ ਸੈਨਾ ਤੇ ਹਵਾਈ ਸੈਨਾ ਦੀਆਂ ਗੈਲਰੀਆਂ ਖਿੱਚ ਦਾ ਕੇਂਦਰ ਹਨ। ਅਜਾਇਬਘਰ ਦੇ ਮੁੱਖ ਹਾਲ ਵਿੱਚ ਦੇਸ਼ ਦੇ ਵੱਕਾਰੀ ਮਹਾਵੀਰ ਅਤੇ ਵੀਰ ਚੱਕਰ ਜੇਤੂਆਂ ਦੀਆਂ ਤਸਵੀਰਾਂ ਦੇਸ਼ ਦੇ ਯੋਧਿਆਂ ਦੀ ਬਹਾਦਰੀ ਨੂੰ ਦਰਸਾਉਂਦੀਆਂ ਹਨ। ਵਾਰ ਮਿਊਜ਼ੀਅਮ ਵਿੱਚ ਜੰਗੀ ਵਸਤੂਆਂ ਦਾ ਸੰਗ੍ਰਹਿ ਹੈ ਜੋ ਅਜ਼ਾਦੀ ਤੋਂ ਪਹਿਲਾਂ ਤੇ ਬਾਅਦ ਵਿੱਚ ਵਾਪਰੀਆਂ ਸਨ, ਜਿਸ ਵਿੱਚ ਪੁਰਾਤਨ ਹਥਿਆਰ ਵੀ ਸ਼ਾਮਲ ਹਨ। ਪੁਰਾਤਨ ਵਿਰਸੇ ਨੂੰ ਦੇਖਣ ਲਈ ਲੋਕ ਦੂਰ-ਦੂਰ ਤੋਂ ਵੀ ਆਉਂਦੇ ਹਨ। ਇਹ ਅਜਾਇਬਘਰ ਪੂਰੇ ਹਫ਼ਤੇ ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤਕ ਖੁੱਲਾ ਰਹਿੰਦਾ ਹੈ। ਇਸ ਮਿਊਜ਼ੀਅਮ ਵਿੱਚ 40 ਰੁਪਏ ਵਿੱਚ 2 ਘੰਟੇ ਲਈ ਜਾਣਕਾਰੀ ਲਈ ਜਾ ਸਕਦੀ ਹੈ, ਜਦੋਂ ਕਿ ਬੱਚਿਆਂ ਲਈ ਇਹ ਫੀਸ 10 ਰੁਪਏ ਹੈ।

# ਵਿਰੋਧੀ ਪਾਰਟੀਆਂ ਮੋਦੀ ਸਿਆਸਤ ਦਾ ਮੁਕਾਬਲਾ ਕਰਨ ਤੋਂ ਅਸਮਰੱਥ ਕਿਉਂ ?



**ਜ਼ੋਯਾ ਹਸਨ**

ਕਾਂਗਰਸ ਪਾਰਟੀ ਨੇ ਹਾਲ ਹੀ ਵਿਚ ਇਕ ਸਿਆਸੀ ਸਲਾਹਕਾਰ ਨਾਲ ਗੱਲਬਾਤ ਦੇ ਛੇ ਗੇੜ ਚਲਾਏ ਹਨ ਅਤੇ ਯੋਜਨਾ ਇਹ ਸੀ ਕਿ ਪਾਰਟੀ ਦੇ ਪੁਨਰਗਠਨ ਅਤੇ ਇਸ ਦੀਆਂ ਚੋਣ ਪ੍ਰਚਾਰ ਮੁਹਿੰਮਾਂ ਵਿਚ ਜਾਨ ਫੂਕਣ ਲਈ ਉਸ (ਸਲਾਹਕਾਰ) ਦੀਆਂ ਸੇਵਾਵਾਂ ਲਈਆਂ ਜਾਣ। ਇਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਅੰਦਰ ਸਿਆਸੀ ਪਾਰਟੀਆਂ ਵਿਚ ਕਿਸ ਹੱਦ ਤੱਕ ਨਿਘਾਰ ਆ ਗਿਆ ਹੈ ਤੇ ਇਨਾਂ ਕੋਲ ਸੋਚਵਾਨਾਂ ਦਾ ਕਿੱਡਾ ਸੋਕਾ ਪਿਆ ਹੋਇਆ ਹੈ। ਖ਼ੈਰ ! ਗੱਲਬਾਤ ਦਾ ਕੋਈ ਸਿੱਟਾ ਨਾ ਨਿਕਲਿਆ ਕਿਉਂਕਿ ਸੀਨੀਅਰ ਆਗੂ ਉਸ ਨੂੰ ਪਾਰਟੀ ਚਲਾਉਣ ਲਈ ਖੁੱਲ ਦੇਣ ਲਈ ਤਿਆਰ ਨਹੀਂ ਸਨ। ਉਸ ਦੇ ਪਾਰਟੀ ਵਿਚ ਸ਼ਾਮਲ ਹੋਣ ਨਾਲ ਕੁਝ ਚੁਣਾਵੀ ਲਾਭ ਤਾਂ ਮਿਲ ਸਕਦੇ ਸਨ ਪਰ ਪਾਰਟੀ ਲਈ ਬਣਿਆ ਹੋਇਆ ਹੋਂਦ ਦਾ ਸੰਕਟ ਹੱਲ ਨਹੀਂ ਹੋ ਸਕਣਾ ਸੀ ਕਿਉਂਕਿ ਇਸ ਦਾ ਜਵਾਬ ਪਾਰਟੀ ਦੇ ਆਗੂ, ਮੈਂਬਰ ਤੇ ਕਾਡਰ ਹੀ ਦੇ ਸਕਦੇ ਹਨ ਨਾ ਕਿ ਕੋਈ ਬਾਹਰੀ ਏਜੰਟ ਜਾਂ ਚੋਣ ਮੁਹਿੰਮ ਮਾਹਿਰ। ਇਹ ਸੋਚਣਾ ਵੀ ਨਾਦਾਨੀ ਹੋਵੇਗਾ ਕਿ ਕੋਈ ਵੀ ਵਿਅਕਤੀ, ਭਾਵੇਂ ਕਿੰਨਾ ਵੀ ਪ੍ਰਤਿਭਾਸ਼ਾਲੀ ਕਿਉਂ ਨਾ ਹੋਵੇ, ਕਿਸੇ ਚਮਤਕਾਰੀ ਢੰਗ ਨਾਲ ਕਿਸੇ ਪਾਰਟੀ ਦੀ ਤਕਦੀਰ ਬਦਲ ਸਕਦਾ ਹੈ।

ਉਂਝ, ਇਹ ਸਮੱਸਿਆ ਮਹਿਜ਼ ਕਾਂਗਰਸ ਤੱਕ ਮਹਿਦੂਦ ਨਹੀਂ ਹੈ। ਜ਼ਿਆਦਾਤਰ ਪਾਰਟੀਆਂ ਆਪਣੀਆਂ ਚੋਣ ਪ੍ਰਚਾਰ ਮੁਹਿੰਮਾਂ ਚਲਾਉਣ ਲਈ ਇਹੋ ਜਿਹੇ ਤਰੀਕਿਆਂ ਦੀ ਤਲਾਸ਼ ਵਿਚ ਰਹਿੰਦੀਆਂ ਹਨ। ਉਹ ਵੋਟਰਾਂ ਨੂੰ ਕੀਲਣ ਲਈ ਪੇਸ਼ੇਵਰ ਚੋਣ ਪ੍ਰਚਾਰ ਮੁਹਿੰਮ ਪ੍ਰਬੰਧਕਾਂ, ਚੁਣਾਵੀ ਮਾਹਿਰਾਂ ਅਤੇ ਮੁੱਦੇ ਜਾਂ ਕਿਸੇ ਦੀ ਛਵੀ ਉਭਾਰਨ ਵਾਲਿਆਂ ਦੀ ਸ਼ਰਨ ਲੈਂਦੀਆਂ ਹਨ। ਇਹ ਪਹੁੰਚ ਉਲਟ-ਸਿਆਸੀਕਰਨ ਦੀ ਸਿਆਸਤ ਦਾ ਆਭਾਸ ਕਰਾਉਂਦਾ ਹੈ ਤੇ ਆਰਥਿਕ ਉਦਾਰੀਕਰਨ ਦੀ ਉਪਜ ਦੇ ਤੌਰ 'ਤੇ ਅੱਜ ਕੱਲ ਭਾਰਤ ਅਤੇ ਕਈ ਹੋਰਨਾਂ ਦੇਸ਼ਾਂ ਵਿਚ ਇਹ ਖਾਸਾ ਪ੍ਰਚੱਲਿਤ ਹੋ ਗਿਆ ਹੈ।

ਸਿਆਸੀ ਪਾਰਟੀਆਂ ਤੋਂ ਬਿਨਾਂ ਲੋਕਤੰਤਰ ਦੀ ਕਲਪਨਾ ਵੀ ਨਹੀਂ ਕੀਤੀ ਜਾਂਦੀ ਪਰ ਪਾਰਟੀਆਂ ਤੇ ਇਨਾਂ ਦੇ ਤਾਣੇ ਪੇਟੇ ਦਰਮਿਆਨ ਸੱਤਾ ਦੀ ਵੰਡ ਕਰਨ ਵਾਲੇ ਢਾਂਚੇ ਦੀਆਂ ਸੰਸਥਾਵਾਂ ਦੀ ਅਣਹੋਂਦ ਵਿਚ ਭਾਰਤ ਦੀਆਂ ਸਿਆਸੀ ਪਾਰਟੀਆਂ ਮੰਦੜੇ ਹਾਲੀਂ ਹਨ। ਇਹ ਪਾਰਟੀਆਂ ਚੋਣਾਂ ਤੋਂ ਬਾਅਦ ਦੇ ਅਰਸੇ ਅਤੇ ਨਾਗਰਿਕਾਂ ਦੇ ਰੋਜ਼ਮਰਾ ਦੇ ਜੀਵਨ ਵਿਚ ਆਪਣੀ ਸਾਰਥਕ ਸਿਆਸੀ ਮੌਜੂਦਗੀ ਦਰਸਾਉਣ ਦੇ ਕਾਬਲ ਨਹੀਂ ਰਹੀਆਂ। ਚੋਣਾਂ ਲੜਨ ਤੇ ਜਿੱਤਣ ਲਈ ਪਾਰਟੀਆਂ ਦੀ ਲਾਮਬੰਦੀ ਕੀਤੀ ਜਾਂਦੀ ਹੈ। ਪਿਛਲੇ ਕੁਝ ਅਰਸੇ ਤੋਂ ਕੁਝ ਕੁ ਖੇਤਰੀ ਪਾਰਟੀਆਂ ਦੇ ਅਪਵਾਦ ਤੋਂ ਬਿਨਾਂ ਜ਼ਿਆਦਾਤਰ ਸਿਆਸੀ ਪਾਰਟੀਆਂ ਇਸ ਮਾਮਲੇ ਵਿਚ ਕਾਰਗਰ ਨਹੀਂ ਰਹੀਆਂ। ਇਸੇ ਕਰਕੇ ਉਹ ਸਿਆਸੀ ਸਲਾਹਕਾਰਾਂ ਦੀਆਂ ਸੇਵਾਵਾਂ ਹਾਸਲ ਕਰਨ ਤੇ ਆਪਣੀਆਂ ਚੋਣ ਮੁਹਿੰਮਾਂ ਨੂੰ ਪੇਸ਼ੇਵਰ ਢੰਗ ਨਾਲ ਚਲਾਉਣ ਲਈ ਹੱਥ ਪੈਰ ਮਾਰਦੀਆਂ ਹਨ। ਇਸ ਨਾਲ ਸਿਆਸੀ ਸੰਚਾਰ ਬਦਲ ਗਿਆ ਹੈ ਅਤੇ ਚੋਣ ਵਿਧੀਆਂ ਪੇਸ਼ੇਵਰ ਬਣ ਗਈਆਂ ਹਨ ਜਿਸ ਦੀ ਹੋਰ ਪਾਰਟੀਆਂ ਵੀ ਰੀਸ ਕਰਨ ਲੱਗ ਪਈਆਂ ਹਨ। ਬਹਰਹਾਲ, ਚੋਣ ਪ੍ਰਬੰਧਕਾਂ 'ਤੇ ਨਿਰਭਰਤਾ ਕੁਝ ਕਾਰਨਾਂ ਕਰਕੇ ਕਈ ਸਮੱਸਿਆਵਾਂ ਪੈਦਾ ਕਰਦੀ ਹੈ। ਪਹਿਲਾ, ਫੀਡਬੈਕ ਤੇ ਸੂਚਨਾ ਦੇਣ ਦੇ ਮਾਮਲੇ ਵਿਚ ਬਾਹਰਲੇ ਬੰਦਿਆਂ ਨੂੰ ਤਰਜੀਹ ਦੇਣ ਨਾਲ ਪਾਰਟੀਆਂ ਅੰਦਰਲੀ ਪ੍ਰਕਿਰਿਆ ਦਾ ਉਲੰਘਣ ਹੁੰਦਾ ਹੈ। ਅੰਤ ਨੂੰ ਇਸ ਨਾਲ ਪਾਰਟੀਆਂ ਅੰਦਰਲੇ ਢਾਂਚੇ ਗੌਣ ਹੋ ਜਾਂਦੇ ਹਨ। ਪਾਰਟੀ ਦੀ ਵਿਚਾਰਧਾਰਾ ਦੀ ਤਰਜਮਾਨੀ ਕਰਨ ਦੀ ਬਜਾਏ ਸਟੇਟ ਜਾਂ ਰਿਆਸਤ ਤੋਂ ਕੁਝ ਖ਼ੈਰਾਤਾਂ ਤੇ ਚੰਗੇ ਸ਼ਾਸਨ ਦੇ ਵਾਅਦੇ ਕਰਨ ਵਾਲੇ ਕਿਸੇ ਆਗੂ ਦੁਆਲੇ ਚੋਣ ਮੁਹਿੰਮ ਸਿਰਜਣ ਨਾਲ ਪਾਰਟੀ ਪ੍ਰਕਿਰਿਆਵਾਂ ਵੀ ਗੌਣ ਹੋ ਕੇ ਰਹਿ ਜਾਂਦੀਆਂ ਹਨ। ਇਸ ਨਾਲ ਪਾਰਟੀ ਦੇ ਮੰਚ ਦਾ ਵਿਚਾਰਧਾਰਕ ਖ਼ਾਸਾ ਖ਼ਤਮ ਹੋ ਸਕਦਾ ਹੈ। ਇਹੋ ਜਿਹੇ ਸਾਂਚੇ ਅੰਦਰ ਸੜਕ ਦੀ ਸਿਆਸਤ ਜਾਂ ਸਿਆਸੀ ਲਾਮਬੰਦੀ ਅਤੇ ਸਮਾਜਿਕ ਅੰਦੋਲਨ ਲਈ ਕੋਈ ਜਗਾ ਨਹੀਂ ਬਚਦੀ। ਇਸ ਨਾਲ ਸਿਆਸਤ ਅਤੇ ਨੈੱਟਵਰਕ ਦੇ ਤੌਰ 'ਤੇ ਸਿਆਸੀ ਪਾਰਟੀਆਂ ਅਤੇ ਇਨਾਂ ਨਾਲ ਜੁੜੀਆਂ ਸਮਾਜਿਕ ਜਥੇਬੰਦੀਆਂ ਦਾ ਕੱਦ ਬੁੱਤ ਬਹੁਤ ਹੱਦ ਤੱਕ ਘਟ ਜਾਂਦਾ ਹੈ।

ਬੇਸ਼ੱਕ ਸਿਆਸੀ ਪਾਰਟੀਆਂ ਲੋਕਰਾਜੀ ਚੋਣਾਂ ਤੇ ਪ੍ਰਤੀਨਿਧ ਲੋਕਤੰਤਰ ਦੀ ਨੀਂਹ ਹੁੰਦੀਆਂ ਹਨ। ਵੱਖ ਵੱਖ ਮੁੱਦਿਆਂ ਅਤੇ ਜਨਤਕ ਤਰਜੀਹਾਂ ਵਿਚਕਾਰ ਤਾਲਮੇਲ ਬਿਠਾ ਕੇ ਆਮ ਸਹਿਮਤੀ ਪੈਦਾ ਕਰਨ ਲਈ ਸਿਰਫ਼ ਸਿਆਸੀ ਪਾਰਟੀਆਂ ਹੀ ਵੱਡੇ ਤੇ ਭਾਂਤ ਭਾਂਤ ਦੇ ਵੋਟਰ ਸਮੂਹਾਂ ਦਰਮਿਆਨ ਇਕਸੁਰਤਾ ਕਾਇਮ ਕਰ ਸਕਦੀਆਂ ਹਨ। ਇਨਾਂ ਦੁਆਲੇ ਘੁੰਮਣ ਵਾਲੇ ਬਿਰਤਾਂਤਾਂ ਵਿਚ ਹਰ ਤਰਾਂ ਦਾ ਦਬਾਓ ਤੇ ਖਿਚਾਓ ਸ਼ਾਮਲ ਹੁੰਦਾ ਹੈ ਪਰ ਇਹ ਪਾਰਟੀ ਪ੍ਰਕਿਰਿਆ ਦਾ ਅਨਿੱਖੜਵਾਂ ਅੰਗ ਗਿਣਿਆ ਜਾਂਦਾ ਹੈ।

ਸਿਆਸੀ ਪ੍ਰਬੰਧ ਦਾ ਸਲਾਹਕਾਰ ਸੇਧਤ ਮਾਡਲ ਇਨਾਂ ਪ੍ਰਕਿਰਿਆਵਾਂ ਦੀ ਅਣਦੇਖੀ ਕਰਦਿਆਂ ਇਨਾਂ ਦੀ ਥਾਂ ਵਿਚਾਰਧਾਰਾ ਤੋਂ ਵਿਰਵੇ ਅਜਿਹੇ ਤੌਰ ਤਰੀਕੇ ਲੈ ਕੇ ਆਉਂਦਾ ਹੈ ਜੋ ਚੋਣਾਂ ਦਾ ਮਾਹੌਲ ਤਾਂ ਸਿਰਜ ਲੈਂਦਾ ਹੈ ਪਰ ਪਾਰਟੀ ਪ੍ਰਣਾਲੀ ਨੂੰ ਕਮਜ਼ੋਰ ਕਰ ਸੁੱਟਦਾ ਹੈ। ਇਸ ਦੀ ਚੋਣ ਮੁਹਿੰਮ ਅਮਰੀਕੀ ਰਾਸ਼ਟਰਪਤੀ ਦੀ ਚੋਣ ਦੀ ਤਰਜ਼ ਵਾਲੀ ਹੁੰਦੀ ਹੈ ਜਿਸ ਦਾ ਸਾਰਾ ਦਾਰੋਮਦਾਰ ਇਕ ਹੀ ਆਗੂ ਉਪਰ ਹੁੰਦਾ ਹੈ। ਇਹ ਬਹੁਤ ਹੀ ਕੇਂਦਰਤ ਮਾਡਲ ਹੈ ਜੋ ਪਾਰਟੀ ਦੇ ਆਗੂ ਨਾਲ ਸਿੱਧੇ ਤੌਰ 'ਤੇ ਜੁੜਿਆ ਹੁੰਦਾ ਹੈ। ਇਸ ਤਹਿਤ ਸਲਾਹਕਾਰ ਚੋਣ ਮੁਹਿੰਮ ਹੀ ਨਹੀਂ ਚਲਾਉਂਦੇ ਸਗੋਂ ਪਾਰਟੀ ਦੇ ਸੰਗਠਨ ਤੇ ਟਿਕਟਾਂ ਵੰਡਣ ਬਾਬਤ ਫ਼ੈਸਲੇ ਵੀ ਲੈਂਦੇ ਹਨ।

ਖੱਬੀਆਂ ਪਾਰਟੀਆਂ ਨੂੰ ਛੱਡ ਕੇ ਭਾਰਤ ਦੀਆਂ ਬਹੁਤੀਆਂ ਸਿਆਸੀ ਪਾਰਟੀਆਂ ਨੇ ਇਹ ਮਾਡਲ ਅਪਣਾ ਲਿਆ ਹੈ ਕਿਉਂਕਿ ਉਹ ਜਥੇਬੰਦਕ ਰੂਪ ਵਿਚ ਕਮਜ਼ੋਰ ਹਨ ਅਤੇ ਵਿਅਕਤੀਗਤ ਆਗੂਆਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਖੱਬੀਆਂ ਪਾਰਟੀਆਂ ਦੀ ਤ੍ਰਾਸਦੀ ਇਹ ਹੈ ਕਿ ਇਹ ਭਾਵੇਂ ਜਥੇਬੰਦਕ ਰੂਪ ਵਿਚ ਮਜ਼ਬੂਤ ਹਨ ਪਰ ਕੁਝ ਕੁ ਸੂਬਿਆਂ ਤੋਂ ਬਾਹਰ ਚੁਣਾਵੀ ਰੂਪ ਵਿਚ ਕਾਰਗਰ ਨਹੀਂ ਰਹੀਆਂ। ਭਾਜਪਾ ਤੋਂ ਲੈ ਕੇ ਕਾਂਗਰਸ ਤੇ ਖੇਤਰੀ ਪਾਰਟੀਆਂ ਤੱਕ ਬਹੁਤੀਆਂ ਪਾਰਟੀਆਂ ਸਿਆਸੀ ਸਲਾਹਕਾਰਾਂ ਦੀਆਂ ਸੇਵਾਵਾਂ ਲੈਂਦੀਆਂ ਹਨ ਜਿਸ ਤੋਂ ਇਨਾਂ ਦੀ ਅਹਿਮੀਅਤ ਦੀ ਤਸਦੀਕ ਹੁੰਦੀ ਹੈ। 2021 ਵਿਚ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਵੱਡੀ ਜਿੱਤ ਨਾਲ ਉਨਾਂ ਦੀ ਅਹਿਮੀਅਤ ਹੋਰ ਵਧੀ ਹੈ। ਇਸ ਜਿੱਤ ਦਾ ਸਿਹਰਾ ਆਮ ਤੌਰ 'ਤੇ ਸਿਆਸੀ ਸਲਾਹਕਾਰ ਨੂੰ ਦਿੱਤਾ ਜਾਂਦਾ ਹੈ ਜਦੋਂਕਿ ਆਗੂਆਂ, ਪਾਰਟੀਆਂ ਅਤੇ ਉਨਾਂ ਦੇ ਕਾਰਕੁਨਾਂ ਦੀ ਭੂਮਿਕਾ ਨੂੰ ਘਟਾ ਕੇ ਪੇਸ਼ ਕੀਤਾ ਜਾਂਦਾ ਹੈ।

ਕੁਝ ਵੀ ਹੋਵੇ, ਸਿਆਸੀ ਆਗੂ ਲਾਮਬੰਦੀ ਅਤੇ ਸੰਚਾਰ ਦਾ ਕਾਰਜ ਪੇਸ਼ੇਵਰ ਲੋਕਾਂ ਦੇ ਹੱਥਾਂ ਵਿਚ ਸੌਂਪਦੇ ਜਾ ਰਹੇ ਹਨ। ਕਿਸੇ ਸਿਆਸਤਦਾਨ ਲਈ ਸਭ ਤੋਂ ਅਹਿਮ ਕਾਰਜ ਲੋਕ ਰਾਏ ਨੂੰ ਸਮਝਣਾ ਤੇ ਲਾਮਬੰਦ ਕਰਨਾ ਹੁੰਦਾ ਹੈ ਤਾਂ ਵੀ ਬਹੁਤ ਸਾਰੇ ਆਗੂ ਇਹ ਬੁਨਿਆਦੀ ਕਾਰਜ ਆਪਣੀ ਹੀ ਪਾਰਟੀ ਦੇ ਕਿਸੇ ਆਗੂ ਨੂੰ ਸੌਂਪਣ ਦੀ ਬਜਾਏ ਕਿਸੇ ਬਾਹਰਲੇ ਵਿਅਕਤੀ ਨੂੰ ਸੌਂਪਣ ਲਈ ਰਾਜ਼ੀ ਹੁੰਦੇ ਹਨ। ਸਲਾਹਕਾਰ ਤੇ ਨੌਜਵਾਨ ਮਾਰਕੀਟਿੰਗ ਪੇਸ਼ੇਵਰ ਜਿਵੇਂ ਇਨਾਂ ਆਗੂਆਂ ਦੀ ਥਾਂ ਲੈ ਰਹੇ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਭਾਰਤ ਅੰਦਰ ਰਾਜਨੀਤੀ ਦੇ ਕਾਰਵਿਹਾਰ ਵਿਚ ਇਕ ਵੱਡੀ ਤਬਦੀਲੀ ਹੋ ਚੁੱਕੀ ਹੈ। ਵਿਰੋਧੀ ਪਾਰਟੀਆਂ ਨੂੰ ਦਰਪੇਸ਼ ਸਭ ਤੋਂ ਵੱਡੀ ਚੁਣੌਤੀ ਸੱਤਾਧਾਰੀ ਪਾਰਟੀ ਦੀ ਵਿਚਾਰਧਾਰਾ ਅਤੇ ਇਸ ਦੀਆਂ ਦਮਨਕਾਰੀ ਨੀਤੀਆਂ ਹਨ ਪਰ ਇਨਾਂ ਮੁੱਦਿਆਂ ਨੂੰ ਆਗੂ ਦੇ ਜਾਤੀ ਕ੍ਰਿਸ਼ਮੇ ਤਹਿਤ ਸੁਸ਼ਾਸਨ ਦੇ ਏਜੰਡੇ ਦੀ ਭੇਟ ਚੜ੍ਹਾ ਦਿੱਤਾ ਜਾਂਦਾ ਹੈ। ਚਾਹੇ ਕੋਈ ਵੀ ਪਾਰਟੀ ਹੋਵੇ, ਸਫ਼ਲ ਚੋਣ ਪ੍ਰਬੰਧਨ ਸਿਆਸੀ ਪਾਰਟੀਆਂ ਦੇ ਕੰਮਕਾਜ ਨੂੰ ਸੰਸਥਾਈ ਰੂਪ ਨਹੀਂ ਦੇ ਸਕਦਾ। ਚੋਣਾਂ ਜਿੱਤਣ ਤੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਚੋਣ ਪ੍ਰਬੰਧਕਾਂ ਦੇ ਨੁਸਖਿਆਂ ਨਾਲ ਪਹਿਲਾਂ ਹੀ ਜਥੇਬੰਦਕ ਕਮਜ਼ੋਰੀ ਦਾ ਸਾਹਮਣਾ ਕਰ ਰਹੀਆਂ ਸਿਆਸੀ ਪਾਰਟੀਆਂ ਦਾ ਹੋਰ ਜ਼ਿਆਦਾ ਜਥੇਬੰਦਕ ਨੁਕਸਾਨ ਹੋ ਜਾਵੇਗਾ। ਜਿੱਥੋਂ ਤੱਕ ਕਾਂਗਰਸ ਦਾ ਸਵਾਲ ਹੈ ਤਾਂ ਇਹ ਨਾ ਤਾਂ ਪਾਰਟੀ ਦੇ ਮਾਰਗ ਦਰਸ਼ਨ ਲਈ ਕੋਈ ਸੰਸਥਾਈ ਲੀਡਰਸ਼ਿਪ ਢਾਂਚਾ ਸਿਰਜ ਸਕੇਗਾ ਤੇ ਨਾ ਹੀ ਪਾਰਟੀ ਦੇ ਢਾਂਚੇ ਦੀ ਕਾਇਆਕਲਪ ਕਰ ਕੇ ਸੂਬਾਈ ਇਕਾਈਆਂ ਨੂੰ ਮਜ਼ਬੂਤੀ ਬਖ਼ਸ਼ ਸਕੇਗਾ ਜਿਸ ਦੀ ਲੋੜ ਨੂੰ ਪਾਰਟੀ ਦੇ ਮੰਚਾਂ 'ਤੇ ਹਾਲ ਹੀ ਵਿਚ ਹੋਈਆਂ ਵਿਚਾਰ ਚਰਚਾਵਾਂ ਵਿਚ ਉਜਾਗਰ ਕੀਤਾ ਗਿਆ ਸੀ। ਬੁਨਿਆਦੀ ਤੌਰ 'ਤੇ ਕਾਂਗਰਸ ਨੂੰ ਆਪਣਾ ਬਿਰਤਾਂਤ ਸਿਰਜਣ ਅਤੇ ਇਸ ਨੂੰ ਪ੍ਰਚਾਰਨ ਲਈ ਆਪਣੇ ਨੈੱਟਵਰਕ ਖੜ੍ਹੇ ਕਰਨ ਦੀ ਲੋੜ ਹੈ।

ਇਸ ਸਮੇਂ ਭਾਰਤੀ ਜਨਤਾ ਪਾਰਟੀ ਤੋਂ ਸੱਤਾ ਖੋਹਣ ਦੀ ਅਹਿਮੀਅਤ ਨੂੰ ਲੋੜੋਂ ਵੱਧ ਤਵੱਜੋ ਨਹੀਂ ਦੇਣੀ ਚਾਹੀਦੀ ਤੇ ਇਹ ਗੱਲ ਸਮਝ ਆਉਂਦੀ ਹੈ ਕਿ ਵਿਰੋਧੀ ਧਿਰ ਦੇ ਆਗੂ ਆਪਣੀਆਂ ਜੇਤੂ ਸੰਭਾਵਨਾਵਾਂ ਨੂੰ ਬਲ ਦੇਣ ਲਈ ਸੂਚਨਾਵਾਂ ਦੀ ਤਲਾਸ਼ ਕਰ ਰਹੇ ਹਨ ਖ਼ਾਸਕਰ ਉਦੋਂ ਜਦੋਂ ਉਨਾਂ ਨੂੰ ਇਕ ਅਜਿਹੇ ਸਿਆਸੀ ਵਿਰੋਧੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕੋਲ ਅਥਾਹ ਸਰੋਤ, ਮੀਡੀਆ ਦੀ ਇਮਦਾਦ ਤੇ ਧਨ ਸ਼ਕਤੀ ਹੈ।

ਇਹ ਮਾਡਲ ਲੰਮੇ ਦਾਅ ਤੋਂ ਪਾਰਟੀਆਂ ਤੇ ਲੋਕਤੰਤਰ ਦੀ ਕਦਰ ਘਟਾਉਂਦਾ ਹੈ। ਸਿਆਸੀ ਪਾਰਟੀਆਂ ਨੂੰ ਵਿਰੋਧ ਦੀ ਰਾਜਨੀਤੀ ਦੇ ਬੁਨਿਆਦੀ ਜਥੇਬੰਦਕ ਤੇ ਵਿਚਾਰਧਾਰਕ ਖੱਪਿਆਂ ਦੀ ਭਰਪਾਈ ਕਰਨ ਦੇ ਤਰੀਕੇ ਲੱਭਣੇ ਪੈਣਗੇ ਤਾਂ ਕਿ ਲੋਕਤੰਤਰ ਦੀ ਰਾਖੀ ਕੀਤੀ ਜਾ ਸਕੇ। ਇਸ ਪ੍ਰਕਿਰਿਆ ਦਾ ਮਤਲਬ ਆਪਣੀ ਪ੍ਰਸੰਗਕਤਾ ਮੁੜ ਬਣਾਉਣ ਲਈ ਸ਼ਨਾਖਤ ਦੀ ਰਾਜਨੀਤੀ ਤੋਂ ਪਾਰ ਜਾ ਕੇ ਸ਼ਖ਼ਸੀਅਤਾਂ ਤੋਂ ਪਰੇ ਦੇ ਸਿੱਟਿਆਂ ਦਾ ਅਜਿਹਾ ਬਿਰਤਾਂਤ ਸਿਰਜਣਾ ਹੈ ਜੋ ਫ਼ਿਰਕੂ ਨਫ਼ਰਤ ਤੇ ਨਵ-ਉਦਾਰਵਾਦੀ ਅਰਥਚਾਰੇ ਖਿਲਾਫ਼ ਲੜਾਈ 'ਤੇ ਕੇਂਦਰਤ ਹੋਵੇ ਨਾ ਕਿ ਸਿਆਸੀ ਸਲਾਹਕਾਰਾਂ ਦਾ ਮੁਥਾਜ ਹੋਵੇ।



# ਬੇਰੁਜ਼ਗਾਰੀ, ਮਹਿੰਗਾਈ ਅਤੇ ਅਜ਼ਾਦੀ, ਤਬਾਹੀ ਕੰਢੇ ਭਾਰਤ



**ਗੁਰਮੀਤ ਸਿੰਘ ਪਲਾਹੀ**
9815802070

ਗੱਲ ਭਾਰਤ ਵਿਚ ਅਜ਼ਾਦੀ ਦੇ ਮੁੱਦੇ ਤੋਂ ਸ਼ੁਰੂ ਕਰ ਲੈਂਦੇ ਹਾਂ ਕਿਉਂਕਿ ਇਹ ਦੇਸ਼ 'ਚ ਵੱਧ ਰਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਵੀ ਵੱਧ ਮਹੱਤਵਪੂਰਨ ਅਤੇ ਚਿੰਤਾਜਨਕ ਹੈ। ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਸੁਪਰੀਮ ਕੋਰਟ ਵਿਚ ਕਈ ਮੁਕੱਦਮੇ ਲੰਬਿਤ ਪਏ ਹਨ, ਜੋ ਆਜ਼ਾਦੀ ਨਾਲ ਜੁੜੇ ਹੋਏ ਹਨ। ਸੂਝਵਾਨ, ਚਿੰਤਾਵਾਨ ਸ਼ਖ਼ਸੀਅਤਾਂ ਨੇ ਦੇਸ਼ 'ਚ ਖੁਰ ਰਹੇ ਆਜ਼ਾਦੀ ਦੇ ਹੱਕਾਂ ਨੂੰ ਥਾਂ ਸਿਰ ਕਰਨ ਲਈ ਸੁਪਰੀਮ ਕੋਰਟ ਦੇ ਸਹੀ ਫੈਸਲਿਆਂ ਦੀ ਤਵੱਕੋ ਕੀਤੀ ਹੈ। ਕੁਝ ਮੁਕੱਦਮੇ ਹੇਠ ਲਿਖੇ ਹਨ :-

1. ਚੋਣ ਬੌਂਡ ਮਾਮਲਾ- ਕੀ ਰਾਜ (ਕੇਂਦਰ ਸਰਕਾਰ) ਇਹੋ ਜਿਹਾ ਕਾਨੂੰਨ ਬਣਾ ਸਕਦੀ ਹੈ, ਜੋ ਉਦਯੋਗ ਜਗਤ (ਜਿਸ ਵਿਚ ਘਾਟੇ ਵਾਲੀਆਂ ਕੰਪਨੀਆਂ ਵੀ ਸ਼ਾਮਲ ਹਨ) ਨੂੰ ਸਿਆਸੀ ਦਲਾਂ ਨੂੰ ਬੇਨਾਮੀ ਅਤੇ ਅਸੀਮਤ ਦਾਨ ਦੇਣ ਦਾ ਹੱਕ ਦਿੰਦਾ ਹੋਵੇ ਅਤੇ ਕੁਸ਼ਲਤਾ ਨਾਲ ਭ੍ਰਿਸ਼ਟਾਚਾਰ, ਕਰੋਨੀ ਪੂੰਜੀਵਾਦ ਅਤੇ ਸੱਤਾਧਾਰੀ ਪਾਰਟੀ ਨੂੰ ਦਾਨ ਦਾ ਰਸਤਾ ਸਾਫ਼ ਕਰਦਾ ਹੋਵੇ?

2. ਪੂਰਨ ਬੰਦੀ- ਕੀ ਰਾਜ (ਕੇਂਦਰ ਸਰਕਾਰ) ਲੋਕਾਂ ਨੂੰ ਬਿਨਾਂ ਨੋਟਿਸ ਦਿੱਤੇ ਪੂਰਨਬੰਦੀ ਲਾਗੂ ਕਰ ਸਕਦੀ ਹੈ? ਅਤੇ ਕਰੋੜਾਂ ਲੋਕਾਂ ਨੂੰ ਬਿਨਾਂ ਘਰ, ਖਾਣਾ, ਪਾਣੀ, ਦਵਾਈ, ਪੈਸੇ ਅਤੇ ਆਪਣੇ ਸਥਾਈ ਟਿਕਾਣੇ ਤੱਕ ਘੁੰਮਣ ਦੇ ਲਈ ਯਾਤਰਾ ਦੇ ਸਾਧਨਾਂ ਬਿਨਾਂ ਛੱਡ ਸਕਦਾ ਹੈ?

3. ਰਾਜਧ੍ਰੋਹ-ਕੀ ਰਾਜ (ਕੇਂਦਰ ਸਰਕਾਰ) ਆਈ.ਪੀ.ਸੀ. ਧਾਰਾ 124 ਏ ਤਹਿਤ ਉਨ੍ਹਾਂ ਲੋਕਾਂ ਉੱਤੇ ਰਾਜਧ੍ਰੋਹ ਦੇ ਮੁਕੱਦਮੇ ਥੋਪ ਸਕਦਾ ਹੈ, ਜੋ ਉਸਦੀਆਂ ਗਤੀਵਿਧੀਆਂ ਦਾ ਵਿਰੋਧ ਕਰਦੇ ਹੋਣ ਜਾਂ ਮਖੌਲ ਉਡਾਉਂਦੇ ਹੋਣ।

4. ਮੁਠਭੇੜਾਂ ਅਤੇ ਬੁਲਡੋਜ਼ਰ-ਕੀ ਰਾਜ (ਕੇਂਦਰ ਸਰਕਾਰ) ਅਸਹਿਮਤੀ ਰੱਖਣ ਵਾਲੇ ਜਾਂ ਵਿਰੋਧ ਕਰਨ ਵਾਲਿਆਂ ਦੇ ਖਿਲਾਫ਼ ਮੁਠਭੇੜ ਜਾਂ ਘਰ ਢਾਹੁਣ ਜਿਹੇ ਤਰੀਕੇ ਅਖ਼ਤਿਆਰ ਕਰ ਸਕਦਾ ਹੈ?

5. ਧਾਰਾ 370 ਖਤਮ ਕਰਨਾ-ਕੀ ਰਾਜ (ਕੇਂਦਰ ਸਰਕਾਰ) ਕਿਸੇ ਸੂਬੇ ਨੂੰ, ਜੋ ਇੰਸਟਰੂਮੈਂਟ ਆਫ਼ ਐਕਸੇਲੇਸ਼ਨ (ਸ਼ਾਮਲ ਹੋਣ ਦਾ ਦਸਤਾਵੇਜ਼) ਦੇ ਤਹਿਤ ਕੇਂਦਰ ਵਿਚ ਸ਼ਾਮਿਲ ਹੋਇਆ ਸੀ, ਉਸ ਨੂੰ ਲੋਕਾਂ ਜਾਂ ਰਾਜ ਵਿਧਾਨ ਸਭਾ ਦੀ ਸਹਿਮਤੀ ਲਏ ਬਿਨਾਂ ਦੋ ਉੱਪ ਰਾਜ ਇਕਾਈਆਂ 'ਚ ਵੰਡ ਸਕਦਾ ਹੈ?

6. ਵਿਮੁਦਰੀਕਰਨ ਦਾ ਮਾਮਲਾ - ਕੀ ਰਾਜ (ਕੇਂਦਰ ਸਰਕਾਰ) ਬਿਨਾਂ ਨੋਟਿਸ ਦੇ ਸਿਆਸੀ ਫੀਸਦੀ ਮੁਦਰਾ ਦਾ ਵਿਮੁਦਰੀਕਰਨ ਕਰਕੇ ਲੱਖਾਂ ਲੋਕਾਂ ਨੂੰ ਕੁਝ ਦਿਨ ਲਈ ਖਾਣੇ ਅਤੇ ਦਵਾਈਆਂ ਤੋਂ ਵੰਚਿਤ ਕਰ ਸਕਦਾ ਹੈ?

ਅਸਲ ਵਿਚ ਭਾਰਤ ਰਾਜ ਦੀਆਂ ਨੀਹਾਂ ਉੱਤੇ ਜਾਣ ਬੁਝ ਕੇ ਅਤੇ ਪੂਰੀ ਤਰ੍ਹਾਂ ਨਿੰਠ ਕੇ ਹਮਲੇ ਦੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਲੋਕਾਂ ਦੀ ਆਜ਼ਾਦੀ ਅਤੇ ਮੁੱਢਲੇ ਸੰਵਿਧਾਨਕ ਅਧਿਕਾਰਾਂ ਤੋਂ ਵੰਚਿਤ ਕਰਨ ਦੀ ਇਹ ਭਾਰੀ ਕੋਸ਼ਿਸ਼ ਹੈ। ਵਿਸ਼ਵ ਪ੍ਰੈਸ ਅਜ਼ਾਦੀ ਸੂਚਾਂਕ ਵਿਚ ਭਾਰਤ ਇਕ ਸੌ ਅੱਸੀ ਦੇਸ਼ਾਂ ਵਿਚ ਇੱਕ ਸੌ ਪੰਜਾਹਵੇਂ ਥਾਂ 'ਤੇ ਆ ਗਿਆ ਹੈ।

ਭਾਰਤੀ ਸੰਵਿਧਾਨ ਵਿਚ ਜੋ ਲਿਖਿਆ ਹੈ, ਕੇਂਦਰ ਸਰਕਾਰ ਉਸ ਤੋਂ ਪਰੇ ਜਾ ਕੇ ਕਿਸੇ ਵੀ ਅਧਿਕਾਰ ਸ਼ਕਤੀ ਜਾਂ ਕਰਤੱਵ ਉੱਤੇ ਕੋਈ ਅਧਿਕਾਰ ਨਹੀਂ ਜਤਾ ਸਕਦੀ। ਸੰਵਿਧਾਨ ਵਿਚ ਜੋ ਲਿਖਿਆ ਹੈ, ਕਈ ਵਾਰ ਉਸ ਦਾ ਅਰਥ ਝਗੜੇ ਦੀ ਜੜ ਬਣ ਜਾਂਦਾ ਹੈ ਅਤੇ ਫਿਰ ਉਸ ਦੀ ਵਿਆਖਿਆ/ਸੰਵਿਧਾਨਕ ਵਿਆਖਿਆ ਦਾ ਅਧਿਕਾਰ ਨਿਆਂਪਾਲਿਕਾ (ਨਿਆਂਇਕ ਸ਼ਕਤੀਆਂ ਦੀ ਇਕਮਾਤਰ ਸੰਸਥਾ) ਨੂੰ ਹੈ, ਲੇਕਿਨ ਉਸ ਦੇ ਸਾਹਮਣੇ, ਵਿਧਾਇਕਾ ਖੜੀ ਹੋ ਗਈ ਹੈ, ਕਿਉਂਕਿ ਉਸ ਕੋਲ ਕਾਨੂੰਨ ਬਨਾਉਣ ਦੀਆਂ ਸ਼ਕਤੀਆਂ ਹਨ। ਜੱਜ ਨਿਯੁਕਤ ਤਾਂ ਕੀਤੇ ਜਾਂਦੇ ਹਨ, ਪਰ ਉਨ੍ਹਾਂ ਦੀ ਨਿਯੁਕਤੀ ਕਰਨ ਦਾ ਅਧਿਕਾਰ ਆਮ ਤੌਰ 'ਤੇ ਸਰਕਾਰ ਕੋਲ ਹੈ। ਇਸ ਵਿਵਸਥਾ ਵਿਚ ਇਹੋ ਜਿਹੇ ਮੌਕੇ ਵੀ ਆ ਸਕਦੇ ਹਨ, ਜਦੋਂ ਇਕ ਲਿਖੇ ਹੋਏ ਸ਼ਬਦ ਅਤੇ ਉਸ ਦੇ ਅਰਥ ਨੂੰ ਲੈ ਕੇ ਵਿਵਾਦ ਖੜਾ ਹੋ ਸਕਦਾ ਹੈ। ਇਹੋ ਜਿਹੇ ਮੌਕੇ ਵੀ ਆਉਣਗੇ ਜਦੋਂ ਵਿਧਾਇਕਾ ਅਤੇ ਨਿਆਂਪਾਲਿਕਾ ਦੇ ਵਿਚ ਅਸਹਿਮਤੀ ਦੀ ਨੌਬਤ ਬਣ ਜਾਏ। ਭਾਵੇਂ ਸਿੱਧੇ ਤੌਰ 'ਤੇ ਭਾਰਤ ਵਿਚ ਇਹੋ ਜਿਹੀ ਸਥਿਤੀ ਨਹੀਂ ਬਣੀ, ਪਰ ਸੁਪਰੀਮ ਕੋਰਟ ਦੇ ਮੁੱਖ ਜੱਜ ਦਾ ਇਹ ਬਿਆਨ ਧਿਆਨ ਮੰਗਦਾ ਹੈ, ਜਿਹੜੇ ਕਹਿੰਦੇ ਹਨ ਕਿ ਸੁਪਰੀਮ ਕੋਰਟ ਵਲੋਂ ਕੀਤੇ ਕਈ ਫੈਸਲਿਆਂ ਦੀ ਰਾਜ (ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ) ਵੱਲੋਂ ਅਣਦੇਖੀ ਕੀਤੀ ਜਾ ਰਹੀ ਹੈ।

ਮੌਜੂਦਾ ਕੇਂਦਰ ਸਰਕਾਰ ਬੇਕਾਬੂ ਹੋਏ ਘੋੜੇ ਵਾਂਗਰ, ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਹੈ। ਨੋਟਬੰਦੀ, ਕਿਸਾਨਾਂ ਵਿਰੁੱਧ ਕਾਨੂੰਨ, ਕਸ਼ਮੀਰ ਵਿਚੋਂ 370 ਦਾ ਖਾਤਮਾ ਅਤੇ ਬਿਨਾਂ ਦਲੀਲ ਅਪੀਲ ਦੇਸ਼ ਦੇ ਬੁਧੀਜੀਵੀਆਂ ਪੱਤਰਕਾਰਾਂ ਉੱਤੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਨਾ, ਸੰਵਿਧਾਨ ਵਲੋਂ ਦਿੱਤੇ ਨਾਗਰਿਕ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਕੀ ਖਾਣਾ ਹੈ, ਕੀ ਪੀਣਾ ਹੈ, ਕਿਥੇ ਤੇ ਕਦੋਂ ਇਬਾਦਤ ਕਰਨੀ ਹੈ, ਆਪਣੇ ਧਰਮ ਅਕੀਦਾ ਮੰਨਣਾ ਹੈ ਤਾਂ ਕਿਵੇਂ ਮੰਨਣਾ ਹੈ ਵਰਗੇ ਮਸਲਿਆਂ ਉੱਤੇ ਸਿੱਧਾ ਦਖ਼ਲ ਅਤੇ ਸਿਆਸੀ ਵਿਰੋਧੀ ਵਿਰੁੱਧ ਧੌਂਸ ਧੱਕਾ ਅਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਨਾਲ ਲੋਕ ਆਜ਼ਾਦੀ 'ਚ ਸਿੱਧਾ ਦਖ਼ਲ ਹੋਇਆ ਹੈ। ਇਸ ਨਾਲ ਸਾਰੇ ਦੇਸ਼ ਵਿਚ ਹੀ ਨਹੀਂ ਅੰਤਰਰਾਸ਼ਟਰੀ ਪੱਧਰ ਉੱਤੇ ਭਾਰਤ ਦਾ ਨਾਮ ਬਦਨਾਮ ਹੋਇਆ ਹੈ।

ਦੇਸ਼ 'ਚ ਘੱਟਗਿਣਤੀਆਂ ਦੀ ਅਜ਼ਾਦੀ ਖ਼ਤਰੇ 'ਚ ਹੈ। ਦੇਸ਼ ਦੇ ਕਈ ਥਾਵੀਂ ਉਨ੍ਹਾਂ 'ਤੇ ਹਮਲੇ ਹੋ ਰਹੇ ਹਨ। ਫਿਰਕੂ ਵਾਤਾਵਰਣ, ਵੋਟ ਬੈਂਕ ਦੀ ਪੂਰਤੀ ਦਾ ਇਕ ਰਾਸਤਾ ਬਣਾਇਆ ਜਾ ਰਿਹਾ ਹੈ ਅਤੇ ਮਹਿੰਗਾਈ, ਬੇਰੁਜ਼ਗਾਰੀ ਦੇ ਦੈਂਤ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਫਿਰਕੂ ਰੰਗਤ ਵੱਲ ਭਟਕਾਇਆ ਜਾ ਰਿਹਾ ਹੈ। ਉਂਜ ਦੇਸ਼ 'ਚ ਮਹਿੰਗਾਈ, ਬੇਰੁਜ਼ਗਾਰੀ ਨੇ ਫ਼ਨ ਫੈਲਾਏ ਹੋਏ ਹਨ। 18 ਅਪ੍ਰੈਲ ਨੂੰ ਆਏ ਅੰਕੜਿਆਂ ਅਨੁਸਾਰ ਮਾਰਚ 2022 'ਚ ਥੋਕ ਮਹਿੰਗਾਈ ਦਰ ਵੱਧ ਕੇ 14.55 ਫੀਸਦੀ ਤੱਕ ਪਹੁੰਚ ਗਈ। ਪ੍ਰਚੂਨ ਮਹਿੰਗਾਈ ਦੀ ਦਰ ਮਾਰਚ 2022 'ਚ 6.95 ਤੱਕ ਪਹੁੰਚ ਗਈ। ਸਰਕਾਰ ਤੋਂ ਲੈ ਕੇ ਅਰਥ ਸ਼ਾਸਤਰੀ ਇਸ ਹਾਲਾਤ ਨੂੰ ਲੈ ਕੇ ਚਿੰਤਤ ਨਜ਼ਰ ਆਏ। ਭਾਰਤ ਦਾ ਆਮ ਆਦਮੀ ਕੀਮਤਾਂ 'ਚ ਵਾਧੇ ਨੂੰ ਲੈ ਕੇ ਜੂਝ ਰਿਹਾ ਹੈ। ਪਿਛਲੇ ਦਿਨੀਂ ਪੈਟਰੋਲ ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਨੇ ਦੇਸ਼ 'ਚ ਮਹਿੰਗਾਈ ਉੱਤੇ ਵੱਡਾ ਅਸਰ ਪਾਇਆ ਹੈ। ਘਰੇਲੂ ਗੈਸ ਦੀ ਕੀਮਤ ਦਾ ਇਕ ਹਜ਼ਾਰ ਰੁਪਏ ਤੋਂ ਵੱਧ ਕੀਮਤ ਉੱਤੇ ਸਿਲੰਡਰ ਮਿਲਣਾ ਆਮ ਲੋਕਾਂ ਦੀਆਂ ਔਖਿਆਈਆਂ 'ਚ ਵਾਧਾ ਕਰੇਗਾ। ਖਾਣ ਵਾਲੇ ਤੇਲਾਂ ਦੀ ਕੀਮਤ ਨੇ ਤਾਂ ਪਹਿਲਾਂ ਹੀ ਘਰੇਲੂ ਬਜਟ ਪੂਰੀ ਤਰ੍ਹਾਂ ਸਿਕੋੜ ਕੇ ਰੱਖਿਆ ਹੋਇਆ ਹੈ ਜਿਸ ਦਾ ਦੇਸ਼ ਦੀ ਆਰਥਿਕਤਾ ਉੱਤੇ ਬੁਰਾ ਅਸਰ ਪੈ ਰਿਹਾ ਹੈ ਕਿਉਂਕਿ ਖਾਣ ਵਾਲੀਆਂ ਵਸਤਾਂ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨਾਲ ਆਰਥਿਕ ਹਾਲਾਤ ਵਿਗੜਨ ਲਗਦੇ ਹਨ।

ਅਰਥ ਵਿਵਸਥਾ ਦੀ ਸੁਸਤੀ ਆਮ ਵਿਅਕਤੀ ਦੀ ਜੇਬ ਨਾਲ ਜੁੜੀ ਹੁੰਦੀ ਹੈ। ਲੋਕਾਂ ਦੀ ਜੇਬ 'ਚ ਪੈਸੇ ਹੋਣਗੇ ਤਾਂ ਉਹ ਖਰਚ ਕਰੇਗਾ, ਤਦੇ ਹੀ ਬਾਜ਼ਾਰ ਵਿਚ ਮੰਗ ਵਧੇਗੀ। ਮੰਗ ਵਧੇਗੀ ਤਦੇ ਨੌਕਰੀਆਂ ਪੈਦਾ ਹੋਣਗੀਆਂ। ਮੁਨਾਫ਼ਾ ਜੇਕਰ ਬਾਜ਼ਾਰ ਦਾ ਮੂਲ ਸਿਧਾਂਤ ਹੈ ਤਾਂ ਘਾਟਾ ਖਾ ਕੇ ਬਾਜ਼ਾਰ ਨੌਕਰੀਆਂ ਪੈਦਾ ਨਹੀਂ ਕਰੇਗਾ। ਸੋ ਬੇਰੁਜ਼ਗਾਰੀ ਦਾ ਵਾਧਾ ਯਕੀਨੀ ਹੈ। ਦੇਸ਼ ਭਾਰਤ ਇਸ ਵੇਲੇ ਬੇਰੁਜ਼ਗਾਰੀ ਦੇ ਸ਼ਿਕੰਜੇ 'ਚ ਹੈ।

ਮਹਾਂਮਾਰੀ ਤੋਂ ਪਹਿਲਾਂ ਵੀ ਬੇਰੁਜ਼ਗਾਰੀ ਚਿੰਤਾ ਦਾ ਗੰਭੀਰ ਵਿਸ਼ਾ ਸੀ। ਲੇਕਿਨ ਕਰੋਨਾ ਮਹਾਂਮਾਰੀ ਦੇ ਦੌਰਾਨ ਬੇਰੁਜ਼ਗਾਰੀ ਦਾ ਠੀਕਰਾ ਭੰਨਣ ਲਈ ਸਾਨੂੰ ਇਕ ਮੁਕੰਮਲ ਸਿਰ ਮਿਲ ਗਿਆ। ਹੁਣ ਜਦੋਂ ਆਰਥਿਕ ਗਤੀਵਿਧੀਆਂ ਪਟੜੀ ਤੇ ਆ ਰਹੀਆਂ ਹਨ, ਬੇਰੁਜ਼ਗਾਰੀ ਨੇ ਤਾਂ ਫਿਰ ਵੀ ਹੱਦਾਂ ਬੰਨੇ ਟੱਪੇ ਹੋਏ ਹਨ। 2022 ਦੇ ਰੁਜ਼ਗਾਰ ਦੇ ਅੰਕੜੇ ਅਰਥ-ਵਿਵਸਥਾ ਦੀ ਡਰਾਉਣੀ ਤਸਵੀਰ ਪੇਸ਼ ਕਰਦੇ ਹਨ। ਇਕ ਤਰਫ਼ ਨੌਕਰੀਆਂ ਘੱਟ ਰਹੀਆਂ ਹਨ ਅਤੇ ਦੂਜੀ ਤਰਫ਼ ਬੇਰੁਜ਼ਗਾਰੀ ਦੀ ਦਰ ਵੀ। ਤੀਜੀ ਤਰਫ਼ ਦਰ-ਦਰ ਭਟਕਣ ਤੋਂ ਬਾਅਦ ਨਿਰਾਸ਼ਤਾ 'ਚ ਬੇਰੁਜ਼ਗਾਰ ਘਰ ਪਰਤ ਰਹੇ ਹਨ। ਅਰਥਵਿਵਸਥਾ ਬੰਜਰ ਭੂਮੀ ਬਣ ਗਈ ਹੈ, ਜਿਥੇ ਰੁਜ਼ਗਾਰ ਦਾ ਬੀਜ ਉਗਣਾ ਅਸੰਭਵ ਹੋ ਗਿਆ ਹੈ।

ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ. ਐਮ.ਆਈ.ਸੀ.) ਦੇ ਅੰਕੜੇ ਦੱਸਦੇ ਹਨ ਕਿ ਮਾਰਚ 2022 ਬੇਰੁਜ਼ਗਾਰੀ ਦਰ ਘੱਟ ਕੇ 7.60 ਫੀਸਦੀ ਹੋ ਗਈ ਜੋ ਫਰਵਰੀ 2022 ਵਿਚ 8.10 ਸੀ। ਬੇਰੁਜ਼ਗਾਰੀ ਦਰ ਘਟਣ ਨਾਲ ਨੌਕਰੀਆਂ ਵਧਣੀਆਂ ਚਾਹੀਦੀਆਂ ਸੀ, ਲੇਕਿਨ ਇਥੇ ਤਾਂ 14 ਲੱਖ ਨੌਕਰੀਆਂ ਘੱਟ ਗਈਆਂ। ਫਿਰ ਬੇਰੁਜ਼ਗਾਰੀ ਦਰ ਘਟਣ ਦਾ ਅਰਥ ਕੀ ਹੈ? ਪਿਛਲੇ ਪੰਜ ਸਾਲਾਂ ਵਿਚ ਦੋ ਕਰੋੜ ਤੋਂ ਜ਼ਿਆਦਾ ਨੌਕਰੀਆਂ ਜਾ ਚੁੱਕੀਆਂ ਹਨ। ਇਕੱਲੇ ਮਾਰਚ 2022 'ਚ ਉਦਯੋਗਿਕ ਖੇਤਰ ਵਿਚ 76 ਲੱਖ ਨੌਕਰੀਆਂ ਘੱਟ ਗਈਆਂ। ਗੈਰ ਖੇਤੀ ਖੇਤਰ ਵਿਚ ਨੌਕਰੀਆਂ ਦਾ ਜਾਣਾ ਇਨ੍ਹਾਂ ਖੇਤਰਾਂ ਵਿਚ ਸੁਸਤੀ ਦਾ ਸੰਕੇਤ ਹੈ।

ਕਿਸੇ ਵੀ ਦੇਸ਼ ਵਿਚ ਨਾਗਰਿਕ ਦੇ ਅਧਿਕਾਰ ਹਨ। ਰੁਜ਼ਗਾਰ ਪ੍ਰਾਪਤੀ ਅਤੇ ਚੰਗਾ ਰਹਿਣ-ਸਹਿਣ ਉਸਦਾ ਮੁੱਢਲਾ ਅਧਿਕਾਰ ਕਿਉਂ ਨਾ ਹੋਵੇ? ਚੰਗੀ ਸਿਹਤ ਸੁਰੱਖਿਆ ਅਤੇ ਸਿੱਖਿਆ ਸਹੂਲਤਾਂ ਉਸ ਨੂੰ ਕਿਉਂ ਨਾ ਮਿਲਣ?

ਸੰਵਿਧਾਨ ਅਨੁਸਾਰ ਹਰ ਨਾਗਰਿਕ ਲਈ ਅਜ਼ਾਦੀ ਨਾਲ ਘੁੰਮਣ ਦਾ ਅਧਿਕਾਰ ਹੈ, ਆਪਣੀ ਗੱਲ ਕਹਿਣ ਦਾ ਅਧਿਕਾਰ ਹੈ, ਲਿਖਣ ਸ਼ਕਤੀ ਦੀ ਵਰਤੋਂ ਦਾ ਅਧਿਕਾਰ ਹੈ, ਆਪਣੇ ਸਾਥੀਆਂ ਨਾਲ ਰਲ ਕੇ ਸੰਗਠਨ ਬਣਾਉਣ ਦਾ ਅਧਿਕਾਰ ਹੈ ਅਤੇ ਆਪਣੇ ਅਤੇ ਆਪਣੇ ਪਰਿਵਾਰ ਲਈ ਦਿੱਤੇ ਗਏ ਕੰਮ ਨੂੰ ਕਰਨ ਦਾ ਅਧਿਕਾਰ ਹੈ ਅਤੇ ਉਸ ਤੋਂ ਵੀ ਵੱਧ ਉਸਦਾ ਉਹਦੇ ਸਰੀਰ ਉੱਤੇ ਅਧਿਕਾਰ ਹੈ। ਪਰ ਜੇਕਰ ਇਹ ਸਭ ਕੁਝ ਖੋਹਿਆ ਜਾ ਰਿਹਾ ਹੋਵੇਗਾ ਤਾਂ ਮਨੁੱਖੀ ਅਜ਼ਾਦੀ ਖ਼ਤਰੇ 'ਚ ਹੈ, ਇਹੋ ਮੰਨਿਆ ਜਾਏਗਾ।

ਨਾਗਰਿਕਾਂ ਲਈ ਨੌਕਰੀਆਂ ਪੈਦਾ ਕਰਨਾ ਸਰਕਾਰ ਦਾ ਫ਼ਰਜ਼ ਹੈ। ਆਮ ਆਦਮੀ ਅਤੇ ਅਰਥ ਵਿਵਸਥਾ ਨੂੰ ਮਹਿੰਗਾਈ ਦੇ ਖ਼ਤਰਿਆਂ ਤੋਂ ਬਚਾਉਣਾ ਸਰਕਾਰ ਦਾ ਫ਼ਰਜ਼ ਹੈ ਅਤੇ ਇਸ ਤੋਂ ਵੀ ਵੱਡਾ ਫਰਜ਼ ਨਾਗਰਿਕਾਂ ਦੀ ਸੰਵਿਧਾਨਿਕ ਆਜ਼ਾਦੀ ਕਾਇਮ ਰੱਖਣਾ ਹੈ, ਨਹੀਂ ਤਾਂ ਸਵਾਲ ਉੱਠਣਗੇ ਹੀ। ਜਾਗਰੂਕ ਨਾਗਰਿਕ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਗੇ ਹੀ, ਕਿਉਂਕਿ ਉਹ ਦੇਸ਼ ਦੀ ਸੁਚੇਤ ਪਹਿਰੇਦਾਰ ਦੀ ਭੂਮਿਕਾ ਨਿਭਾ ਰਹੇ ਹਨ।

---

# ਕਿਹੋ ਜਿਹਾ ਹੋਵੇ ਮਾਨ ਸਰਕਾਰ ਦਾ ਪਹਿਲਾ ਬਜਟ

**ਸੰਜੀਵ ਸਿੰਘ ਸੈਣੀ, ਮੋਹਾਲੀ**

ਜੂਨ ਮਹੀਨੇ ਦੇ ਪਹਿਲੇ ਹਫ਼ਤੇ ਪੰਜਾਬ ਸਰਕਾਰ ਆਪਣਾ ਬਜਟ ਪੇਸ਼ ਕਰਨ ਜਾ ਰਹੀ ਹੈ। ਇਸ ਵਾਰ ਸੂਬਾ ਸਰਕਾਰ ਵੱਲੋਂ ਲੋਕਾਂ ਤੋਂ ਬਜਟ ਬਾਰੇ ਆਪਣੇ ਵਿਚਾਰ ਮੰਗੇ ਗਏ। ਤਕਰੀਬਨ ਬਹੁਤ ਲੋਕਾਂ ਨੇ ਮਾਨਯੋਗ ਖ਼ਜ਼ਾਨਾ ਮੰਤਰੀ ਨੂੰ ਬਜਟ ਬਾਰੇ ਆਪਣੇ ਸੁਝਾਅ ਦਿੱਤੇ। ਹਰ ਵਰਗ ਨੂੰ ਬਜਟ ਤੋਂ ਬਹੁਤ ਉਮੀਦਾਂ ਹਨ। ਕੋਰੋਨਾ ਮਹਾਂਮਾਰੀ ਦੀ ਲੰਮਾ ਸਮਾਂ ਤਾਲਾਬੰਦੀ ਕਰਕੇ ਸਨਅਤ ਬੁਰੀ ਤਰਾਂ ਪ੍ਰਭਾਵਿਤ ਹੋਈ ਸੀ। ਜਿਸ ਕਾਰਨ ਬਹੁਤ ਜ਼ਿਆਦਾ ਬੇਰੁਜ਼ਗਾਰੀ ਵੱਧ ਗਈ ਹੈ। ਲੱਖਾਂ ਲੋਕਾਂ ਦਾ ਰੁਜ਼ਗਾਰ ਖੁਸਿਆ ਹੈ। ਬਹੁਤ ਹੀ ਮੁਸ਼ੱਕਤ ਨਾਲ ਦਿਹਾੜੀਦਾਰ ਨੂੰ 300 ਰੁਪਏ ਦਿਹਾੜੀ ਮਿਲ ਰਹੀ ਹੈ। ਦੋ ਸਮੇਂ ਦੀ ਰੋਟੀ ਦਾ ਹੀਲਾ ਵਸੀਲਾ ਕਰਨਾ ਆਮ ਆਦਮੀ ਲਈ ਬਹੁਤ ਹੀ ਔਖਾ ਹੋ ਗਿਆ ਹੈ। ਸਾਲ 2020 ਵਿੱਚ ਦੇਸ਼ ਨੂੰ ਕੋਰੋਨਾ ਦੀ ਮਾਰ ਝੱਲਣੀ ਪਈ। ਜਦੋਂ ਮਈ 2021 ਵਿਚ ਮੁੜ ਤਾਲਾਬੰਦੀ ਕੀਤੀ ਗਈ, ਅਰਥਚਾਰੇ ਨੂੰ ਕਾਫ਼ੀ ਢਾਹ ਲੱਗੀ। ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿਚ ਬਹੁਤ ਵਾਧਾ ਹੋਇਆ ਹੈ। ਨਵੰਬਰ ਮਹੀਨੇ ਕੇਂਦਰ ਸਰਕਾਰ ਨੇ ਤੇਲ ਕੀਮਤਾਂ ਘਟਾ ਕੇ ਲੋਕਾਂ ਨੂੰ ਥੋੜੀ ਰਾਹਤ ਦਿੱਤੀ। ਵੋਟਾਂ ਤੋਂ ਬਾਅਦ ਇਕ ਦਮ ਫਿਰ ਲਗਾਤਾਰ 25 ਦਿਨ ਤੇਲ ਕੀਮਤਾਂ ਵਿਚ ਭਾਰੀ ਵਾਧਾ ਹੋਇਆ। ਸੂਬਾ ਸਰਕਾਰ ਨੂੰ ਟੈਕਸ ਵਿੱਚ ਕਟੌਤੀ ਕਰਨੀ ਚਾਹੀਦੀ ਹੈ। ਇਸ ਵਾਰ ਅਸੀਂ ਦੇਖਿਆ ਹੈ ਕਿ ਕਣਕ ਦਾ ਬਹੁਤ ਘੱਟ ਝਾੜ ਨਿਕਲਿਆ। ਕਿਸਾਨਾਂ ਦਾ ਠੇਕਾ ਤੱਕ ਵੀ ਪੂਰਾ ਨਹੀਂ ਹੋਇਆ। ਕਈ ਕਿਸਾਨਾਂ ਨੇ ਤਾਂ ਆਤਮਹੱਤਿਆ ਤੱਕ ਕਰ ਲਈ। ਸਰਕਾਰ ਨੂੰ ਕਿਸਾਨਾਂ ਦੀ ਸਾਰ ਲੈਣੀ ਚਾਹੀਦੀ ਹੈ। ਕਿਸਾਨੀ ਖੇਤਰ ਨੂੰ ਹੋਰ ਪ੍ਰਫੁੱਲਤ ਕਰਨ ਲਈ ਵਧੀਆ ਸਕੀਮਾਂ ਉਲੀਕਣੀਆਂ ਚਾਹੀਦੀਆਂ ਹਨ ਤਾਂ ਜੋ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਸਕੇ।

ਨੌਜਵਾਨ ਵਰਗ ਨੂੰ ਬਜਟ ਤੋਂ ਬਹੁਤ ਉਮੀਦਾਂ ਹਨ। ਸਰਕਾਰ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨੇ ਚਾਹੀਦੇ ਹਨ। ਅੱਜ ਪੰਜਾਬ ਖਾਲੀ ਹੋ ਰਿਹਾ ਹੈ। ਜਹਾਜਾਂ ਦੇ ਜਹਾਜ ਭਰਕੇ ਵਿਦਿਆਰਥੀ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਮਾਨ ਸਰਕਾਰ ਨੇ ਪੱਚੀ ਹਜ਼ਾਰ ਦੇ ਆਸ ਪਾਸ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਹੈ ਜੋ ਕਿ ਬਹੁਤ ਸ਼ਲਾਘਾਯੋਗ ਪਹਿਲ ਹੈ। ਨੌਜਵਾਨ ਵਰਗ ਉਮੀਦ ਕਰਦਾ ਹੈ ਕਿ ਨੌਕਰੀਆਂ ਦੀ ਭਰਤੀ ਸਮੇਂ ਪਾਰਦਰਸ਼ਤਾ ਲਿਆਈ ਜਾਵੇ। ਸਿੱਖਿਆ ਬਜਟ ਨੂੰ ਹੋਰ ਵਧਾਉਣਾ ਚਾਹੀਦਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਮਾਸਟਰ, ਪ੍ਰੋਫੈਸਰ ਦੀਆਂ ਖਾਲੀ ਅਸਾਮੀਆਂ ਨੂੰ ਭਰਨਾ ਚਾਹੀਦਾ ਹੈ। ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਪੂਰੀ ਕੀਤੀ ਜਾਣੀ ਚਾਹੀਦੀ ਹੈ। ਪੈਰਾਮੈਡੀਕਲ ਸਟਾਫ਼, ਡਾਕਟਰ ਹੋਰ ਵੀ ਹਸਪਤਾਲ ਤੋਂ ਸੰਬੰਧਿਤ ਭਰਤੀ ਕਰਨੀ ਚਾਹੀਦੀ ਹੈ। ਜਦੋਂ ਇਹ ਮਹਾਂਮਾਰੀ ਫ਼ੈਲੀ ਤਾਂ ਧਾਰਮਿਕ ਇਮਾਰਤਾਂ ਨੂੰ ਇਕਾਂਤਵਾਸ ਲਈ ਵਰਤਿਆ ਗਿਆ ਸੀ। ਸਰਕਾਰ ਨੂੰ ਸੂਬਿਆਂ ਦੀ ਜਨਸੰਖਿਆ ਦੇ ਮੁਤਾਬਕ ਹਰ ਸੂਬੇ ਵਿੱਚ ਬੁਨਿਆਦੀ ਸਹੂਲਤਾਂ ਤੋਂ ਲੈਸ ਹਸਪਤਾਲ ਬਣਾਉਣੇ ਚਾਹੀਦੇ ਹਨ ਤਾਂ ਕਿ ਗਰੀਬ ਤੋਂ ਗਰੀਬ ਬੰਦਾ ਵੀ ਆਪਣਾ ਇਲਾਜ ਸਸਤੀਆਂ ਦਰਾਂ 'ਤੇ ਸਰਕਾਰੀ ਹਸਪਤਾਲਾਂ ਵਿੱਚ ਕਰਵਾ ਸਕੇ। ਪ੍ਰਾਈਵੇਟ ਹਸਪਤਾਲ ਤਾਂ ਜਣੇ-ਖਣੇ ਦੀ ਚੰਗੀ ਤਰਾਂ ਲੁੱਟ-ਖਸੁੱਟ ਕਰਦੇ ਹਨ।

ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਲੋੜੀਂਦੇ ਕਦਮ ਚੁੱਕਣ ਦੀ ਲੋੜ ਹੈ। ਸਖ਼ਤ ਕਾਨੂੰਨ ਲਿਆਉਣੇ ਚਾਹੀਦੇ ਹਨ ਤਾਂ ਜੋ ਲੋਕ ਗਲਤ ਕੰਮਾਂ ਤੋਂ ਡਰਨ। ਸਿੱਖਿਆ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਤਾਂ ਜੋ ਕੋਈ ਗਰੀਬ ਤਬਕਾ ਵੀ ਪੜਾਈ-ਲਿਖਾਈ ਤੋਂ ਵਾਂਝਾ ਨਾ ਰਹੇ। ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ। ਹਰ ਰੋਜ਼ ਕੋਈ ਨਾ ਕੋਈ ਨੌਜਵਾਨ ਚਿੱਟੇ ਦੀ ਭੇਂਟ ਚੜ ਰਿਹਾ ਹੈ। ਪ੍ਰਾਈਵੇਟ ਨਸ਼ਾਮੁਕਤੀ ਕੇਂਦਰ ਮਰੀਜ਼ਾਂ ਦੀ ਚੰਗੀ ਤਰਾਂ ਲੁੱਟ-ਖਸੁੱਟ ਕਰਦੇ ਹਨ। ਆਧੁਨਿਕ ਸਹੂਲਤਾਂ ਤੋਂ ਲੈਸ ਨਸ਼ਾਮੁਕਤੀ ਕੇਂਦਰ ਬਨਾਉਣੇ ਚਾਹੀਦੇ ਹਨ ਤਾਂ ਜੋ ਨਸ਼ੇ ਤੋਂ ਪ੍ਰਭਾਵਿਤ ਵਿਅਕਤੀਆਂ ਦਾ ਇਲਾਜ ਵਧੀਆ ਤਰੀਕੇ ਨਾਲ ਹੋ ਸਕੇ। ਹਾਲ ਹੀ ਵਿਚ ਮਾਨ ਸਰਕਾਰ ਨੇ ਜ਼ਿਲੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਪੁਲਿਸ ਮੁਖੀਆਂ ਨਾਲ ਮੀਟਿੰਗਾਂ ਕੀਤੀਆਂ ਅਤੇ ਜੋ ਨਸ਼ਾ ਸਪਲਾਈ ਕਰਦੇ ਹਨ ਉਨ੍ਹਾਂ ਦੇ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ।

ਸਰਕਾਰ ਨੂੰ ਬਿਜਲੀ ਮੁਫ਼ਤ ਨਹੀਂ, ਸਗੋਂ ਬਿਜਲੀ ਦੇ ਰੇਟਾਂ ਵਿਚ ਕਟੌਤੀ ਕਰਨੀ ਚਾਹੀਦੀ ਹੈ। ਜੇ ਬਿਜਲੀ ਸਸਤੀ ਹੋਵੇਗੀ ਤਾਂ ਬਿਜਲੀ ਦੀ ਚੋਰੀ ਵੀ ਨਹੀਂ ਰਹੇਗੀ। ਹਰ ਤਬਕਾ ਬਿਲ ਭਰੇਗਾ। ਪੰਜਾਬ ਦੇ ਹਰ ਵਰਗ ਨੂੰ ਮਾਨ ਸਰਕਾਰ ਤੋਂ ਬਹੁਤ ਉਮੀਦਾਂ ਹਨ। ਪਿੰਡਾਂ ਦੀਆਂ ਪੰਚਾਇਤਾਂ ਨੂੰ ਹਲਕੇ ਦੇ ਐਮ ਐਲ ਏ ਦਾ ਭਰਪੂਰ ਸਾਥ ਦੇਣਾ ਚਾਹੀਦਾ ਹੈ। ਵਾਤਾਵਰਨ ਨੂੰ ਸਾਫ਼ ਰੱਖਣ ਲਈ ਦਰੱਖਤ ਲਗਾਉਣ ਲਈ ਪੰਚਾਇਤਾਂ ਨੂੰ ਹੰਭਲਾ ਮਾਰਨਾ ਚਾਹੀਦਾ ਹੈ। ਜੋ ਫੈਕਟਰੀਆਂ ਪ੍ਰਦੂਸ਼ਣ ਫੈਲਾ ਰਹੀਆਂ ਹਨ, ਉਨ੍ਹਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨ ਲਿਆ ਕੇ ਕਾਰਵਾਈ ਕਰਨੀ ਚਾਹੀਦੀ ਹੈ। ਹਾਲ ਹੀ ਵਿੱਚ ਅਸੀਂ ਦੇਖਿਆ ਹੈ ਕਿ ਕਣਕ ਦੇ ਨਾੜ ਨੂੰ ਅੱਗ ਲਗਾਉਣ ਨਾਲ ਕਿੰਨੀਆਂ ਹੀ ਮਾਸੂਮ ਜਾਨਾਂ ਗਈਆਂ ਹਨ। ਜੋ ਖੇਤ ਵਿਚ ਕਣਕ ਦੇ ਨਾੜ ਨੂੰ ਅੱਗ ਲਗਾਉਂਦੇ ਹਨ ਉਨ੍ਹਾਂ ਕਿਸਾਨਾਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਮਾਲਵਾ ਖੇਤਰ ਕੈਂਸਰ ਨਾਲ ਪ੍ਰਭਾਵਿਤ ਹੈ। ਸੂਬਾ ਸਰਕਾਰ ਨੂੰ ਕੇਂਦਰ ਸਰਕਾਰ ਨਾਲ ਮਿਲ ਕੇ ਨਾਮੁਰਾਦ ਬੀਮਾਰੀ ਕੈਂਸਰ ਦੇ ਇਲਾਜ ਲਈ ਵੱਖਰਾ ਹਸਪਤਾਲ ਬਣਾਉਣਾ ਚਾਹੀਦਾ ਹੈ। ਤਕਰੀਬਨ ਜਿੰਨੇ ਵੀ ਹੁਣ ਤੱਕ ਮਾਨ ਸਰਕਾਰ ਕੰਮ ਕਰ ਰਹੀ ਹੈ, ਬਹੁਤ ਹੀ ਸ਼ਲਾਘਾਯੋਗ ਕੰਮ ਹਨ। ਉਮੀਦ ਹੈ ਕਿ ਮਾਨ ਸਰਕਾਰ ਦਾ ਬਜਟ ਲੋਕਾਂ ਦੀਆਂ ਆਸਾਂ ਨੂੰ ਬੂਰ ਪਾਵੇਗਾ।

# ਨਫਰਤੀ ਸਮਿਆਂ ਵਿਚ ਗੂੰਜਦੀ ਚੁੱਪੀ ਤੇ ਤਾਨਾਸ਼ਾਹੀ ਵੱਲ ਵਧਦੇ ਕਦਮ



**ਰਣਜੀਤ ਸਿੰਘ ਕੁਕੀ**

ਪਿਛਲੇ ਹਫਤੇ ਦੇਸ਼ ਦੇ ਉੱਚ ਅਹੁਦਿਆਂ 'ਤੇ ਰਹੇ 108 ਸਾਬਕਾ ਅਧਿਕਾਰੀਆਂ ਨੇ ਇਸ ਉਮੀਦ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਖੁੱਲੀ ਚਿੱਠੀ ਲਿਖੀ ਕਿ ਉਹ ਭਾਜਪਾ ਦੇ ਰਾਜ ਵਾਲੀਆਂ ਸਰਕਾਰਾਂ ਦੁਆਰਾ ਫੈਲਾਈ ਜਾਂਦੀ 'ਨਫਰਤ ਦੀ ਰਾਜਨੀਤੀ' ਨੂੰ ਖਤਮ ਕਰਨ ਵਿਚ ਆਪਣੀ ਦਖਲਅੰਦਾਜ਼ੀ ਕਰਨਗੇ।ਇਸ ਖੁੱਲੀ ਚਿੱਠੀ ਵਿਚ ਉਨਾਂ ਨੇ ਲਿਖਿਆ, 'ਅਸੀਂ ਦੇਸ਼ ਵਿਚ ਤਬਾਹੀ ਨਾਲ ਭਰਪੂਰ ਨਫਰਤ ਦਾ ਨੰਗਾ ਨਾਚ ਵੇਖ ਰਹੇ ਹਾਂ ਜਿੱਥੇ ਨਾ ਸਿਰਫ ਮੁਸਲਮਾਨਾਂ ਅਤੇ ਦੂਜੇ ਘੱਟ-ਗਿਣਤੀ ਭਾਈਚਾਰਿਆਂ ਨੂੰ ਇਸ ਨਫਰਤੀ ਰਾਜਨੀਤੀ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਬਲਕਿ ਵੀ ਸੰਵਿਧਾਨ ਵਿਚ ਸੁਰੱਖਿਅਤ ਨਹੀਂ ਹੈ।' ਦਿੱਲੀ ਦੇ ਸਾਬਕਾ ਲੈਫਟੀਨੈਂਟ ਗਵਰਨਰ ਨਜ਼ੀਬ ਜੰਗ, ਸਾਬਕਾ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼ਿਵਸ਼ੰਕਰ ਮੈਨਨ, ਸਾਬਕਾ ਵਿਦੇਸ਼ ਅਧਿਕਾਰੀ ਸੁਜਾਤਾ ਸਿੰਘ, ਸਾਬਕਾ ਗ੍ਰਹਿ ਸਕੱਤਰ ਜੀ ਕੇ ਪਿਲੱਈ, ਸਾਬਕਾ ਰਾਅ ਮੈਂਬਰ ਰਾਣਾ ਬੈਨਰਜੀ ਅਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਮੁੱਖ ਸਕੱਤਰ ਟੀ ਕੇ ਏ ਨਾਇਰ ਇਨਾਂ ਪ੍ਰਮੁੱਖ 108 ਅਧਿਕਾਰੀਆਂ ਵਿਚ ਸ਼ਾਮਿਲ ਹਨ।

ਇਸ ਚਿੱਠੀ ਵਿਚ ਉਨਾਂ ਨੇ ਇਹ ਵੀ ਲਿਖਿਆ ਕਿ ਸਾਬਕਾ ਅਧਿਕਾਰੀਆਂ ਦੇ ਤੌਰ 'ਤੇ ਸਾਡੇ ਤੋਂ ਇਹ ਤਵੱਕੋ ਨਹੀਂ ਕੀਤੀ ਜਾਂਦੀ ਕਿ ਅਸੀ ਇਸ ਤਰਾਂ ਬੋਲੀਏ।ਪਰ ਮੌਜੂਦਾ ਸਥਿਤੀ, ਜਿਸ ਵਿਚ ਸੰਵਿਧਾਨਿਕ ਕਦਰਾਂ-ਕੀਮਤਾਂ ਨੂੰ ਲਗਾਤਾਰ ਲੀਰੋ-ਲੀਰ ਕੀਤਾ ਜਾ ਰਿਹਾ ਹੈ, ਨੇ ਸਾਨੂੰ ਬੋਲਣ, ਆਪਣਾ ਗੁੱਸਾ ਜ਼ਾਹਿਰ ਕਰਨ ਲਈ ਮਜਬੂਰ ਕਰ ਦਿੱਤਾ ਹੈ। ਦੇਸ਼ ਵਿਚ ਘੱਟ-ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਦੇ ਖਿਲਾਫ ਹਿੰਸਾ ਲਗਾਤਾਰ ਵਧਦੀ ਜਾ ਰਹੀ ਹੈ।ਇਸ ਵਿਚ ਅਸਾਮ, ਗੁਜਰਾਤ, ਦਿੱਲੀ, ਹਰਿਆਣਾ, ਕਰਨਾਟਕ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਹੋਰ ਉਹ ਸੂਬੇ ਸ਼ਾਮਿਲ ਹਨ ਜਿਨਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਇਸ ਸਥਿਤੀ ਨੇ ਬਹੁਤ ਹੀ ਘਿਨਾਉਣਾ ਰੂਪ ਲੈ ਲਿਆ ਹੈ। ਸਾਬਕਾ ਅਧਿਕਾਰੀਆਂ ਨੇ ਕਿਹਾ ਕਿ ਉਹ ਮੰਨਦੇ ਹਨ ਕਿ ਇਸ ਤਰਾਂ ਦੇ ਖਤਰੇ ਦੀ ਮਿਸਾਲ ਪਹਿਲਾਂ ਨਹੀਂ ਮਿਲਦੀ। ਇਸ ਸਮੇਂ ਨਾ ਸਿਰਫ ਸੰਵਿਧਾਨਿਕ ਨੈਤਿਕਤਾ ਅਤੇ ਆਚਰਨ ਦਾਅ 'ਤੇ ਲੱਗਿਆ ਹੋਇਆ ਹੈ, ਬਲਕਿ ਸਾਡਾ ਸਾਂਝੀਵਾਲਤਾ ਵਾਲਾ ਸਾਮਾਜਿਕ ਤਾਣਾ-ਬਾਣਾ ਵੀ ਲੀਰੋ-ਲੀਰ ਹੋ ਰਿਹਾ ਹੈ। ਇਹ ਹੀ ਸਾਡੀ ਮਹਾਨ ਵਿਰਾਸਤ ਹੈ ਜਿਸ ਨੂੰ ਸੰਭਾਲੀ ਰੱਖਣ ਲਈ ਹੀ ਸੰਵਿਧਾਨ ਦੀ ਰਚਨਾ ਕੀਤੀ ਗਈ ਸੀ।ਇਸ ਖਤਰੇ ਦੀ ਸੂਰਤ ਵਿਚ ਤੁਹਾਡੀ (ਪ੍ਰਧਾਨ ਮੰਤਰੀ) ਦੀ ਚੁੱਪ ਬਹੁਤ ਹੀ ਖਤਰਨਾਕ ਹੈ।ਅਸੀ ਇਹ ਉਮੀਦ ਕਰਦੇ ਹਾਂ ਕਿ 'ਅਜ਼ਾਦੀ ਕਾ ਅੰਮ੍ਰਿਤ ਮਹਾਉਤਸਵ' ਮਨਾਏ ਜਾਣ ਵਾਲੇ ਵਰੇ ਵਿਚ ਪੱਖਪਾਤੀ ਰਾਜਨੀਤੀ ਤੋਂ ਉੱਪਰ ਉੱਠ ਕੇ ਤੁਸੀ ਇਸ ਨਫਰਤ ਦੀ ਰਾਜਨੀਤੀ ਦਾ ਅੰਤ ਕਰੋਗੇ ਜੋ ਕਿ ਤੁਹਾਡੀ ਪਾਰਟੀ ਦੀ ਸੱਤਾ ਵਾਲੇ ਰਾਜਾਂ ਵਿਚ ਬੇਝਿਜਕ ਕੀਤੀ ਜਾ ਰਹੀ ਹੈ। "

ਇਹ ਚਿੱਠੀ ਭਾਰਤ ਵਿਚ ਅਜ਼ਾਦੀ ਦੀ ਸੂਰਤ-ਏ-ਹਾਲ ਨੂੰ ਬਿਆਨ ਕਰਦੀ ਹੈ।ਸਾਬਕਾ ਅਧਿਕਾਰੀਆਂ ਨੇ ਇਕੱਠੇ ਹੋ ਕੇ ਸੰਵਿਧਾਨ ਆਚਰਨ ਗਰੁੱਪ ਬਣਾਇਆ ਹੈ। ਉਨਾਂ ਨੇ ਘੱਟ-ਗਿਣਤੀਆਂ ਅਤੇ ਦਲਿਤਾਂ ਖਿਲਾਫ ਖੁੱਲੇਆਮ ਵਰਤ ਰਹੀ ਹਿੰਸਾ ਅਤੇ ਨਫਰਤ ਵੱਲ ਧਿਆਨ ਦੁਆਇਆ ਹੈ।ਉਨਾਂ ਦੁਆਰਾ ਲਿਖੀ ਇਹ ਚਿੱਠੀ ਗੰਭੀਰ ਸੁਆਲ ਉਠਾਉਂਦੀ ਹੈ ਕਿ ਭਾਰਤ ਦਾ ਸੰਵਿਧਾਨ ਹੀ ਖਤਰੇ ਵਿਚ ਹੈ।ਉਸ ਵਿਚ ਦਰਜ ਕਦਰਾਂ-ਕੀਮਤਾਂ ਨੂੰ ਚੁਣਾਵੀ ਮੁਫਾਦਾਂ ਲਈ ਛਿੱਕੇ ਟੰਗਿਆ ਜਾ ਰਿਹਾ ਹੈ।ਇਸ ਤੋਂ ਵੀ ਜਿਆਦਾ ਖਤਰਨਾਕ ਮੌਜੂਦਾ ਸਥਾਪਤੀ ਦੀ ਮੰਸ਼ਾ ਹੈ ਜਿਸ ਰਾਹੀ ਉਹ ਇਸ ਸੰਵਿਧਾਨ ਨੂੰ ਬਦਲ ਕੇ ਇਸ ਦੀ ਥਾਂ ਤੇ ਅਜਿਹਾ ਸੰਵਿਧਾਨ ਲੈ ਕੇ ਆਉਣਾ ਚਾਹੁੰਦੀ ਹੈ ਜੋ ਕਿ ਉਨਾਂ ਦੇ



ਸਮਾਜਿਕ-ਰਾਜਨੀਤਿਕ ਉਦੇਸ਼ਾਂ ਦੀ ਪੂਰਤੀ ਕਰਦਾ ਹੋਵੇ। ਇਹ ਪਹਿਲੀ ਵਾਰ ਨਹੀਂ ਹੋਇਆ ਕਿ ਸੰਵਿਧਾਨ ਆਚਰਨ ਗਰੁੱਪ ਇਸ ਤਰਾਂ ਚਿੰਤਾ ਅਤੇ ਦਰਦ ਜ਼ਾਹਿਰ ਕੀਤਾ ਹੈ। ਦਸੰਬਰ 2020 ਵਿਚ 104 ਵਿਅਕਤੀਆਂ ਦੇ ਸਮੂਹ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਯਾਨਾਥ ਨੂੰ ਚਿੱਠੀ ਲਿਖੀ ਸੀ ਜਿਸ ਵਿਚ ਉਨਾਂ ਨੇ ਮੁਰਾਦਾਬਾਦ ਵਿਚ ਲਵ-ਜਿਹਾਦ ਹਿੰਸਾ ਵੱਲ ਧਿਆਨ ਦੁਆਇਆ ਸੀ ਜੋ ਕਿ ਅਸਲ ਵਿਚ ਉਸ ਦੀ ਸਰਕਾਰ ਦੇ ਅਧਿਆਦੇਸ਼ ਦਾ ਹੀ ਨਤੀਜਾ ਸੀ।ਉਸ ਸਮੇਂ ਉਨਾਂ ਨੇ ਲਿਖਿਆ ਸੀ ਕਿ ਚਾਣਕਿਆ ਨੇ ਸਾਨੂੰ ਸਿਖਾਇਆ ਸੀ ਕਿ ਇਕ ਚਲਾਕ ਰਾਜਨੇਤਾ ਨੂੰ ਆਪਣੇ ਵਿਰੋਧੀਆਂ ਵਿਚ ਫੁੱਟ ਦੇ ਬੀਜ ਬੀਜਣੇ ਚਾਹੀਦੇ ਹਨ, ਪਰ ਤੁਸੀ ਇੱਥੇ ਆਪਣੇ ਹੀ ਲੋਕਾਂ ਵਿਚ ਫੁੱਟ ਪੈਦਾ ਕਰ ਰਹੇ ਹੋ।ਇਸ ਲਈ ਅਸੀ ਮੰਗ ਕਰਦੇ ਹਾਂ ਕਿ ਇਸ ਗੈਰ-ਕਾਨੂੰਨੀ ਅਧਿਆਦੇਸ਼ ਨੂੰ ਵਾਪਿਸ ਲਿਆ ਜਾਵੇ ਅਤੇ ਜਿਨਾਂ ਭਾਰਤੀਆਂ ਨੂੰ ਇਸ ਕਰਕੇ ਜਬਰ ਦਾ ਸਾਹਮਣਾ ਕਰਨਾ ਪਿਆ ਉਨਾਂ ਦੀ ਸਹਾਇਤਾ ਕੀਤੀ ਜਾਵੇ। ਦਸੰਬਰ 2020 ਵਿਚ ਲਿਖੀ ਇਸ ਚਿੱਠੀ ਦੇ ਜਵਾਬ ਵਿਚ 224 ਸਾਬਕਾ ਜੱਜਾਂ ਅਤੇ ਮਿਲਟਰੀ ਅਧਿਕਾਰੀਆਂ ਨੇ ਜਵਾਬ ਦਿੱਤਾ ਕਿ ਕੁਝ ਕੁ ਸਾਬਕਾ ਅਧਿਕਾਰੀ ਆਪਣੀ 'ਚਿੰਤਾ' ਜ਼ਾਹਿਰ ਕਰਨ ਬਹਾਨੇ ਸਥਾਪਤੀ ਨਾਲ ਆਪਣੀ ਕਿੜ ਕੱਢ ਰਹੇ ਹਨ। ਉਹ ਕੋਈ ਵੀ ਮੌਕਾ ਅਜ਼ਾਈਂ ਨਹੀਂ ਜਾਣ ਦਿੰਦੇ ਜਿਸ ਵਿਚ ਉਹ ਉੱਚ ਅਹੁਦੇ 'ਤੇ ਬੈਠੇ ਨੇਤਾਵਾਂ ਨੂੰ ਮਾੜੇ ਰੂਪ ਵਿਚ ਪੇਸ਼ ਨਾ ਕਰ ਦੇਣ।ਸਾਬਕਾ ਅਧਿਕਾਰੀਆਂ ਦੁਆਰਾ ਲਿਖੀ ਗਈ ਇਸ ਚਿੱਠੀ ਦੇ ਜਵਾਬ ਵਿਚ ਵੀ ਉਨਾਂ ਨੂੰ ਸਥਾਪਤੀ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਅਧਿਕਾਰੀਆਂ ਦੀ ਚਿੱਠੀ ਮਿਲੀ ਹੈ।

ਸਿਰਜਾਣਤਮਕ ਅਤੇ ਹਾਂ-ਪੱਖੀ ਸਮਾਜ ਸਿਰਜਣ ਲਈ ਲੋਕਤੰਤਰਿਕ ਅਤੇ ਇੱਕ ਦੂਜੇ ਨੂੰ ਸੁਆਲ ਪੁੱਛਣ ਦੀ ਪ੍ਰਕਿਰਿਆ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਸ ਲੋਕਤੰਤਰ ਅਤੇ ਸਮਾਜ ਦੀਆਂ ਖੋਖਲੀਆਂ ਹੁੰਦੀਆਂ ਜਾ ਰਹੀਆਂ ਜੜਾਂ ਨੂੰ ਬਚਾਇਆ ਜਾ ਸਕੇ।ਲੋਕ ਆਪਣੀ ਜ਼ਿੰਦਗੀ ਜਿਉਣ ਲਈ ਹੀ ਬੇਇੰਤਹਾ ਸੰਘਰਸ਼ ਕਰ ਰਹੇ ਹਨ।ਸਮਾਜਿਕ ਅਨਿਆਂ ਅਤੇ ਹਿੰਸਾ ਚੋਣਾਂ ਦੀ ਸਾਰਥਿਕਤਾ ਉੱਪਰ ਵੀ ਸੁਆਲ ਉਠਾ ਰਹੇ ਹਨ ਕਿਉਂਕਿ ਇਸ ਨਾਲ ਅੰਤ ਵਿਚ ਸਥਾਪਤੀ ਨੂੰ ਮੁੱਠੀ ਹੀ ਮਜਬੂਤ ਹੁੰਦੀ ਹੈ।ਜਦੋਂ ਲੋਕਤੰਤਰ ਦਾ ਤਾਣਾ ਬਾਣਾ ਇਸ ਤਰਾਂ ਲੀਰੋ-ਲੀਰ ਹੋਣ ਲੱਗ ਜਾਵੇ ਤਾਂ ਇਹ ਤਾਨਾਸ਼ਾਹੀ ਵੱਲ ਵਧਦੇ ਕਦਮ ਹੀ ਹੁੰਦੇ ਹਨ।ਭਾਰਤ ਦੀ ਅਜ਼ਾਦੀ ਦੇ ਪਝੱਤਰਵੇਂ ਵਰੇ ਵਿਚ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਸੁਹਿਰਦਤਾ ਰੱਖਣ ਵਾਲੇ ਲੋਕਾਂ ਦੀ ਅਵਾਜ਼ ਨੂੰ ਦਬਾਉਣ ਦੀ ਬਜਾਏ ਇਸ ਨੂੰ ਬਚਾਉਣ ਦੀ ਲੋੜ ਹੈ ਨਾ ਕਿ ਬਾਹਾਂ ਤੋਂ ਬਗੈਰ ਵਿਅਕਤੀ ਨੂੰ ਦੋਸ਼ੀ ਗਰਦਾਨ ਕੇ ਕਟਹਿਰੇ ਵਿਚ ਖੜਾ ਕਰਨ ਦੀ।

# ਚੰਡੀਗੜ ਮਸਲੇ ਨੂੰ ਭਗਵੰਤ ਮਾਨ ਕਿਵੇਂ ਹੱਲ ਕਰਨਗੇ ?



**ਤਰਲੋਚਨ ਸਿੰਘ ਭੱਟੀ**

**ਮੋਬਾਈਲ : 98765-02607**

**ਭੱਖਦਾ ਮੱਸਲਾ**

ਪਹਿਲੀ ਪੀੜੀ ਦੇ ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਨੇ ਪੰਜਾਬ ਦਾ ਬਹੁਤ ਸੋਹਣਾ ਚਿਤਰਨ ਕੀਤਾ ਹੈ। 'ਪੰਜਾਬ, ਕਰਾਂ ਕੀ ਸਿਫਤ ਤਿਰੀ, ਸ਼ਾਨਾਂ ਦੇ ਸਭ ਸਮਾਨ ਤਿਰੇ, ਜਲ ਪੌਣ ਤਿਰਾ, ਹਰਿਔਲ ਤਿਰੀ, ਦਰਯਾ ਪਰਬਤ ਮੈਦਾਨ ਤਿਰੇ, ਭਾਰਤ ਦੇ ਸਿਰ ਤੇ ਛਤਰ ਤਿਰਾ ਤੇਰੇ ਸਿਰ ਛਤਰ ਹਿਮਾਲਾ ਦਾ, ਮੋਢੇ ਤੇ ਚਾਦਰ ਬਰਫ਼ਾਂ ਦੀ, ਸੀਨੇ ਵਿਚ ਸੇਕ ਜੁਆਲਾ ਦਾ'। ਚਾਤ੍ਰਿਕ ਨੇ ਉਸ ਪੰਜਾਬ ਦਾ ਚਿਤਰਨ ਕੀਤਾ ਹੈ ਜਿਸ ਦੀ 1947 ਦੀ ਪੰਜਾਬ ਵੰਡ ਤੋਂ ਪਹਿਲਾਂ ਰਾਜਧਾਨੀ ਲਾਹੌਰ ਹੁੰਦੀ ਸੀ ਅਤੇ ਵੰਡ ਤੋਂ ਬਾਅਦ ਸ਼ਿਮਲਾ ਬਣਾਈ ਗਈ।

ਆਪਣੀ ਰਾਜਧਾਨੀ ਹੋਣਾ ਇਕ ਦੇਸ਼ ਜਾਂ ਰਾਜ ਲਈ ਮਾਣ ਵਾਲੀ ਗੱਲ ਹੁੰਦੀ ਹੈ ਕਿਉਂਕਿ ਰਾਜਧਾਨੀ ਹੀ ਲੋਕਾਂ ਦੀ ਸੱਭਿਅਤਾ ਅਤੇ ਸਰਕਾਰਾਂ ਦੇ ਰਾਜ ਪ੍ਰਬੰਧ ਦੀ ਪ੍ਰਤੀਨਿਧਤਾ ਕਰਦੀ ਹੈ। ਰਾਜਧਾਨੀ ਵਿਚ ਵਿਧਾਨ ਸਭਾ, ਸਿਵਲ ਸਕੱਤਰੇਤ, ਹਾਈ ਕੋਰਟ ਅਤੇ ਹੋਰ ਮਹੱਤਵਪੂਰਨ ਸੰਸਥਾਵਾਂ/ਵਿਭਾਗਾਂ ਦੀਆਂ ਇਮਾਰਤਾਂ ਰਾਜ ਦੀ ਭਵਨ ਨਿਰਮਾਣ ਕਲਾ ਅਤੇ ਸੰਸਕ੍ਰਿਤੀ ਨੂੰ ਪੇਸ਼ ਕਰਦੀਆਂ ਹਨ। ਜੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਅੰਗਰੇਜ਼ੀ ਰਾਜ ਤੇ ਉਸ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਲਾਹੌਰ ਰਾਜਧਾਨੀ ਹੁੰਦੀ ਸੀ। ਗਰਮੀਆਂ 'ਚ ਰਾਜਧਾਨੀ ਸ਼ਿਮਲਾ (1876-1947) ਰਹੀ ਹੈ। ਸੰਨ 1947 ਦੀ ਪੰਜਾਬ ਦੀ ਵੰਡ ਪਿੱਛੋਂ ਪੱਛਮੀ ਪੰਜਾਬ (ਪਾਕਿਸਤਾਨ) ਦੀ ਰਾਜਧਾਨੀ ਲਾਹੌਰ ਹੀ ਰਹੀ ਜਦਕਿ ਪੂਰਬੀ ਪੰਜਾਬ (ਭਾਰਤ) ਦੀ ਰਾਜਧਾਨੀ ਸ਼ਿਮਲਾ ਨੂੰ ਬਣਾਇਆ ਗਿਆ। ਇਹ ਵਿਵਸਥਾ 1947 ਤੋਂ 1953 ਤਕ ਚੱਲਦੀ ਰਹੀ। ਸਾਲ 1956 'ਚ ਪੈਪਸੂ ਰਿਆਸਤ (ਪਟਿਆਲਾ, ਕੈਥਲ, ਫਰੀਦਕੋਟ, ਮਲੇਰਕੋਟਲਾ, ਥਾਨੇਸਰ, ਨਾਲਾਗੜ ਆਦਿ ਰਜਵਾੜੇ) ਨੂੰ ਪੰਜਾਬ ਵਿਚ ਸ਼ਾਮਲ ਕਰ ਦਿੱਤਾ ਗਿਆ । ਸੰਨ 1947 ਨੂੰ ਅੰਗਰੇਜ਼ਾਂ ਤੋਂ ਆਜ਼ਾਦ ਹੋਏ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਪੰਜਾਬ ਨੂੰ ਲਾਹੌਰ ਦੇ ਪੱਧਰ ਦੀ ਜਾਂ ਇਸ ਤੋਂ ਵੀ ਬਿਹਤਰ ਰਾਜਧਾਨੀ ਬਣਾਉਣ ਦਾ ਨਿਰਣਾ ਲਿਆ। ਇਸ ਪ੍ਰਾਜੈਕਟ ਲਈ ਇਲਾਕੇ ਦੀ ਖੋਜ ਕੀਤੀ ਗਈ ਤੇ ਸ਼ਿਵਾਲਕ ਪਹਾੜੀਆਂ ਵਾਲਾ ਇਲਾਕਾ ਜਿੱਥੇ ਹੁਣ ਚੰਡੀਗੜ ਕੈਪੀਟਲ ਰਿਜਨ ਸਥਿਤ ਹੈ, ਨੂੰ ਚੁਣਿਆ ਗਿਆ।

ਪ੍ਰਾਜੈਕਟ ਨੂੰ ਕਾਨੂੰਨੀ ਮਾਨਤਾ ਦੇਣ ਲਈ 'ਦਿ ਕੈਪੀਟਲ ਆਫ ਪੰਜਾਬ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ1952' ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤਾ ਗਿਆ ਅਤੇ ਗਵਰਨਰ, ਪੰਜਾਬ ਦੀ ਪ੍ਰਵਾਨਗੀ ਤੋਂ ਬਾਅਦ ਇਸ ਕਾਨੂੰਨ ਨੂੰ ਚੰਡੀਗੜ ਕੈਪੀਟਲ ਰਿਜਨ ਵਿਕਸਤ ਕਰਨ ਲਈ ਇਸ ਕਾਨੂੰਨ ਦੇ ਘੇਰੇ 'ਚ ਲਿਆਂਦਾ ਗਿਆ। ਕੌਮਾਂਤਰੀ ਪੱਧਰ ਦੀ ਭਵਨ ਨਿਰਮਾਣ ਕਲਾ ਭਰਪੂਰ ਚੰਡੀਗੜ ਨੂੰ ਪੰਜਾਬ ਦੀ ਰਾਜਧਾਨੀ ਹਿਤ ਵਸਾਉਣਾ ਸ਼ੁਰੂ ਹੋਇਆ। ਰਾਜਧਾਨੀ ਵਿਚ ਬਣ ਰਹੀਆਂ ਇਮਾਰਤਾਂ ਅਤੇ ਹੋਰ ਲੋੜੀਂਦੀਆਂ ਸੁਵਿਧਾਵਾਂ ਦਾ ਨਿਰਮਾਣ ਇਸ ਕਾਨੂੰਨ ਦੀਆਂ ਧਾਰਾਵਾਂ ਅਧੀਨ ਰੈਗੂਲੇਟ ਹੋਣ ਲੱਗਾ।

ਇਸ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਹੀ ਕੌਮਾਂਤਰੀ ਪ੍ਰਸਿੱਧੀ ਵਾਲੇ ਫਰਾਂਸੀਸੀ ਭਵਨ ਨਿਰਮਾਤਾ ਲੀ ਕਾਰਬੁਜ਼ੀਅਰ ਅਤੇ ਉਸ ਦੀ ਟੀਮ ਵੱਲੋਂ ਪੰਜਾਬ ਵਿਧਾਨ ਸਭਾ, ਸਿਵਲ ਸਕੱਤਰੇਤ, ਪੰਜਾਬ ਹਾਈ ਕੋਰਟ, ਸੁਖਨਾ ਝੀਲ ਅਤੇ ਹੋਰ ਮਹੱਤਵਪੂਰਨ ਬਿਲਡਿੰਗਾਂ ਦਾ ਨਿਰਮਾਣ ਹੋਇਆ। ਮਾਸਟਰ ਪਲਾਨ ਅਨੁਸਾਰ ਚੰਡੀਗੜ ਨੂੰ ਇਕ ਜਿਊਂਦੇ-ਜਾਗਦੇ ਸ਼ਹਿਰ ਦੇ ਤੌਰ 'ਤੇ ਵਿਕਸਤ ਕੀਤਾ ਗਿਆ ਅਤੇ ਇੱਥੇ ਉਹ ਸਭ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਜੋ ਪੰਜਾਬ ਦੇ ਲੋਕਾਂ ਲਈ ਲੋੜੀਂਦੀਆਂ ਹਨ। 'ਦਿ ਕੈਪੀਟਲ ਆਫ ਪੰਜਾਬ ਐਕਟ 1952' ਅਤੇ ਇਸ ਅਧੀਨ ਬਣਾਏ ਨਿਯਮਾਂ ਨੂੰ ਬਣਾਉਣ ਅਤੇ ਲਾਗੂ ਕਰਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਨੇ ਆਪਣੇ ਉੱਪਰ ਲੈ ਲਈ। ਚੰਡੀਗੜ ਕੈਪੀਟਲ ਕੰਪਲੈਕਸ ਦੀ ਕੌਮਾਂਤਰੀ ਪੱਧਰ ਦੀ ਭਵਨ ਨਿਰਮਾਣ ਕਲਾ ਤੋਂ ਪ੍ਰਭਾਵਿਤ ਹੋ ਕੇ ਓਡੀਸ਼ਾ ਰਾਜ ਨੇ ਆਪਣੀ ਰਾਜਧਾਨੀ ਭੁਵਨੇਸ਼ਵਰ ਅਤੇ ਗੁਜਰਾਤ ਨੇ ਗਾਂਧੀ ਨਗਰ ਦਾ ਨਿਰਮਾਣ ਚੰਡੀਗੜ ਭਵਨ ਨਿਮਰਾਣਕਾਰੀ ਅਨੁਸਾਰ ਕੀਤਾ ਹੈ। ਯੂਨੈਸਕੋ ਵੱਲੋਂ ਚੰਡੀਗੜ ਕੈਪੀਟਲ ਕੰਪਲੈਕਸ ਨੂੰ ਵਰਲਡ ਹੈਰੀਟੇਜ ਐਲਾਨਿਆ ਜਾਣਾ ਪੰਜਾਬੀਆਂ ਲਈ ਮਾਣ ਵਾਲੀ ਗੱਲ ਹੈ।

ਇਹ ਵੱਖਰੀ ਗੱਲ ਹੈ ਕਿ ਚੰਡੀਗੜ ਪੰਜਾਬ ਦੀ ਰਾਜਧਾਨੀ ਕੇਵਲ 1953 ਤੋਂ 1966 ਤਕ ਹੀ ਰਿਹਾ। ਪੰਡਿਤ ਜਵਾਹਰ ਲਾਲ ਨਹਿਰੂ ਦੀ ਇਸ ਲਈ ਵੀ ਤਾਰੀਫ਼ ਕਰਨੀ ਬਣਦੀ ਹੈ ਕਿ ਉਨਾਂ ਨੇ ਭਾਖੜਾ ਡੈਮ ਬਣਾਇਆ ਜਿਸ ਨੂੰ ਕੌਮਾਂਤਰੀ ਪ੍ਰਸਿੱਧੀ ਵਾਲਾ ਲੋਕਾਂ ਦੀਆਂ ਖੇਤੀਬਾੜੀ ਲਈ ਸਿੰਚਾਈ ਅਤੇ ਬਿਜਲੀ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲਾ ਮੈਗਾ ਪ੍ਰਾਜੈਕਟ ਜਾਣਿਆ ਜਾਂਦਾ ਹੈ। ਪਰ ਪੰਜਾਬ ਲਈ ਹੋਂਦ ਵਿਚ ਆਇਆ ਚੰਡੀਗੜ ਸ਼ਹਿਰ ਅਤੇ ਭਾਖੜਾ ਡੈਮ ਹੁਣ ਵਿਵਾਦਗ੍ਰਸਤ ਹੋ ਗਿਆ ਹੈ ਜਿਸ ਲਈ ਸਮੇਂ ਦੀਆਂ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਜ਼ਿੰਮੇਵਾਰ ਹਨ। ਸਾਲ 1966 ਵਿਚ ਭਾਰਤ ਦੀ ਪਾਰਲੀਮੈਂਟ ਵੱਲੋਂ 'ਦਿ ਪੰਜਾਬ ਰੀਆਰਗੇਨਾਈਜ਼ੇਸ਼ਨ ਐਕਟ 1966' ਪਾਸ ਕੀਤਾ ਗਿਆ ਜਿਸ ਅਧੀਨ ਪੰਜਾਬ ਰਾਜ ਵਿੱਚੋਂ ਰੋਹਤਕ, ਗੁੜਗਾਵਾਂ, ਕਰਨਾਲ, ਮਹਿੰਦਰਗੜ ਜ਼ਿਲੇ, ਸੰਗਰੂਰ ਦੀਆਂ ਨਰਵਾਣਾ ਅਤੇ ਜੀਂਦ ਤਹਿਸੀਲਾਂ, ਅੰਬਾਲਾ ਜ਼ਿਲੇ ਦੀਆਂ ਅੰਬਾਲਾ, ਜਗਾਧਰੀ ਅਤੇ ਨਰਾਇਣਗੜ ਤਹਿਸੀਲਾਂ, ਅੰਬਾਲਾ ਜ਼ਿਲੇ ਦੀ ਖਰੜ ਤਹਿਸੀਲ ਦੀ ਪਿੰਜੌਰ ਤੇ ਮਨੀਮਾਜਰਾ ਕਾਨੂੰਗੋਈ ਸਰਕਲ ਹਰਿਆਣਾ ਰਾਜ 'ਚ ਸ਼ਾਮਲ ਕਰ ਦਿੱਤੇ ਗਏ ਅਤੇ ਚੰਡੀਗੜ ਨੂੰ ਕੇਂਦਰੀ ਸ਼ਾਸਿਤ ਖੇਤਰ ਐਲਾਨ ਦਿੱਤਾ ਗਿਆ। ਇਸੇ ਤਰਾਂ ਸ਼ਿਮਲਾ, ਕਾਂਗੜਾ, ਕੁੱਲੂ, ਲਾਹੌਲ-ਸਪਿਤੀ ਜ਼ਿਲੇ, ਅੰਬਾਲਾ ਜ਼ਿਲੇ ਦੀ ਨਰਾਇਣਗੜ ਤਹਿਸੀਲ, ਹੁਸ਼ਿਆਰਪੁਰ ਜ਼ਿਲੇ ਦਾ ਲੋਹਾਰਾ, ਅੰਬ, ਸੰਤੋਖਗੜ ਤੇ ਊਨਾ ਕਾਨੂੰਨਗੋਈ ਸਰਕਲ ਅਤੇ ਗੁਰਦਾਸਪੁਰ ਜ਼ਿਲੇ ਦੀ ਪਠਾਨਕੋਟ ਤਹਿਸੀਲ ਦਾ ਧਾਰਕਲਾ ਕਾਨੂੰਗੋਈ ਸਰਕਲ ਪੰਜਾਬ ਰਾਜ ਵਿੱਚੋਂ ਕੱਢ ਕੇ ਉਸ ਸਮੇਂ ਦੀ ਕੇਂਦਰੀ ਸ਼ਾਸਿਤ ਖੇਤਰ ਹਿਮਾਚਲ ਪ੍ਰਦੇਸ਼ 'ਚ ਮਿਲਾ ਦਿੱਤੇ ਗਏ।

ਇਸੇ ਕਾਨੂੰਨ ਤਹਿਤ ਪੰਜਾਬ ਵਿਧਾਨ ਸਭਾ ਲਈ 87, ਹਰਿਆਣਾ ਵਿਧਾਨ ਸਭਾ ਲਈ 54 ਅਤੇ ਹਿਮਾਚਲ ਪ੍ਰਦੇਸ਼ ਕੇਂਦਰੀ ਸ਼ਾਸਿਤ ਖੇਤਰ ਲਈ 56 ਸੀਟਾਂ ਨਿਰਧਾਰਤ ਕੀਤੀਆਂ ਗਈਆਂ। ਇਸੇ ਤਰਾਂ ਪੰਜਾਬ ਵਿਧਾਨ ਪ੍ਰੀਸ਼ਦ ਲਈ 40 ਸੀਟਾਂ ਨਿਰਧਾਰਨ ਕੀਤੀਆਂ ਗਈਆਂ। ਲੋਕ ਸਭਾ ਲਈ ਹਰਿਆਣਾ ਲਈ 9 (ਸਮੇਤ 2 ਅਨੁਸੂਚਿਤ ਜਾਤੀ ਲਈ ਰਾਖਵੀਆਂ), ਹਿਮਾਚਲ ਪ੍ਰਦੇਸ਼ ਲਈ 6 ਸੀਟਾਂ (1 ਅਨੁਸੂਚਿਤ ਜਾਤੀ ਲਈ ਰਾਖਵੀਂ) ਅਤੇ 1 ਸੀਟ ਕੇਂਦਰੀ ਸ਼ਾਸਿਤ ਪ੍ਰਦੇਸ਼ ਚੰਡੀਗੜ ਲਈ ਨਿਰਧਾਰਤ ਕੀਤੀਆਂ ਗਈਆਂ। ਇਸੇ ਕਾਨੂੰਨ ਅਨੁਸਾਰ ਪੰਜਾਬ, ਹਰਿਆਣਾ ਅਤੇ ਚੰਡੀਗੜ ਲਈ ਇਕ ਸਾਂਝੀ ਹਾਈ ਕੋਰਟ ਦੀ ਵਿਵਸਥਾ ਕੀਤੀ ਗਈ। ਭਾਖੜਾ ਡੈਮ ਅਤੇ ਰੈਜ਼ਵਾਇਰ ਨੰਗਲ ਡੈਮ ਅਤੇ ਨੰਗਲ ਹਾਈਡਲ ਚੈਨਲ, ਰੋਪੜ, ਹਰੀਕੇ ਅਤੇ ਫਿਰੋਜ਼ਪੁਰ ਹੈੱਡ ਵਰਕਸ ਆਦਿ ਦੇ ਪ੍ਰਬੰਧ ਲਈ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਬਣਾਇਆ ਗਿਆ ਜਿਸ ਦਾ ਕੰਟਰੋਲ ਕੇਂਦਰ ਸਰਕਾਰ ਦੇ ਹੱਥ ਵਿਚ ਰੱਖਿਆ ਗਿਆ। ਚੰਡੀਗੜ ਰਾਜਧਾਨੀ ਅਤੇ ਭਾਖੜਾ ਡੈਮ ਅਤੇ ਇਸ ਦੇ ਪਾਣੀਆਂ ਨੂੰ ਪੰਜਾਬ ਦੀ ਮਲਕੀਅਤ ਬਣਾਉਣ ਲਈ ਪੰਜਾਬ ਵਿਧਾਨ ਸਭਾ ਵਿਚ 18 ਮਈ 1967, 19 ਜਨਵਰੀ 1970, 7 ਸਤੰਬਰ 1978, 21 ਅਕਤੂਬਰ 1985, 2 ਮਾਰਚ 1986 ਅਤੇ 23 ਦਸੰਬਰ 2014 ਨੂੰ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ। ਪੰਜਾਬ ਵਿਧਾਨ ਸਭਾ ਦੀਆਂ 2022 ਦੀਆਂ ਚੋਣਾਂ ਤੋਂ ਬਾਅਦ ਇਤਿਹਾਸਕ ਜਿੱਤ ਪ੍ਰਾਪਤ ਕਰ ਕੇ ਹੋਂਦ ਵਿਚ ਆਈ ਭਗਵੰਤ ਮਾਨ ਸਰਕਾਰ ਵੱਲੋਂ ਵੀ ਪਹਿਲੀ ਅਪ੍ਰੈਲ 2022 ਨੂੰ ਚੰਡੀਗੜ ਪੰਜਾਬ ਨੂੰ ਦੇਣ ਸਬੰਧੀ ਪੰਜਾਬ ਵਿਧਾਨ ਸਭਾ 'ਚ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਹੈ। ਪੰਜਾਹ ਸਾਲ ਤੋਂ ਵੀ ਜ਼ਿਆਦਾ ਸਮਾਂ ਹੋ ਗਿਆ ਹੈ ਕਿ ਪੰਜਾਬ ਦੀ ਆਪਣੀ ਕੋਈ ਰਾਜਧਾਨੀ ਨਹੀਂ ਅਤੇ ਨਾ ਹੀ ਆਪਣੀ ਹਾਈ ਕੋਰਟ।

ਚੰਡੀਗੜ ਸਿਟੀ ਬਿਊਟੀਫੁੱਲ ਪੰਜਾਬ ਲਈ ਇਕ ਸੁਪਨਾ ਬਣ ਕੇ ਰਹਿ ਗਿਆ ਹੈ। ਰਾਜਨੀਤਕ ਪਾਰਟੀਆਂ ਅਤੇ ਸਰਕਾਰਾਂ ਇਕ-ਦੂਜੇ ਨੂੰ ਕੋਸਦੀਆਂ ਰਹਿੰਦੀਆਂ ਹਨ। ਪੰਜਾਬ ਦੇ ਬਹੁਤੇ ਲੋਕ ਸ਼੍ਰੋਮਣੀ ਅਕਾਲੀ ਦਲ ਅਤੇ ਉਸ ਦੇ 'ਪੰਜਾਬੀ ਸੂਬੇ ਦੀ ਜੱਦੋ-ਜਹਿਦ ਨੂੰ ਅਤੇ ਕੁਝ ਕੇਂਦਰ ਵਿਚ ਲੰਬੇ ਸਮੇਂ ਤਕ ਰਹੀਆਂ ਕਾਂਗਰਸੀ ਸਰਕਾਰਾਂ ਨੂੰ ਕੋਸਦੇ ਰਹਿੰਦੇ ਹਨ। ਮੇਰੀ ਪੋਸਟਿੰਗ ਬਤੌਰ ਐੱਸਡੀਐੱਮ ਪੱਟੀ ਦੌਰਾਨ ਪੱਟੀ ਦੇ ਲੋਕਾਂ ਨੇ ਮੈਨੂੰ ਦੱਸਿਆ ਕਿ ਸ. ਪ੍ਰਤਾਪ ਸਿੰਘ ਕੈਰੋਂ, ਤਤਕਾਲੀ ਮੁੱਖ ਮੰਤਰੀ ਪੰਜਾਬ (1956-64) ਅਕਾਲੀਆਂ ਉੱਤੇ ਪੰਜਾਬੀ ਸੂਬਾ ਬਣਾਉਣ ਦੀ ਮੰਗ ਬਾਰੇ ਤਨਜ਼ ਕੱਸਦੇ ਸਨ ਕਿ 'ਅਕਾਲੀਏ ਪੰਜਾਬ ਨੂੰ ਪੰਜਾਬੀ ਸੂਬਾ ਬਣਾਉਣ ਲਈ ਹਰਿਆਣਾ ਵੱਖਰਾ ਕਰਨ ਨੂੰ ਫਿਰਦੇ ਹਨ ਜਦਕਿ ਮੈਂ (ਕੈਰੋਂ ਸਾਹਿਬ) ਤਾਂ ਪੰਜਾਬ ਲਈ ਦਿੱਲੀ ਲੈਣ ਨੂੰ ਫਿਰਦਾ ਹਾਂ।' ਹੁਣ ਪੰਜਾਬ ਦੀ ਰਾਜਧਾਨੀ ਅਤੇ ਪਾਣੀਆਂ ਦਾ ਮਸਲਾ ਮੌਜੂਦਾ ਭਗਵੰਤ ਮਾਨ ਸਰਕਾਰ ਦੇ ਹਵਾਲੇ ਹੈ। ਦੇਖੋ ਇਸ ਮਸਲੇ ਨੂੰ ਭਗਵੰਤ ਮਾਨ ਆਪਣੀ ਨਵੀਂ ਸੋਚ ਅਤੇ ਨਵੀਂ ਪਹੁੰਚ ਨਾਲ ਕਿਵੇਂ ਹੱਲ ਕਰਦੇ ਹਨ-ਪੰਜਾਬ ਲਈ ਨਵਾਂ ਸੰਘਰਸ਼ ਜਾਂ ਨਵੀਂ ਰਾਜਧਾਨੀ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਅੰਮ੍ਰਿਤਸਰ ਟਾਈਮਜ਼
AMRITSAR TIMES

18 ਮਈ 2022 ਤੋਂ 24 ਮਈ 2022

# ਪੰਜਾਬ ਦੇ ਜ਼ਮੀਨੀ ਪਾਣੀਆਂ ਦਾ ਗੰਭੀਰ ਮਸਲਾ

ਬੇਸ਼ੱਕ ਸਮੇਂ ਸਮੇਂ ਉੱਤੇ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਜ਼ਮੀਨੀ ਪਾਣੀ ਦੇ ਗੰਭੀਰ ਸੰਕਟ ਨਾਲ ਜੁੜੇ ਹਾਲਾਤ ਨੂੰ ਮੋੜਾ ਪਾਉਣ ਲਈ ਸੁਝਾਅ ਦਿੱਤੇ ਜਾਂਦੇ ਰਹੇ ਹਨ ਅਤੇ ਇਹ ਕਿਹਾ ਜਾਂਦਾ ਰਿਹਾ ਹੈ ਕਿ ਆਉਂਦੇ ਸਮੇਂ ਵਿੱਚ ਇਨਾਂ ਸੁਝਾਵਾਂ ਉੱਤੇ ਅਮਲ ਕੀਤਾ ਜਾਵੇਗਾ ਪਰ ਬੀਤੇ ਉੱਤੇ ਝਾਤ ਮਾਰੀਏ ਤਾਂ ਸਰਕਾਰੀ ਯਤਨ ਹਾਲੀ ਤੱਕ ਤਾਂ ਜ਼ਮੀਨੀ ਹਾਲਾਤ ਬਦਲਣ ਵਿੱਚ ਨਾਕਾਮ ਹੀ ਰਹੇ ਹਨ। ਪੰਜਾਬ ਦੀ ਸੂਬੇਦਾਰੀ ਦੀ ਸਿਆਸਤ ਸੱਤਾ-ਭੋਗਣ ਦੇ ਨੁਕਤੇ ਉੱਤੇ ਕੇਂਦ੍ਰਿਤ ਹੈ। ਜਿੱਥੇ ਪੰਜਾਬ ਦੀ ਸੂਬੇਦਾਰੀ ਰਾਜਸੀ ਅਤੇ ਵਿੱਤੀ ਹੱਕਾਂ ਤੋਂ ਮਹਿਰੂਮ ਹੈ ਓਥੇ ਸੂਬੇਦਾਰੀ ਵਾਲੀਆਂ ਧਿਰਾਂ ਵਿੱਚ ਇਸ ਹਾਲਾਤ ਨੂੰ ਨਜਿੱਠਣ ਦੇ ਸਮਰੱਥ ਹੋਣ ਦੀ ਸਿਆਸੀ ਇੱਛਾਸ਼ਕਤੀ ਨਹੀਂ ਹੈ। ਸਰਕਾਰੀ ਦਸਤਾਵੇਜ਼ਾਂ ਵਿੱਚ ਅੰਕਿਤ ਅੰਕੜੇ ਹੀ ਸਰਕਾਰਾਂ ਵੱਲੋਂ ਹਾਲਾਤ ਨੂੰ ਨਜਿੱਠਣ ਦੀ ਕੋਸ਼ਿਸ਼ ਕਰਨ ਦੇ ਦਾਅਵਿਆਂ ਦਾ ਮੂੰਹ ਚਿੜਾਉਂਦੇ ਹਨ। ਅਜਿਹੇ ਵਿੱਚ ਪੰਜਾਬ ਨੂੰ ਸਮਾਜਿਕ ਪੱਧਰ ਉੱਤੇ ਆਪਣੇ ਭਵਿੱਖ ਲਈ ਯਤਨ ਕਰਨ ਦੀ ਲੋੜ ਹੈ ਅਤੇ ਇਸ ਵਾਸਤੇ ਇਹ ਨਿਸ਼ਾਨਦੇਹੀ ਕਰਨੀ ਜ਼ਰੂਰੀ ਹੈ ਕਿ ਮੌਜੂਦਾ ਗੰਭੀਰ ਹਾਲਾਤ ਬਣਨ ਪਿੱਛੇ ਕਾਰਨ ਕੀ ਹਨ ਅਤੇ ਅਸੀਂ ਇਨਾਂ ਦਾ ਹੱਲ ਕਿੰਝ ਕਰ ਸਕਦੇ ਹਾਂ?

ਇੱਕ ਕਾਰਨ ਤਾਂ ਪੂੰਜੀਵਾਦੀ/ਕਾਰਪੋਰੇਟ ਵਿਕਾਸ ਮਾਡਲ ਹੈ। ਕੁਦਰਤੀ ਸਾਧਨਾਂ ਨੂੰ ਜ਼ਿੰਦਗੀ ਦਾ ਸੋਮਾ ਸਮਝ ਕੇ ਸਤਿਕਾਰ ਦੇਣ ਦੇ ਬਜਾਏ ਇਨਾਂ ਨੂੰ ਸਿਰਫ ਮੁਨਾਫਾ ਕਮਾਉਣ ਦਾ ਜ਼ਰੀਆ ਬਣਾ ਦਿੱਤਾ ਗਿਆ ਹੈ ਜਿਸ ਕਾਰਨ ਆਲਮੀ ਤਪਸ਼ ਅਤੇ ਮੌਸਮੀ ਤਬਦੀਲੀ ਵਰਗੇ ਸੰਕਟਾਂ ਦਾ ਅੱਜ ਦੁਨੀਆ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਇੰਡੀਆ ਅੰਦਰ ਪੰਜਾਬ ਦੀ ਰਾਜਸੀ ਅਧੀਨਗੀ ਕਾਰਨ ਪੰਜਾਬ ਦੇ ਦਰਿਆਈ ਪਾਣੀਆਂ ਦਾ ਵੱਡਾ ਹਿੱਸਾ ਗੈਰ-ਰਾਇਪੇਰੀਅਨ ਖਿੱਤਿਆਂ ਨੂੰ ਲੁਟਾਇਆ ਜਾ ਰਿਹਾ ਹੈ। ਤੀਜਾ ਕਾਰਨ ਜ਼ਮੀਨੀ ਪਾਣੀ ਦੀ ਗੈਰ-ਹੰਢਣਸਾਰ ਵਰਤੋਂ ਦਾ ਹੈ। ਚੌਥਾ ਕਾਰਨ ਇੰਡੀਆ ਦੀ ਰਾਜਸੀ ਨੀਤੀ ਤਹਿਤ ਪੰਜਾਬ ਦੇ ਰਵਾਇਤੀ ਖੇਤੀ ਮਾਡਲ ਵਿਚ ਵਿਗਾੜ ਅਤੇ ਗ਼ੈਰ-ਇਲਾਕਾਈ ਫਸਲ ਝੋਨਾ ਪੈਦਾ ਕਰਵਾਉਣ ਦੀ ਕਵਾਇਦ ਹੈ।

ਪੰਜਾਬ ਵਿੱਚ ਝੋਨੇ ਹੇਠ ਰਕਬੇ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ ਜਦੋਂਕਿ ਹੋਰਨਾਂ ਰਿਵਾਇਤੀ ਫਸਲਾਂ ਹੇਠ ਰਕਬਾ ਘਟਿਆ ਹੈ। ਖੇਤੀ ਮਾਹਿਰ ਦੱਸਦੇ ਹਨ ਕਿ ਪੰਜਾਬ ਵਿੱਚ 1 ਕਿੱਲੋ ਚੌਲ ਪੈਦਾ ਕਰਨ ਲਈ 4 ਤੋਂ 5 ਹਜ਼ਾਰ ਲੀਟਰ ਪਾਣੀ ਲੱਗ ਜਾਂਦਾ ਹੈ। 1970 ਵਿੱਚ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਪੱਧਰ ਔਸਤਨ 20 ਫੁੱਟ ਦੇ ਆਸ ਪਾਸ ਸੀ ਜੋ ਹੁਣ 200 ਫੁੱਟ ਦੇ ਆਸ ਪਾਸ ਚਲਾ ਗਿਆ ਹੈ ਤੇ ਕਈ ਥਾਂਈਂ ਤਾਂ 800 ਫੁੱਟ ਤੋਂ ਵੀ ਵੱਧ ਡੂੰਘਾਈ ਤੋਂ ਪਾਣੀ ਕੱਢਿਆ ਜਾ ਰਿਹਾ ਹੈ। ਅਜਿਹੇ ਵਿੱਚ ਇਹ ਵਿਚਾਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਹਾਲਾਤ ਦੇ ਹੱਲ ਕੀ ਹਨ?

ਅਸੀਂ ਪਾਣੀਆਂ ਦੇ ਮਸਲੇ ਦੇ ਹੱਲ ਤਿੰਨ ਪੱਧਰਾਂ ਉੱਤੇ ਵਿਚਾਰ ਸਕਦੇ ਹਾਂ:

ਪਹਿਲਾ, ਜਿਸ ਵਿੱਚ ਆਲਮੀ ਤਪਸ਼ ਵਿੱਚ ਕਟੌਤੀ ਕਰਨਾ, ਦਰਿਆਈ ਪਾਣੀਆਂ ਦੀ ਰਿਪੇਰੀਅਨ ਸਿਧਾਂਤ ਮੁਤਾਬਿਕ ਵਰਤੋਂ, ਉਦਯੋਗਿਕ ਖੇਤਰ ਵਿੱਚ ਪਾਣੀ ਦੀ ਸੁਯੋਗ ਵਰਤੋਂ ਯਕੀਨੀ ਬਣਾਉਣਾ ਅਤੇ ਫਸਲੀ ਭਿੰਨਤਾ ਭਾਵ ਵਿਰਾਸਤੀ ਫਸਲੀ ਚੱਕਰ ਲਾਗੂ ਕਰਨ ਲਈ ਲੋੜੀਂਦੇ ਹਲਾਤ ਮੁਹੱਈਆ ਕਰਵਾਉਣੇ ਸਰਕਾਰੀ ਨੀਤੀਆਂ ਅਤੇ ਅਮਲਾਂ ਦੇ ਪੱਧਰ ਦੀ ਗੱਲ ਹੈ। ਮੌਜੂਦਾ ਰਾਜਸੀ ਢਾਂਚੇ ਉਪਰੋਕਤ ਹੱਲ ਕੱਢਣ ਦੇ ਸਮਰੱਥ ਨਜ਼ਰ ਨਹੀਂ ਆ ਰਹੇ। ਇਸ ਲਈ ਇਹ ਦੀਰਘ ਕਾਲ ਵਿੱਚ ਹੋਣ ਵਾਲੇ ਕਾਰਜ ਹਨ। ਪੰਜਾਬ ਦੇ ਲੋਕਾਂ ਲਈ ਲਾਜਮੀ ਹੈ ਕਿ ਉਹ ਇਨਾਂ ਮਸਲਿਆਂ ਦੇ ਪੱਕੇ ਹੱਲ ਲਈ ਲੋੜੀਂਦੇ ਨਵੇਂ ਰਾਜਸੀ ਢਾਂਚੇ ਉਸਾਰਨ ਲਈ ਸੰਘਰਸ਼ਸ਼ੀਲ ਰਹਿਣ ਅਤੇ ਪਹਿਰੇਦਾਰੀ ਕਰਨ ਜਿਸ ਰਾਹੀਂ ਸਰਬੱਤ ਦੇ ਭਲੇ ਲਈ ਪੰਜਾਬ-ਪੱਖੀ, ਕੁਦਰਤ-ਪੱਖੀ, ਅਤੇ ਕਿਰਤ-ਪੱਖੀ ਖੇਤੀ ਮਾਡਲ ਉਸਾਰਨ ਲਈ ਸਾਜਗਾਰ ਰਾਜਸੀ ਮਹੌਲ ਬਣ ਸਕੇ।

ਦੂਜਾ, ਮੱਧਮ ਕਾਲ ਨੀਤੀ ਤਹਿਤ ਉਦਯੋਗਿਕ ਇਕਾਈਆਂ ਵਿੱਚ ਪਾਣੀ ਦੀ ਦੁਰਵਰਤੋਂ ਅਤੇ ਪਰਦੂਸ਼ਣ ਰੋਕਣ ਦੇ ਸਵੈ ਯਤਨਾਂ ਦੇ ਨਾਲ-ਨਾਲ ਆਮ ਕਿਸਾਨ ਹੇਠ ਲਿਖੇ ਯਤਨ ਆਪਣੀ ਆਰਥਿਕ ਹਾਲਤ ਤੇ ਸਮਰੱਥਾ ਅਨੁਸਾਰ ਕਰ ਸਕਦੇ ਹਨ। ਇਹ ਨੀਤੀ ਸਮਾਜਕ ਜਿੰਮੇਵਾਰੀ ਦੀ ਭਾਵਨਾ ਨਾਲ ਸਿਰੇ ਚੜ੍ਹੇ ਸਕਦੀ ਹੈ। ਇਸ ਲਈ ਜ਼ਰੂਰੀ ਹੈ ਕਿ :-

1. ਹੁਣ ਦੇ ਸਮੇਂ ਪ੍ਰਚੱਲਤ ਹੋ ਚੁੱਕੀ ਇੱਕ ਫਸਲੀ ਖੇਤੀਬਾੜੀ ਜੁਗਤ ਦੀ ਜਗਾ ਰਲਵੀਆਂ ਫਸਲਾਂ ਅਤੇ ਰੁੱਖਾਂ ਵਾਲੀ ਰਵਾਇਤੀ ਖੇਤੀ ਜੁਗਤ ਅਪਨਾਈਏ ਤਾਂ ਕਿ ਪਾਣੀ ਦੀ ਹੰਢਣਸਾਰ ਵਰਤੋਂ ਵੱਲ ਵਧ ਸਕੀਏ।
2. ਜਮੀਨ ਦੇ ਕੁਝ ਹਿੱਸੇ ਵਿੱਚ ਪੰਜਾਬ ਦੇ ਪੁਰਾਣੇ ਰੁੱਖ ਨਿੰਮ, ਅੰਬ, ਟਾਹਲੀ, ਕਿੱਕਰ, ਜਾਮਣ, ਫਲਾਹੀ, ਪਿੱਪਲ, ਬੋਹੜ, ਪਿਲਕਣ ਲਗਾਈਏ। ਇਸ ਨਾਲ ਕੁਦਰਤੀ ਵਾਤਾਵਰਣ ਦਾ ਸੰਤੁਲਨ ਵੀ ਕਾਇਮ ਰਹੇਗਾ।
3. ਕੁਝ ਹਿੱਸੇ ਵਿੱਚ ਬਾਗਬਾਨੀ ਜਾਂ ਵਣਖੇਤੀ ਕੀਤੀ ਜਾਵੇ ਜਾਂ ਘੱਟ ਪਾਣੀ ਦੀ ਖਪਤ ਵਾਲੀਆਂ ਫਸਲਾਂ ਜਿਵੇਂ ਕਿ ਮੱਕੀ, ਬਾਜਰ, ਕੋਧਰਾ, ਜਵਾਰ, ਰਾਗੀ ਆਦਿ ਦੀ ਕਾਸ਼ਤ ਕੀਤੀ ਜਾਵੇ।
4. ਪੰਜਾਬ ਵਿੱਚ ਖੇਤੀ ਦੀ ਘਣਤਾ 200% ਹੈ, ਜੋ ਕਿ ਬਹੁਤ ਜ਼ਿਆਦਾ ਹੈ। ਇਸ ਨੂੰ ਘਟਾਉਣ ਲਈ ਜ਼ਮੀਨ ਦੇ ਇੱਕ ਚੌਥਾਈ ਹਿੱਸੇ ਵਿੱਚ ਸਾਉਣੀ ਦੀ ਫਸਲ ਨਾ ਬੀਜੀ ਜਾਵੇ, ਜਿਵੇਂ ਪਹਿਲਾਂ ਵੱਟੇ ਵਿੱਚ ਜ਼ਮੀਨ ਦਾ ਕੁਝ ਹਿੱਸਾ ਛਿਮਾਹੀ ਲਈ ਖਾਲੀ ਛੱਡਿਆ ਜਾਂਦਾ ਸੀ।
5. ਕੱਦੂ ਕਰਕੇ ਝੋਨਾ ਲਾਉਣ ਦੀ ਥਾਂ ਵੱਟਾਂ ਉੱਤੇ ਝੋਨਾ ਲਾਉਣ ਜਾਂ ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਅਪਣਾਈ ਜਾਵੇ ਜਿਸ ਨਾਲ ਪਾਣੀ ਦੀ ਖਪਤ ਘਟਾਈ ਜਾ ਸਕਦੀ ਹੈ। ਫਸਲਾਂ ਦੀ ਸਿੰਜਾਈ ਲਈ ਫੁਆਰਾ ਜਾਂ ਤੁਪਕਾ ਸਿੰਜਾਈ ਆਦਿ ਵਿਧੀਆਂ ਦੀ ਵਰਤੋਂ ਕੀਤੀ ਜਾਵੇ।
6. ਖੇਤਾਂ ਵਿਚ ਤਲਾਅ ਬਣਾਅ ਕੇ ਅਤੇ ਪੁਰਾਣੀਆਂ ਢਾਬਾਂ ਨੂੰ ਮੁੜ ਸੁਰਜੀਤ ਕਰਕੇ ਮੀਂਹ ਦੇ ਪਾਣੀ ਨੂੰ ਇਕੱਠਾ ਕੀਤਾ ਜਾਵੇ ਤੇ ਖੇਤਾਂ ਦੀ ਸਿੰਜਾਈ ਲਈ ਵਰਤਿਆ ਜਾਵੇ।
7. ਜਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣੋਂ ਬਚਾਉਣ ਲਈ ਘਰਾਂ ਅਤੇ ਹੋਰ ਵੱਡੀਆਂ ਇਮਾਰਤਾਂ ਦੀਆਂ ਛੱਤਾਂ ਦੇ ਜਮੀਨਦੋਜ਼ ਕੀਤਾ ਜਾਵੇ। ਧਾਰਮਿਕ ਅਸਥਾਨਾਂ ਅਤੇ ਸਾਂਝੀਆਂ ਇਮਾਰਤਾਂ (ਸਕੂਲ, ਕਾਲਜ, ਕਿਤਾਬਘਰ, ਹਸਪਤਾਲ ਆਦਿ) ਦੀਆਂ ਛੱਤਾਂ ਦਾ ਪਾਣੀ ਜ਼ਮੀਨਦੋਜ਼ ਕਰਕੇ ਪਹਿਲ ਕੀਤੀ ਜਾਵੇ ਤਾਂ ਸਮਾਜ ਵਿੱਚ ਇਸ ਬਾਰੇ ਜਾਗਰੂਕਤਾ ਲਿਆਂਦੀ ਜਾ ਸਕਦੀ ਹੈ।

ਤੀਜਾ, ਫੌਰੀ ਨੀਤੀ ਦੇ ਤੌਰ ਤੇ ਪੰਜਾਬ ਦੇ ਜਲ ਸੰਕਟ ਵਿੱਚੋਂ ਪੰਜਾਬ ਨੂੰ ਕੱਢਣ ਲਈ ਝੋਨੇ ਹੇਠਲੇ ਕਰੀਬ 75 ਲੱਖ ਏਕੜ ਰਕਬੇ ਵਿੱਚੋਂ 30-35 ਲੱਖ ਏਕੜ ਰਕਬੇ ਨੂੰ ਝੋਨਾ ਮੁਕਤ ਕਰਨ ਦੀ ਫੌਰੀ ਲੋੜ ਹੈ। ਇਸ ਲਈ ਪਰਵਾਸੀ ਅਤੇ ਨੌਕਰੀਪੇਸ਼ਾ ਪੰਜਾਬੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ ਕਿਉਂਕਿ ਇਹ ਵਰਗ ਆਰਥਕ ਤੌਰ ਉੱਤੇ ਖੇਤੀ ਉੱਤੇ ਨਿਰਭਰ ਨਹੀਂ ਹਨ। ਜੇਕਰ ਉਹ ਪੰਜਾਬ ਵਿੱਚ ਪ੍ਰਤੀ ਜੀਅ ਇੱਕ ਏਕੜ ਵਿਚੋਂ ਵੀ ਝੋਨੇ ਦੀ ਫਸਲ ਘੱਟ ਕਰਵਾਉਣ ਲਈ ਉੱਦਮ ਕਰਨ ਤਾਂ ਪੰਜਾਬ ਵਿੱਚ ਝੋਨੇ ਹੇਠ ਰਕਬੇ ਨੂੰ 30 ਲੱਖ ਏਕੜ ਘਟਾਇਆ ਜਾ ਸਕਦਾ ਹੈ। ਇਸ ਲਈ ਪੰਜਾਬ ਦਰਦੀ ਪਰਵਾਸੀ ਝੋਨੇ ਹੇਠੋਂ ਰਕਬਾ ਕੱਢਣ ਅਤੇ ਫਸਲੀ ਰਹਿੰਦ-ਖੂਹੰਦ ਨੂੰ ਅੱਗ ਨਾ ਲਾਉਣ ਦੀ ਸ਼ਰਤ ਉੱਤੇ ਉਸ ਜ਼ਮੀਨ ਦਾ ਠੇਕਾ ਘੱਟ ਕਰਕੇ ਪੰਜਾਬ ਵਿੱਚ ਅਹਿਮ ਫਸਲੀ ਤਬਦੀਲੀ ਲਿਆਉਣ ਦਾ ਸਵੱਬ ਬਣ ਸਕਦੇ ਹਨ। ਇਹ ਸਹਿਜੇ ਹੀ ਕੀਤਾ ਜਾ ਸਕਦਾ ਹੈ।

# ਰਾਸ਼ਟਰੀ ਪਾਰਟੀਆਂ ਨੇ ਭਗਵੀਂ ਸਿਆਸਤ ਅੱਗੇ ਗੋਡੇ ਟੇਕੇ




**ਅਮੁਲਿਆ ਗਾਂਗੁਲੀ**

ਮੁਸਲਮਾਨਾਂ ਖ਼ਿਲਾਫ਼ ਉਨਾਂ ਦੀ ਭੱਦੀ ਸ਼ਬਦਾਵਲੀ ਲਈ ਭਗਵਾਂ ਵਰਕਰਾਂ ਨੂੰ ਫੜਨ ਜਾਂ ਉਨਾਂ ਖ਼ਿਲਾਫ਼ ਕਾਰਵਾਈ ਕਰਨ ਲਈ ਦਿੱਲੀ ਪੁਲਿਸ ਦੀ ਸ਼ੁਰੂਆਤੀ ਅਣਇੱਛਾ ਅਤੇ ਸਰਬਉੱਚ ਅਦਾਲਤ ਸਾਹਮਣੇ ਦੇਸ਼ ਧ੍ਰੋਹ ਕਾਨੂੰਨਾਂ ਲਈ ਕੇਂਦਰ ਦਾ ਪ੍ਰਮਾਣ ਪੱਤਰ, ਸੱਤਾਵਾਦ ਦਾ ਖ਼ਾਸ ਸੰਕੇਤ ਹੈ। ਇਸ ਤਰਾਂ ਦਾ ਅਧਿਕਾਰਤ ਰਵੱਈਆ ਇਕ ਅਸਹਿਣਸ਼ੀਲ, ਹਿੰਦੂ ਸਮਰਥਕ ਸ਼ਾਸਨ ਦਾ ਮਾਰਗ ਦਰਸ਼ਨ ਕਰਨ ਦੀ ਦਿਸ਼ਾ ਵਿਚ ਹੈ।

ਇਸ ਸਮੇਂ ਇਕਲੌਤੀ ਉਮੀਦ ਨਿਆਂ ਪਾਲਿਕਾ ਹੈ, ਇਹੀ ਕਾਰਨ ਹੈ ਕਿ ਪੁਲਿਸ ਨੂੰ ਨਫ਼ਰਤ ਫੈਲਾਉਣ ਵਾਲਿਆਂ ਖ਼ਿਲਾਫ਼ ਉਨਾਂ ਦੀ ਪਹਿਲਾਂ ਦੀ 'ਕਲੀਨ ਚਿੱਟ' ਪਲਟਣੀ ਪਈ ਅਤੇ ਉਨਾਂ 'ਚੋਂ ਕੁਝ ਨੂੰ ਸਲਾਖ਼ਾਂ ਪਿੱਛੇ ਵੀ ਭੇਜਣਾ ਪੈ ਸਕਦਾ ਹੈ। ਭਾਵੇਂ ਕਿ ਸੁਪਰੀਮ ਕੋਰਟ ਨੇ ਦੇਸ਼ ਧ੍ਰੋਹ ਕਾਨੂੰਨ ਅਧੀਨ ਨਵੇਂ ਮਾਮਲੇ ਦਰਜ ਕਰਨ 'ਤੇ ਰੋਕ ਲਗਾ ਦਿੱਤੀ ਹੈ ਅਤੇ ਕੇਂਦਰ ਸਰਕਾਰ ਨੂੰ ਇਸ ਸੰਬੰਧੀ ਜਲਦ ਹੀ ਕੋਈ ਫ਼ੈਸਲਾ ਲੈਣ ਲਈ ਵੀ ਕਿਹਾ ਹੈ, ਪਰ ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਆਲੋਚਕਾਂ ਨੂੰ ਪ੍ਰੇਸ਼ਾਨ ਕਰਨ 'ਚ ਇਸ ਦੀ ਵਰਤੋਂ ਨੂੰ ਦੇਖਦਿਆਂ ਸਰਕਾਰ ਇਸ ਨੂੰ ਕਾਨੂੰਨ ਦੀ ਕਿਤਾਬ 'ਚ ਬਣਾਈ ਰੱਖਣ ਲਈ ਸਖ਼ਤ ਲੜਾਈ ਲੜੇਗੀ।

ਹਾਲਾਂਕਿ ਇਹ ਘਟਨਾਕ੍ਰਮ ਜੋ ਦਿਖਾਉਂਦਾ ਹੈ, ਉਹ ਪਤਲੀ ਰੇਖਾ ਹੈ, ਜਿਸ 'ਤੇ ਰਾਸ਼ਟਰ ਆਪਣੇ ਲੋਕਤੰਤਰ ਦੀ ਰੱਖਿਆ ਲਈ ਚੱਲ ਰਿਹਾ ਹੈ। ਇਸ 'ਚ ਕੋਈ ਸ਼ੱਕ ਨਹੀਂ ਹੈ ਕਿ ਕੋਈ ਵੀ ਗ਼ਲਤ ਕਦਮ ਇਕ ਤਾਨਾਸ਼ਾਹੀ ਸ਼ਾਸਨ ਦੀ ਸ਼ੁਰੂਆਤ ਕਰੇਗਾ। ਇਹ ਖ਼ਤਰਾ ਹੋਰ ਵੀ ਜ਼ਿਆਦਾ ਹੈ, ਕਿਉਂਕਿ ਨਿਆਂ ਪਾਲਿਕਾ ਤੋਂ ਇਲਾਵਾ, ਨਿਰਪੱਖਵਾਦ 'ਚ ਭਾਰੀ ਗਿਰਾਵਟ ਆ ਰਹੀ ਹੈ।

ਜਦੋਂ ਕਿ ਤ੍ਰਿਣਮੂਲ ਕਾਂਗਰਸ, ਡੀ.ਐਮ.ਕੇ., ਕਾਂਗਰਸ, ਭਾਰਤੀ ਕਮਿਊਨਿਸਟ ਪਾਰਟੀ (ਐਮ.), ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਅਤੇ ਆਮ ਆਦਮੀ ਪਾਰਟੀ (ਆਪ) ਵਰਗੀਆਂ ਪਾਰਟੀਆਂ ਦੇ ਸੱਤਾਵਾਦੀ ਰੁਝਾਨਾਂ ਦਾ ਵਿਰੋਧ ਕਰਨ ਦੀ ਸੰਭਾਵਨਾ ਹੈ, ਜਦ ਕਿ ਜਨਤਾ ਦਲ (ਯੂਨਾਈਟਿਡ), ਬੀਜੂ ਜਨਤਾ ਦਲ ਅਤੇ ਵਾਈ.ਐਸ.ਆਰ. ਕਾਂਗਰਸ ਆਦਿ ਤਾਂ ਭਾਜਪਾ ਦੇ ਨਾਲ ਹੀ ਜਾਣਗੇ।

ਤੇਲੰਗਾਨਾ ਰਾਸ਼ਟਰ ਸਮਿਤੀ ਭਾਜਪਾ ਨਾਲ ਮੁਕਾਬਲਾ ਕਰਨ ਦੀ ਧਮਕੀ ਦੇ ਰਹੀ ਹੈ, ਪਰ ਉਹ ਅਜੇ ਇਕੱਲੀ ਹੀ ਹੈ। ਇਸ ਤੋਂ ਇਲਾਵਾ ਭਾਜਪਾ ਦੇ ਨਾਲ ਉਸ ਦੀ ਪਿਛਲੀ ਦੋਸਤੀ ਉਸ ਦੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਸ਼ੱਕ ਪੈਦਾ ਕਰ ਸਕਦੀ ਹੈ। ਇਸੇ ਤਰਾਂ ਮਜਲਿਸ-ਏ-ਇਤੇਹਾਦੁਲ ਮੁਸਿਲਮੀਨ ਉੱਪਰ ਭਾਜਪਾ ਦੀ 'ਬੀ' ਟੀਮ ਹੋਣ ਦਾ ਦੋਸ਼ ਲਗਾਇਆ ਗਿਆ ਹੈ, ਹਾਲਾਂਕਿ ਇਸ ਦੇ ਨੇਤਾ ਅਸਦੁਦੀਨ ਓਵੈਸੀ, ਭਗਵਾਂ ਪਾਰਟੀ ਦੇ ਤਿੱਖੇ ਆਲੋਚਕ ਰਹੇ ਹਨ, ਪਰ ਇਸ ਦਾ ਮੁਸਲਿਮ ਪਿਛੋਕੜ 'ਧਰਮ ਨਿਰਪੱਖ' ਪਾਰਟੀਆਂ ਨੂੰ ਇਸ ਨਾਲ ਜੁੜਨ ਤੋਂ ਰੋਕਦਾ ਹੈ। ਇਨਾਂ ਪਾਰਟੀਆਂ ਨੂੰ ਡਰ ਹੈ ਕਿ ਇਸ ਨਾਲ ਹਿੰਦੂ ਵੋਟਰ ਟੁੱਟ ਸਕਦੇ ਹਨ। ਜਿਨਾਂ ਦਾ ਭੂਤ ਅੱਜ ਵੀ ਭਾਰਤੀ ਰਾਜਨੀਤਕ ਦ੍ਰਿਸ਼ ਨੂੰ ਸਤਾਉਂਦਾ ਹੈ।

ਇਸ ਨਾਲ ਭਾਜਪਾ ਨੂੰ ਕੁਝ ਵਿਸ਼ਵਾਸਯੋਗ ਚੁਣੌਤੀ ਮਿਲਦੀ ਹੈ, ਜਿਸ ਲਈ ਉਹ ਖੁੱਲਾ ਮੈਦਾਨ ਛੱਡ ਦਿੰਦੀ ਹੈ। ਇਸ ਤੋਂ ਇਲਾਵਾ ਚੁਣੌਤੀ ਦੇਣ ਵਾਲੇ ਖ਼ੁਦ ਆਪਣੀਆਂ ਕਈ ਖ਼ਾਮੀਆਂ ਕਾਰਨ ਹਮੇਸ਼ਾ ਆਤਮ-ਵਿਸ਼ਵਾਸ ਨੂੰ ਪ੍ਰੇਰਿਤ ਨਹੀਂ ਕਰਦੇ। ਭਾਵ, ਮਮਤਾ ਬੈਨਰਜੀ 'ਚ ਦੁਨੀਆਦਾਰੀ ਦੀ ਘਾਟ ਹੈ। ਡੀ.ਐਮ.ਕੇ. ਦੇ ਐਮ.ਕੇ. ਸਟਾਲਿਨ ਵੀ ਇਕ ਪ੍ਰਾਂਤਕ ਵਿਅਕਤੀ ਹਨ, ਜੋ ਸਿਰਫ਼ ਤਾਮਿਲ ਬੋਲ ਸਕਦੇ ਹਨ। ਭਾਰਤੀ ਕਮਿਊਨਿਸਟ ਪਾਰਟੀ (ਐਮ.) ਹੁਣ ਸਿਰਫ਼ ਕੇਰਲ ਤੱਕ ਹੀ ਸੀਮਤ ਹੈ, ਜੋ ਪੱਛਮੀ ਬੰਗਾਲ ਅਤੇ ਤ੍ਰਿਪੁਰਾ 'ਚ ਬੁਰੀ ਤਰਾਂ ਪਛੜ ਚੁੱਕੀ ਹੈ।

'ਆਪ' ਇਸ ਸਮੇਂ ਗੁਜਰਾਤ ਵਰਗੇ ਹਿੰਦੀ ਪੱਟੀ ਤੋਂ ਬਾਹਰ ਦੇ ਸੂਬਿਆਂ 'ਚ ਭਾਜਪਾ ਨੂੰ ਚੁਣੌਤੀ ਦੇਣ 'ਚ ਸਮਰੱਥ ਪ੍ਰਤੀਤ ਹੁੰਦੀ ਹੈ, ਪਰ 'ਆਪ' ਦੀ ਵਿਚਾਰਧਾਰਾ ਅਸਪਸ਼ਟ ਹੈ ਅਤੇ ਇਸ ਦੀ ਰਾਜਨੀਤੀ ਮੌਕਾਪ੍ਰਸਤੀ ਨੂੰ ਦਰਸਾਉਂਦੀ ਹੈ, ਜਿੱਥੋਂ ਤੱਕ ਭਾਜਪਾ ਦੇ ਘੱਟ-ਗਿਣਤੀਆਂ ਦੇ ਖ਼ਿਲਾਫ਼ ਸਖ਼ਤ ਰੁਖ਼ ਅਪਣਾਉਣ ਦਾ ਸੰਬੰਧ ਹੈ, ਜਿਵੇਂ ਕਿ ਉਸ ਦੇ ਹਿੰਦੂ ਸਮਰਥਕ ਨਾਅਰੇ ਦੱਸਦੇ ਹਨ, ਉੱਥੇ 'ਆਪ' ਬਹੁਗਿਣਤੀ ਭਾਈਚਾਰੇ ਦੇ ਪ੍ਰਤੀ ਆਪਣੇ ਰੁਖ਼ ਨੂੰ ਲੈ ਕੇ ਚੌਕਸ ਹੈ।

ਇਸ ਲਈ ਜਿੱਥੋਂ ਤੱਕ ਭਾਜਪਾ ਦਾ ਸੰਬੰਧ ਹੈ, ਉਹ ਹਿੰਦੂ ਰਾਸ਼ਟਰ ਦੇ ਰਾਹ 'ਤੇ ਚੰਗੀ ਤਰਾਂ ਨਾਲ ਸਥਾਪਤ ਪ੍ਰਤੀਤ ਹੁੰਦੀ ਹੈ। ਵਰਤਮਾਨ ਰਾਜਨੀਤਕ ਪ੍ਰਵਿਰਤੀਆਂ ਨੂੰ ਦੇਖਦੇ ਹੋਏ, ਆਰ.ਐਸ.ਐਸ. 2025 'ਚ ਆਪਣੇ ਸ਼ਤਾਬਦੀ ਸਾਲ ਦੇ ਸਫਲ ਉਤਸਵ ਲਈ ਬੜੇ ਉਤਸ਼ਾਹ ਦੇ ਨਾਲ ਅੱਗੇ ਦੇਖ ਸਕਦਾ ਹੈ। ਨਹਿਰੂ ਅਤੇ ਇੰਦਰਾ ਗਾਂਧੀ ਦੇ ਸਮੇਂ ਉਸ ਨੂੰ ਜੋ ਕੁਝ ਪ੍ਰਾਪਤ ਹੋਣਾ ਔਖਾ ਲੱਗ ਰਿਹਾ ਸੀ, ਉਹ ਹੁਣ ਸਪਸ਼ਟ ਰੂਪ ਨਾਲ ਉਸ ਦੀ ਪਹੁੰਚ ਅੰਦਰ ਹੈ।

ਹਿੰਦੂ ਰਾਸ਼ਟਰ ਦੀ ਸਥਾਪਨਾ ਦੇ ਪਿਛੋਕੜ ਖ਼ਿਲਾਫ਼, ਮਹਿੰਗਾਈ ਅਤੇ ਬੇਰੁਜ਼ਗਾਰੀ ਦੇ ਸੰਬੰਧ 'ਚ ਮੌਜੂਦਾ ਮੁਸ਼ਕਿਲਾਂ ਘੱਟ ਤੋਂ ਘੱਟ ਅਤੇ ਇੱਥੋਂ ਤੱਕ ਕਿ ਮਹੱਤਵਹੀਣ ਦਿਖਾਈ ਦੇਣਗੀਆਂ। ਔਸਤ ਹਿੰਦੂ ਲਈ ਕੀ ਮਾਅਨੇ ਰੱਖਦੀਆਂ ਹਨ? ਇਕ ਸੁਪਨੇ ਨੂੰ ਪ੍ਰਾਪਤ ਕਰਨ ਦੀ ਸੰਭਾਵਨਾ ਜਿੱਥੇ ਘੱਟ-ਗਿਣਤੀਆਂ (ਮੁਸਲਿਮ ਅਤੇ ਈਸਾਈ) ਪੂਰੀ ਤਰਾਂ ਨਾਲ ਹਾਸ਼ੀਏ 'ਤੇ ਹੋਣਗੇ, ਸੰਗੀਤ ਅਤੇ ਫ਼ਿਲਮਾਂ ਦੇ ਖੇਤਰ 'ਚ ਕੋਈ ਵੀ ਪ੍ਰਭਾਵ ਪਾਉਣ 'ਚ ਅਸਮਰਥ ਹੋਣਗੇ, ਜਿਵੇਂ ਕਿ ਮੁਸਲਮਾਨਾਂ ਨੇ ਲੰਬੇ ਸਮੇਂ ਤੱਕ ਕੀਤਾ ਹੈ। ਸਿੱਖਿਆ ਦੇ ਖੇਤਰ 'ਚ ਜਿਸ ਤਰਾਂ ਇਕ ਪੱਛਮੀ ਜੀਵਨ ਸ਼ੈਲੀ ਈਸਾਈਆਂ ਦੇ ਨਾਲ ਜੁੜੀ ਹੋਈ ਹੈ, ਉਸ ਦਾ ਪ੍ਰਭਾਵ ਵੀ ਘੱਟ ਜਾਏਗਾ।

ਇਸ ਲਈ ਇਹ ਕੋਈ ਸੰਜੋਗ ਨਹੀਂ ਹੈ ਕਿ ਅੰਗਰੇਜ਼ੀ ਨੂੰ ਹਿੰਦੀ ਨਾਲ ਜੋੜਨ ਲਈ ਇਕ ਵਿਵਾਦ ਹੈ ਅਤੇ ਅਜ਼ਾਨ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਹਿੰਦੂ ਧਾਰਮਿਕ ਸੱਦੇ ਦੇ ਜ਼ੋਰਦਾਰ ਮੰਤਰ-ਉਚਾਰਨ ਦੇ ਨਾਲ। ਇਹ ਵੀ ਕੋਈ ਸਬੱਬ ਨਹੀਂ ਹੈ ਕਿ ਮੁਸਲਮਾਨਾਂ ਦੀਆਂ ਕਥਿਤ ਗ਼ੈਰ-ਕਾਨੂੰਨੀ ਦੁਕਾਨਾਂ ਅਤੇ ਸੰਸਥਾਵਾਂ ਨੂੰ ਤਬਾਹ ਕਰਨ ਲਈ ਬੁਲਡੋਜ਼ਰ ਤਾਇਨਾਤ ਕੀਤੇ ਜਾ ਰਹੇ ਹਨ, ਕਿਉਂਕਿ ਇਹ ਮਸ਼ੀਨੀ ਰਾਕਸ਼ਸ ਦਰਸ਼ਕਾਂ ਵਿਚਾਲੇ ਡਰ ਪੈਦਾ ਕਰਦੇ ਹਨ।

ਜਦੋਂ ਤੱਕ ਨਿਆਂ ਪਾਲਿਕਾ ਦਖ਼ਲ ਨਹੀਂ ਦਿੰਦੀ, ਉਦੋਂ ਤੱਕ ਨਫ਼ਰਤ ਫੈਲਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ 'ਚ ਦਿੱਲੀ ਪੁਲਿਸ ਵੱਲੋਂ ਦਿਖਾਈ ਗਈ ਹਿਚਕਿਚਾਹਟ ਸਪਸ਼ਟ ਹੋ ਗਈ ਹੈ। ਭਗਵਾਂ ਬਲਾਗਰਜ਼ ਅਤੇ ਐਂਕਰਾਂ ਨਾਲ ਭਰੇ ਆਡੀਓ-ਵਿਜ਼ੂਅਲ ਵੀ ਮੀਡੀਆ 'ਚ ਉਸ ਨੂੰ ਨਹੀਂ ਦਿਖਾਈ ਦਿੰਦੇ। ਉਹ ਸ਼ਾਇਦ ਹੀ ਕਦੇ ਸੱਤਾਧਾਰੀ ਵਿਵਸਥਾ ਦੀ ਪ੍ਰਸ਼ੰਸਾ ਕਰਨ ਅਤੇ ਉਸ ਦੇ ਵਿਰੋਧੀਆਂ ਦੀ ਆਲੋਚਨਾ ਕਰਨ ਦਾ ਮੌਕਾ ਗਵਾਉਂਦੇ ਹਨ। ਕੁਝ ਵਰਨਣਯੋਗ ਅਪਵਾਦਾਂ ਨੂੰ ਛੱਡ ਕੇ ਐਮਰਜੈਂਸੀ ਤੋਂ ਬਾਅਦ ਮੀਡੀਆ ਦਾ ਐਨਾ ਵੱਡਾ ਵਰਗ ਕਦੇ ਵੀ ਐਨਾ ਸਰਕਾਰ ਅਧੀਨ ਨਹੀਂ ਰਿਹਾ ਹੈ, ਚਾਹੇ ਉਹ ਪੁਲਿਸ ਹੋਵੇ ਜਾਂ ਨੌਕਰਸ਼ਾਹੀ ਜਾਂ ਮੀਡੀਆ ਹਰ ਥਾਂ ਸੱਤਾ ਦਾ ਦਬਦਬਾ ਹੈ।

# ਪੰਜਾਬ ਕਾਂਗਰਸ ਉਪਰ ਸੰਕਟ ਮੰਡਰਾਇਆ

## ✪ ਪੰਜਾਬ ਕਾਂਗਰਸ ਦੇ ਦਿੱਗਜ ਆਗੂ ਸੁਨੀਲ ਜਾਖੜ ਨੇ ਕਾਂਗਰਸ ਪਾਰਟੀ ਛੱਡੀ ✪ ਸੋਸ਼ਲ ਮੀਡੀਆ 'ਤੇ ਕੀਤਾ ਪਾਰਟੀ ਛੱਡਣ ਦਾ ਐਲਾਨ ✪ ਕਿਹਾ, ਪੰਜਾਬ ਵਿਚ ਹੁਣ ਕਾਂਗਰਸ ਦੇ ਪੈਰ ਨਹੀਂ ਲੱਗਣਗੇ ✪ ਕਾਂਗਰਸ 'ਸੋਨੇ' ਵਰਗੇ ਜਾਖੜ ਨੂੰ ਨਾ ਜਾਣ ਦੇਵੇ : ਨਵਜੋਤ ਸਿੱਧੂ



**ਬਘੇਲ ਸਿੰਘ ਪੱਤਰਕਾਰ**

**99142-58142**

ਕਾਂਗਰਸ ਪਾਰਟੀ ਨੂੰ ਝਟਕਾ ਦਿੰਦੇ ਹੋਏ ਸਾਬਕਾ ਪੰਜਾਬ ਕਾਂਗਰਸ ਪ੍ਰਧਾਨ ਅਤੇ ਪਾਰਟੀ ਦੇ ਦਿੱਗਜ ਆਗੂ ਸੁਨੀਲ ਜਾਖੜ ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ। ਪਾਰਟੀ ਛੱਡਣ ਦੇ ਐਲਾਨ ਦੇ ਨਾਲ ਹੀ ਉਨਾਂ ਕਾਂਗਰਸ ਪਾਰਟੀ ਨੂੰ ਨਿਸ਼ਾਨੇ 'ਤੇ ਲੈਂਦੇ ਹੋਏ ਕਿਹਾ ਕਿ ਕਾਂਗਰਸ ਦੀ ਹਾਲਤ ਬੇਹੱਦ ਖ਼ਰਾਬ ਹੈ ਅਤੇ ਪੰਜਾਬ ਵਿਚ ਹੁਣ ਕਦੇ ਕਾਂਗਰਸ ਦੇ ਪੈਰ ਨਹੀਂ ਲੱਗਣਗੇ। ਇਸ ਦੌਰਾਨ ਉਨਾਂ ਨੇ ਅੰਬਿਕਾ ਸੋਨੀ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਅੰਬਿਕਾ ਸੋਨੀ ਨੇ ਹਿੰਦੂਆਂ ਨੂੰ ਬਦਨਾਮ ਕੀਤਾ ਹੈ। ਉਨਾਂ ਕਿਹਾ ਕਿ ਅੰਬਿਕਾ ਨੇ ਇੰਦਰਾ ਗਾਂਧੀ ਖ਼ਿਲਾਫ਼ ਭੱਦੀ ਭਾਸ਼ਾ ਦਾ ਇਸਤੇਮਾਲ ਕੀਤਾ ਸੀ । ਰਾਹੁਲ ਗਾਂਧੀ 'ਤੇ ਬੋਲਦੇ ਹੋਏ ਉਨਾਂ ਕਿਹਾ ਕਿ ਰਾਹੁਲ ਗਾਂਧੀ ਬਹੁਤ ਚੰਗੇ ਇਨਸਾਨ ਹਨ ਪਰ ਉਨਾਂ ਨੂੰ ਦੁਸ਼ਮਣ ਅਤੇ ਦੋਸਤ ਦੀ ਪਛਾਣ ਕਰਨੀ ਪਵੇਗੀ। ਸੁਨੀਲ ਜਾਖੜ ਨੇ ਕਾਂਗਰਸ ਹਾਈਕਮਾਨ 'ਤੇ ਨਿਸ਼ਾਨਾ ਵਿੰਨਦਿਆਂ ਕਿਹਾ ਕਿ ਉਨਾਂ ਨੂੰ ਨੋਟਿਸ ਜਾਰੀ ਕਰਕੇ ਇਹ ਕਿਹਾ ਗਿਆ ਕਿ ਉਨਾਂ ਨੂੰ ਸਾਰੇ ਅਹੁਦਿਆਂ ਤੋਂ ਮੁਅੱਤਲ ਕੀਤਾ ਜਾਂਦਾ ਹੈ ਪਰ ਉਸ ਸਮੇਂ ਤਾਂ ਉਨਾਂ ਕੋਲ ਕੋਈ ਅਹੁਦਾ ਹੀ ਨਹੀਂ ਸੀ। ਉਨਾਂ ਕਿਹਾ ਕਿ ਪਾਰਟੀ ਨੇ ਉਨਾਂ ਨੂੰ ਬੁਲਾ ਕੇ ਗੱਲਬਾਤ ਕਰਨ ਦੀ ਜਗਾ ਨੋਟਿਸ ਭੇਜ ਕੇ ਜ਼ਲੀਲ ਕੀਤਾ ਹੈ। ਉਨਾਂ ਕਿਹਾ ਕਿ ਦਿੱਲੀ ਵਿਚ ਬੈਠੇ ਕਾਂਗਰਸ ਆਗੂਆਂ ਨੇ ਪੰਜਾਬ ਵਿਚ ਪਾਰਟੀ ਦਾ ਬੇੜਾ ਗ਼ਰਕ ਕਰ ਦਿੱਤਾ। ਇਸ ਦੌਰਾਨ ਉਨਾਂ ਅੰਬਿਕਾ ਸੋਨੀ ਵੱਲ ਇਸ਼ਾਰਾ ਕਰਦੇ ਹੋਏ ਕਿਹਾ ਕਿ ਕਾਂਗਰਸ ਆਗੂਆਂ ਨੇ ਹਿੰਦੂ ਅਤੇ ਸਿੱਖਾਂ ਵਿਚ ਨਫ਼ਰਤ ਦੇ ਬੀਜ ਬੀਜੇ ਹਨ। ਉਨਾਂ ਇਸ ਦੌਰਾਨ ਕਾਂਗਰਸ ਦੀ ਪੰਜਾਬ ਵਿਚ ਕਰਾਰੀ ਹਾਰ ਲਈ ਸਾਬਕਾ ਇੰਚਾਰਜ ਹਰੀਸ਼ ਰਾਵਤ ਨੂੰ ਜ਼ਿੰਮੇਵਾਰ ਦੱਸਿਆ। ਉਨਾਂ ਕਿਹਾ ਕਿ ਕਾਂਗਰਸ ਹਾਈਕਮਾਨ ਨੇ ਹੀ ਕੈਪਟਨ ਨੂੰ ਹਟਾਉਣ ਦੀ ਸਾਜਿਸ਼ ਰਚੀ ਅਤੇ ਉਨਾਂ ਨੂੰ ਕੈਪਟਨ ਦਾ ਕਰੀਬੀ ਦੱਸ ਕੇ ਜ਼ਲੀਲ ਕਰਦੇ ਹੋਏ ਪ੍ਰਧਾਨਗੀ ਦੇ ਅਹੁਦੇ ਤੋਂ ਹਟਾਇਆ । ਉਨਾਂ ਕਿਹਾ ਕਿ ਕਾਂਗਰਸ ਨੂੰ ਚਿੰਤਨ ਨਹੀਂ, ਚਿੰਤਾ ਸ਼ਿਵਰ ਲਗਾਉਣਾ ਚਾਹੀਦਾ ਹੈ । ਕਾਂਗਰਸ ਨੇ ਸੁਨੀਲ ਜਾਖੜ ਨੂੰ ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਬਾਰੇ ਬਿਆਨਬਾਜ਼ੀ ਕਰਨ ਲਈ ਨੋਟਿਸ ਭੇਜਿਆ ਸੀ। ਉਨਾਂ ਨੇ ਇਸ ਨੋਟਿਸ ਦਾ ਜਵਾਬ ਨਹੀਂ ਦਿੱਤਾ। ਜਾਖੜ ਨੇ ਕਿਹਾ ਕਿ ਕਾਂਗਰਸ ਹਾਈਕਮਾਨ ਨੂੰ ਨੋਟਿਸ ਭੇਜਣ ਤੋਂ ਪਹਿਲਾਂ ਉਨਾਂ ਨਾਲ ਗੱਲ ਕਰਨੀ ਚਾਹੀਦੀ ਸੀ। ਇਸੇ ਕਾਰਨ ਉਨਾਂ ਨੇ ਨੋਟਿਸ ਦਾ ਜਵਾਬ ਨਹੀਂ ਦਿੱਤਾ। ਉਨਾਂ ਸਪੱਸ਼ਟ ਸੰਦੇਸ਼ ਦਿੱਤਾ ਸੀ ਕਿ ਉਹ ਕਾਂਗਰਸ ਹਾਈਕਮਾਨ ਅੱਗੇ ਨਹੀਂ ਝੁਕਣਗੇ।

ਸੁਨੀਲ ਜਾਖੜ ਵੱਲੋਂ ਕਾਂਗਰਸ ਨੂੰ ਅਲਵਿਦਾ ਕਹਿਣ ਤੋਂ ਬਾਅਦ ਸਭ ਤੋਂ ਪਹਿਲਾਂ ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨੇ ਪ੍ਰਤੀਕਿਰਿਆ ਦਿੰਦਿਆਂ ਟਵੀਟ ਕੀਤਾ ਕਿ ਕਾਂਗਰਸ ਨੂੰ ਸੁਨੀਲ ਜਾਖੜ ਨੂੰ ਨਹੀਂ ਜਾਣ ਦੇਣਾ ਚਾਹੀਦਾ। ਉਹ ਸੋਨੇ ਵਰਗੀ ਸੰਪਤੀ ਹੈ। ਕਿਸੇ ਵੀ ਮਤਭੇਦ ਨੂੰ ਗੱਲਬਾਤ ਨਾਲ ਹੱਲ ਕੀਤਾ ਜਾ ਸਕਦਾ ਮੁਲਕ ਆਜ਼ਾਦ ਹੋਣ ਤੋਂ ਬਾਅਦ ਸਭ ਤੋਂ ਵੱਧ ਸਮਾਂ ਸੱਤਾ 'ਤੇ ਕਾਬਜ਼ ਰਹੀ ਕਾਂਗਰਸ ਪਾਰਟੀ ਦੇ ਅੰਦਰੂਨੀ ਕਾਟੋ-ਕਲੇਸ਼ ਨੇ ਇਸ ਨੂੰ ਅੱਜ ਕੱਖੋਂ ਹੌਲਾ ਕਰ ਕੇ ਰੱਖ ਦਿੱਤਾ ਹੈ। ਜਿਸ ਪਾਰਟੀ ਦੇ ਕੌਮੀ ਪ੍ਰਧਾਨ ਦੇ ਇਕ ਹੁਕਮ ਨੂੰ ਦੇਸ਼ ਦੀ ਜਨਤਾ ਉਡੀਕਦੀ ਹੁੰਦੀ ਸੀ, ਦੀ ਅੱਜ ਇਹ ਹਾਲਤ ਹੈ ਕਿ ਇਸ ਦੇ ਆਪਣੇ ਹੀ ਲੀਡਰ ਆਪਣੇ ਆਗੂਆਂ ਦੇ ਹੁਕਮਾਂ ਨੂੰ ਮੰਨਣਾ ਤਾਂ ਇਕ ਪਾਸੇ ਸਗੋਂ ਸਿੱਧੀ ਬਗ਼ਾਵਤ ਕਰ ਰਹੇ ਹਨ।

ਜ਼ਿਕਰਯੋਗ ਹੈ ਕਿ ਜਦੋਂ 2024 ਦੀਆਂ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦਿਆਂ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਬਲਾਕ ਪੱਧਰ ਤਕ ਯੂਨਿਟਾਂ ਤਿਆਰ ਕਰਨ 'ਤੇ ਵਿਚਾਰਾਂ ਕੀਤੀਆਂ ਜਾ ਰਹੀਆਂ ਸਨ ਤਾਂ ਪੰਜਾਬ ਵਿਚ ਕਾਂਗਰਸ ਦੇ ਕੱਦਾਵਰ ਆਗੂ ਸੁਨੀਲ ਜਾਖੜ ਨੇ ਅੱਕ ਕੇ ਕਾਂਗਰਸ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਕੇ ਪਾਰਟੀ ਲੀਡਰਸ਼ਿਪ 'ਤੇ ਕਈ ਤਰਾਂ ਦੇ ਸਵਾਲ ਹੀ ਖੜੇ ਨਹੀਂ ਕੀਤੇ ਸਗੋਂ ਪਾਰਟੀ ਲੀਡਰਸ਼ਿਪ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਸੁਨੀਲ ਜਾਖੜ ਸਿਰਫ਼ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਹੀ ਨਹੀਂ ਸਗੋਂ ਕਾਂਗਰਸ ਦੀ ਵਿਰਾਸਤ ਦੇ ਮਾਲਕ ਹਨ ਜਿਨਾਂ ਨੇ ਕਈ ਵਾਰ ਵਿਧਾਨ ਸਭਾ ਵਿਚ ਪ੍ਰਤੀਨਿਧਤਾ ਕਰਨ ਤੋਂ ਇਲਾਵਾ ਰਾਜ ਵਿਚ ਪਾਰਟੀ ਪੱਧਰ ਅਤੇ ਧੜੇਬੰਦੀ ਤੋਂ ਉੱਪਰ ਹੋ ਕੇ ਕੰਮ ਕੀਤਾ। ਉਨਾਂ ਦੀ ਤਾਰੀਫ਼ ਲੁਧਿਆਣਾ ਆ ਕੇ ਰਾਹੁਲ ਗਾਂਧੀ ਨੇ ਵੀ ਕੀਤੀ ਸੀ। ਇਹ ਵੀ ਵਿਡੰਬਣਾ ਹੈ ਕਿ ਪਹਿਲਾਂ ਸੁਨੀਲ ਜਾਖੜ ਤੋਂ ਪਾਰਟੀ ਹਾਈਕਮਾਂਡ ਨੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਮੰਗਿਆ ਜੋ ਉਨਾਂ ਨੇ ਖਿੜੇ ਮੱਥੇ ਦੇ ਦਿੱਤਾ। ਫਿਰ ਅਮਰਿੰਦਰ ਸਿੰਘ ਦੇ ਅਸਤੀਫ਼ੇ ਮਗਰੋਂ ਨਵੇਂ ਮੁੱਖ ਮੰਤਰੀ ਦੀ ਗੱਲ ਚੱਲੀ



ਤਾਂ ਚਰਨਜੀਤ ਸਿੰਘ ਚੰਨੀ ਦੀ ਹੋਈ ਚੋਣ ਮਗਰੋਂ ਜੋ ਦਰਦ ਸੁਨੀਲ ਜਾਖੜ ਨੇ ਮਹਿਸੂਸ ਕੀਤਾ, ਉਸ ਨੂੰ ਉਹ ਅੰਦਰੋਂ-ਅੰਦਰੀ ਪੀ ਤਾਂ ਗਏ ਪਰ ਜਦੋਂ 'ਕਾਰਨ ਦੱਸੋ ਨੋਟਿਸ' ਜਾਰੀ ਹੋਇਆ ਤਾਂ ਉਹ ਤਿਲਮਿਲਾ ਉੱਠੇ। ਆਖ਼ਰ ਉਨਾਂ ਨੂੰ ਉਸ ਪਾਰਟੀ ਨੂੰ ਅਲਵਿਦਾ ਕਹਿਣਾ ਪਿਆ ਜਿਸ ਲਈ ਉਨਾਂ ਨੇ ਲੰਬਾ ਸਮਾਂ ਸੇਵਾ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਜਿਵੇਂ ਪਾਰਟੀ ਛੱਡਣ ਲਈ ਹਾਲਾਤ ਬਣਾਏ ਗਏ ਸੀ ਅਤੇ ਫਿਰ ਪੰਜਾਬ ਵਿਚ ਕਾਂਗਰਸ ਦੀ ਹੋਈ ਨਮੋਸ਼ੀ ਭਰੀ ਹਾਰ ਤੋਂ ਹਾਲੇ ਪਾਰਟੀ ਸੰਭਲੀ ਵੀ ਨਹੀਂ ਸੀ ਕਿ ਉਸ ਨੂੰ ਜਾਖੜ ਦੇ ਜਾਣ ਨਾਲ ਵੱਡਾ ਝਟਕਾ ਸਹਿਣਾ ਪਿਆ। ਅਜੇ ਤਾਂ ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਦਾ ਪਤਾ ਲਾਉਣ ਲਈ ਚਰਚਾ ਅਤੇ ਚਿੰਤਨ ਦਾ ਦੌਰ ਚੱਲ ਰਿਹਾ ਸੀ ਤਾਂ ਸੁਨੀਲ ਜਾਖੜ ਦੇ ਅਸਤੀਫ਼ੇ ਨੇ ਕਾਂਗਰਸ ਲੀਡਰਸ਼ਿਪ ਨੂੰ ਜੋ ਸਵਾਲ ਕੀਤੇ ਹਨ, ਉਨਾਂ ਦਾ ਜਵਾਬ ਦੇਣਾ ਸੌਖਾ ਨਹੀਂ ਹੋਵੇਗਾ।

ਆਪਣੇ ਟਵੀਟ ਵਿਚ ਜਾਖੜ ਨੇ ਸਿਰਫ਼ ਵੱਖ-ਵੱਖ ਆਗੂਆਂ 'ਤੇ ਦੋਸ਼ ਹੀ ਨਹੀਂ ਲਾਏ ਸਗੋਂ ਸਵਾਲ ਕਰਦਿਆਂ ਕਿਹਾ ਕਿ ਜੇ ਪਾਰਟੀ ਨੂੰ ਕੋਈ ਚਿੰਤਾ ਹੁੰਦੀ ਤਾਂ ਉੱਤਰ ਪ੍ਰਦੇਸ਼ ਦੀ ਸਥਿਤੀ ਬਾਰੇ ਜਾਂਚ ਕਰਾਉਂਦੀ ਕਿ 400 'ਚੋਂ 300 ਸੀਟਾਂ 'ਤੇ ਪਾਰਟੀ ਉਮੀਦਵਾਰਾਂ ਨੂੰ 2000 ਵੋਟਾਂ ਵੀ ਕਿਉਂ ਨਹੀਂ ਮਿਲੀਆਂ ? ਉਨਾਂ ਅੰਬਿਕਾ ਸੋਨੀ 'ਤੇ ਵੀ ਕਈ ਸਵਾਲ ਖੜੇ ਕਰਦਿਆਂ ਪੰਜਾਬ ਦੇ ਆਗੂਆਂ ਅਤੇ ਰਹਿ ਚੁੱਕੇ ਇੰਚਾਰਜ 'ਤੇ ਵੀ ਦੋਸ਼ਾਂ ਦੀ ਝੜੀ ਲਾਈ ਹੈ।

ਪੰਜਾਬ ਕਾਂਗਰਸ ਦੇ ਆਗੂ ਅਤੇ ਪ੍ਰਧਾਨਗੀ ਤੋਂ ਹਟਾਏ ਗਏ ਦੂਜੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਵੀ ਪਾਰਟੀ ਨੇ ਨੋਟਿਸ ਜਾਰੀ ਕੀਤਾ ਹੋਇਆ ਹੈ ਜਿਸ ਬਾਰੇ ਫ਼ੈਸਲਾ ਆਉਣਾ ਬਾਕੀ ਹੈ, ਵੀ ਜਾਖੜ ਦੀ ਹਮਾਇਤ ਕਰਦੇ ਨਜ਼ਰ ਆਏ ਹਨ। ਉਨਾਂ ਕਿਹਾ ਕਿ ਹਰ ਮਸਲੇ ਦਾ ਹੱਲ ਗੱਲਬਾਤ ਜ਼ਰੀਏ ਨਿਕਲ ਸਕਦਾ ਹੈ। ਕੁਝ ਅਜਿਹੇ ਹਾਲਤ ਬਣੇ ਜਾਂ ਬਣਾਏ ਗਏ ਕਿ ਪੰਜਾਬ ਅੰਦਰ ਇਕ-ਇਕ ਕਰਕੇ ਜਾਂ ਤਾਂ ਕਾਂਗਰਸ ਪਾਰਟੀ ਨੂੰ ਲੀਡਰ ਛੱਡਦੇ ਜਾ ਰਹੇ ਹਨ ਜਾਂ ਫਿਰ ਉਨਾਂ ਨੂੰ ਪਾਰਟੀ ਛੱਡਣ ਲਈ ਮਜਬੂਰ ਕੀਤਾ ਗਿਆ ਹੈ। ਕਈਆਂ ਨੂੰ ਤਾਂ ਪਾਰਟੀ ਵਿਚੋਂ ਬਿਨਾਂ ਸੁਣਵਾਈ ਦੇ ਹੀ ਛਾਂਗ ਦਿੱਤਾ ਗਿਆ ਹੈ।

ਟਾਪ ਬਾਕਸ

ਸੁਨੀਲ ਜਾਖੜ ਦੇ ਫ਼ੈਸਲੇ ਪਿੱਛੋਂ ਇਹ ਸਾਰੇ ਕੱਢੇ, ਹਟੇ ਜਾਂ ਹਟਾਏ ਗਏ ਲੀਡਰ ਜੇ ਇਕੱਠੇ ਨਹੀਂ ਵੀ ਹੁੰਦੇ ਤਾਂ ਵੀ ਕਾਂਗਰਸ ਲਈ ਮੁਸੀਬਤ ਪੈਦਾ ਕਰਨ ਦੇ ਸਮਰੱਥ ਮੰਨੇ ਜਾ ਰਹੇ ਹਨ। ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਸਪੱਸ਼ਟ ਹੈ ਕਿ ਜੇ ਕਾਟੋ-ਕਲੇਸ਼ 'ਤੇ ਕਾਬੂ ਪਾਇਆ ਹੁੰਦਾ ਤਾਂ ਤਸਵੀਰ ਹੋਰ ਹੋਣੀ ਸੀ। ਹੁਣ ਕੈਪਟਨ ਅਮਰਿੰਦਰ ਸਿੰਘ ਦੀ ਧਰਮਪਤਨੀ ਪ੍ਰਨੀਤ ਕੌਰ ਦੇ ਭਵਿੱਖ ਬਾਰੇ ਕੀਤੀ ਜਾਂਦੀ ਬਿਆਨਬਾਜ਼ੀ ਕੀ ਸਿੱਟੇ ਕੱਢੇਗੀ, ਇਹ ਤਾਂ ਸਮਾਂ ਹੀ ਦੱਸੇਗਾ ? ਕਾਰਵਾਈ ਕਰਨ ਦੀ ਸੂਰਤ ਵਿਚ ਪਾਰਟੀ ਇਕ ਸੁਚੱਜੀ ਆਗੂ ਤੋਂ ਹੀ ਵਿਰਵੀ ਨਹੀਂ ਹੋਵੇਗੀ ਸਗੋਂ ਲੋਕ ਸਭਾ ਚੋਣਾਂ ਵਿਚ ਵੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਗਿਆਨਵਾਪੀ ਮਸਜਿਦ ਭਗਵਿਆਂ ਦੇ ਨਿਸ਼ਾਨੇ ਉੱਪਰ

**ਰਜਿੰਦਰ ਸਿੰਘ ਪੁਰੇਵਾਲ**

ਪਹਿਲਾਂ ਉੱਤਰ ਪ੍ਰਦੇਸ਼ ਦੇ ਸ਼ਹਿਰ ਅਯੁੱਧਿਆ ਵਿਚ ਬਾਬਰੀ ਮਸਜਿਦ ਤੇ ਹੁਣ ਵਾਰਾਨਸੀ (ਲਖਨਊ) ਵਿਚ ਗਿਆਨਵਾਪੀ ਮਸਜਿਦ ਨੂੰ ਲੈ ਕੇ ਦੇਸ਼ ਭਰ ਵਿਚ ਭਗਵਿਆਂ ਵੱਲੋਂ ਖ਼ਤਰਨਾਕ ਫ਼ਿਰਕੂ ਮਾਹੌਲ ਬਣਾਇਆ ਜਾ ਰਿਹਾ ਹੈ। ਯਾਦ ਰਹੇ ਕਿ ਬਾਬਰੀ ਮਸਜਿਦ ਦਾ ਮਸਲਾ ਵੀ 100 ਸਾਲ ਤੋਂ ਵੀ ਵਧੇਰੇ ਸਮੇਂ ਤੱਕ ਚੱਲਿਆ ਸੀ ਤੇ ਭਗਵਿਆਂ ਵੱਲੋਂ ਦੰਗਿਆਂ ਦੀ ਫ਼ਿਰਕੂ ਖੇਡ ਖੇਡੀ ਗਈ ਸੀ। ਭਾਵੇਂ ਉਸ ਸਮੇਂ ਕੇਂਦਰ ਵਿਚ ਕਾਂਗਰਸ ਦੀ ਹਕੂਮਤ ਸੀ ਪਰ ਭਾਜਪਾ ਭਗਵੇਂ ਸੰਗਠਨਾਂ ਨੇ ਭੀੜਾਂ ਜੁਟਾ ਕੇ ਦਸੰਬਰ 1992 ਨੂੰ ਬਾਬਰੀ ਮਸਜਿਦ ਨੂੰ ਢਾਹ ਦਿੱਤਾ ਸੀ, ਜਿਸ ਨਾਲ ਪੂਰੇ ਦੇਸ਼ ਵਿਚ ਫ਼ਿਰਕੂ ਫ਼ਸਾਦ ਭੜਕ ਗਏ ਸਨ।

ਬਾਬਰੀ ਮਸਜਿਦ ਬਾਰੇ ਸੁਪਰੀਮ ਕੋਰਟ ਦਾ ਫ਼ੈਸਲਾ ਵੀ ਇਕ ਪਾਸੜ ਸੀ। ਇਸ ਨਾਲ ਭਗਵਿਆਂ ਦੇ ਫਾਸ਼ੀਵਾਦ ਦੀ ਜਿੱਤ ਹੋਈ ਹੈ। ਮੋਦੀ ਰਾਜ ਦੌਰਾਨ ਅਜਿਹੇ ਹਿੰਸਕ ਭਗਵੇਂ ਬਿਰਤਾਂਤ ਜਾਰੀ ਹਨ।

ਬਾਬਰੀ ਮਸਜਿਦ ਤੋਂ ਬਾਅਦ ਹੁਣ ਵਾਰਾਨਸੀ ਵਿਚ ਗਿਆਨਵਾਪੀ ਮਸਜਿਦ ਦੇ ਮਸਲੇ ਨੂੰ ਹਵਾ ਦਿੱਤੀ ਜਾ ਰਹੀ ਹੈ, ਇਹ ਹਵਾ ਮੁਲਕ ਲਈ ਖ਼ਤਰਨਾਕ ਸਾਬਤ ਹੋਵੇਗੀ।

ਸੁਪਰੀਮ ਕੋਰਟ ਨੇ ਗਿਆਨਵਾਪੀ ਮਾਮਲੇ ਵਿਚ 'ਸੰਤੁਲਨ' ਬਣਾਉਣ ਦੀ ਕਵਾਇਦ ਹੇਠ ਨਿਰਦੇਸ਼ ਦਿੰਦਿਆਂ ਕਿਹਾ ਕਿ ਮਸਜਿਦ ਵਿਚ ਉਸ ਥਾਂ ਨੂੰ ਸੁਰੱਖਿਅਤ ਕੀਤਾ ਜਾਵੇ, ਜਿਸ ਥਾਂ 'ਤੇ ਸ਼ਿਵਲਿੰਗ ਮਿਲਣ ਬਾਰੇ ਕਿਹਾ ਗਿਆ ਹੈ । ਇਸ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਲੋਕਾਂ ਨੂੰ ਨਮਾਜ਼ ਅਦਾ ਕਰਨ ਤੋਂ ਨਾ ਰੋਕਿਆ ਜਾਵੇ । ਸੁਪਰੀਮ ਕੋਰਟ ਦਾ ਇਹ ਆਦੇਸ਼ ਉਸ ਵੇਲੇ ਆਇਆ ਹੈ, ਜਦੋਂ ਵਾਰਾਨਸੀ ਦੀ ਅਦਾਲਤ 'ਚ ਵੀ ਇਸ ਮਾਮਲੇ 'ਤੇ ਕਾਰਵਾਈ ਜਾਰੀ ਹੈ ।ਸੁਪਰੀਮ ਕੋਰਟ ਨੇ ਵਾਰਾਨਸੀ ਕੋਰਟ ਦੀ ਮਸਜਿਦ ਸੀਲ ਕਰਨ ਦੇ ਆਦੇਸ਼ ਨੂੰ ਸੀਮਿਤ ਕਰਦਿਆਂ ਸ਼ਿਵਲਿੰਗ ਵਾਲਾ ਖੇਤਰ ਸੁਰੱਖਿਅਤ ਕਰਨ ਤੱਕ ਸੀਮਿਤ ਕਰ ਦਿੱਤਾ, ਹਾਲਾਂਕਿ



ਸਰਬਉੱਚ ਅਦਾਲਤ ਨੇ ਵਾਰਾਨਸੀ ਕੋਰਟ ਦੀ ਕਾਰਵਾਈ 'ਤੇ ਕੋਈ ਰੋਕ ਨਹੀਂ ਲਗਾਈ ਹੈ ।ਸਰਬਉੱਚ ਅਦਾਲਤ ਨੇ ਮਸਜਿਦ ਕਮੇਟੀ ਦੀ ਪਟੀਸ਼ਨ 'ਤੇ ਹਿੰਦੂ ਧਿਰ ਅਤੇ ਯੂ. ਪੀ. ਸਰਕਾਰ ਨੂੰ ਨੋਟਿਸ ਜਾਰੀ ਕਰਕੇ ਵੀਰਵਾਰ ਭਾਵ 19 ਮਈ ਤੱਕ ਜਵਾਬ ਮੰਗਿਆ ਹੈ । ਜਸਟਿਸ ਡੀ. ਵਾਈ. ਚੰਦਰਚੂੜ ਅਤੇ ਪੀ. ਐਸ. ਨਰਸਿਮਾ ਦੇ ਬੈਂਚ ਨੇ ਸੁਣਵਾਈ ਕਰਦਿਆਂ ਕਿਹਾ ਕਿ ਇਹ ਮਾਮਲਾ ਮਾਲਕਾਨਾ ਹੱਕ ਦਾ ਨਹੀਂ, ਸਗੋਂ ਪੂਜਾ ਕਰਨ ਦੀ ਇਜਾਜ਼ਤ ਮੰਗਣ ਦਾ ਹੈ । ਜਸਟਿਸ ਚੰਦਰਚੂੜ ਨੇ ਨਿਰਦੇਸ਼ ਦਿੰਦਿਆਂ ਕਿਹਾ ਕਿ ਜੇਕਰ ਸ਼ਿਵਲਿੰਗ ਮਿਲਿਆ ਹੈ ਤਾਂ ਸਾਨੂੰ ਸੰਤੁਲਨ ਬਣਾਉਣਾ ਹੋਵੇਗਾ । ਅਦਾਲਤ ਨੇ ਡੀ. ਐਮ. ਨੂੰ ਨਿਰਦੇਸ਼ ਦਿੰਦਿਆਂ ਉਸ ਥਾਂ ਦੀ ਸੁਰੱਖਿਆ ਕਰਨ ਨੂੰ ਕਿਹਾ, ਨਾਲ ਹੀ ਇਹ ਵੀ ਕਿਹਾ ਕਿ ਮੁਸਲਮਾਨਾਂ ਨੂੰ ਨਮਾਜ਼ ਤੋਂ ਨਾ ਰੋਕਿਆ ਜਾਵੇ । ਹਾਲਾਂਕਿ ਅਦਾਲਤ ਵੱਲੋਂ ਇਕ ਵਾਰ ਵਿਚ 20 ਲੋਕਾਂ ਨੂੰ ਨਮਾਜ਼ ਅਦਾ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ । ਪਹਿਲਾਂ ਬਹਿਸ ਦੌਰਾਨ ਮੁਸਲਮਾਨ ਧਿਰ ਦੀ ਪੈਰਵੀ ਕਰ ਰਹੇ ਹੁਜੈਫਾ ਅਹਿਮਦੀ ਨੇ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਦਾ ਹਵਾਲਾ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ 15 ਅਗਸਤ 1947 ਦੇ ਸਮੇਂ ਜੋ ਧਰਮ ਸਥਾਨ ਜਿਨਾਂ ਹਾਲਤਾਂ ਵਿਚ ਸਨ, ਉਨਾਂ ਨੂੰ ਬਦਲਿਆ ਨਹੀਂ ਜਾ ਸਕਦਾ । ਅਹਿਮਦੀ ਨੇ ਵਾਰਾਨਸੀ ਕੋਰਟ ਵੱਲੋਂ ਦਿੱਤੇ ਨਿਰਦੇਸ਼ਾਂ ਨੂੰ ਗ਼ੈਰ ਕਾਨੂੰਨੀ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਮਸਜਿਦ ਦੇ ਅਹਾਤੇ ਨੂੰ ਸੀਲ ਕਰ ਦਿੱਤਾ ਜਾਵੇਗਾ ਤਾਂ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਨਿਰਦੇਸ਼ ਦੀ ਉਲੰਘਣਾ ਹੋਵੇਗੀ ।

ਅਯੁੱਧਿਆ ਮਾਮਲੇ ਨਾਲ ਵੀ ਜੁੜੇ ਰਹੇ ਹਨ ਸੁਣਵਾਈ ਕਰਨ ਵਾਲੇ ਦੋਵੇਂ ਜੱਜ

ਇਹ ਅਸਧਾਰਨ ਸੰਯੋਗ ਹੀ ਹੈ ਕਿ ਵਾਰਾਨਸੀ ਦੀ ਗਿਆਨਵਾਪੀ ਮਸਜਿਦ ਦੇ ਸਰਵੇਖਣ ਖ਼ਿਲਾਫ਼ ਦਾਇਰ ਪਟੀਸ਼ਨ ਦੀ ਸੁਣਵਾਈ ਕਰਨ ਵਾਲੇ ਸੁਪਰੀਮ ਕੋਰਟ ਦੀ ਬੈਂਚ ਦੇ ਦੋਵੇਂ ਜੱਜ ਇਸੇ ਤਰਾਂ ਦੇ ਇਕ ਹੋਰ ਵਿਵਾਦ ਰਾਮ ਜਨਮਭੂਮੀ-ਬਾਬਰੀ ਮਸਜਿਦ ਦੇ ਮਾਮਲੇ ਨਾਲ ਵੀ ਜੁੜੇ ਰਹੇ ਹਨ । ਜਸਟਿਸ ਡੀ.ਵਾਈ. ਚੰਦਰਚੂੜ ਤੇ ਜਸਟਿਸ ਪੀ.ਐਸ. ਨਰਸਿਮਾ 'ਤੇ ਆਧਾਰਿਤ ਬੈਂਚ ਵੱਲੋਂ ਗਿਆਨਵਾਪੀ ਸਰਵੇਖਣ ਖ਼ਿਲਾਫ਼ ਮੁਸਲਮਾਨ ਧਿਰ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕੀਤੀ ਜਾ ਰਹੀ ਹੈ ।ਸਪਸ਼ਟ ਦਿਖਾਈ ਦੇ ਰਿਹਾ ਕਿ ਅਦਾਲਤਾਂ ਸਿਆਸੀ ਪ੍ਰਭਾਵ ਅਧੀਨ ਕਾਰਵਾਈ ਕਰ ਰਹੀਆਂ ਹਨ। ਉੱਧਰ ਮਸਜਿਦ ਦੀ ਮੈਨੇਜਮੈਂਟ ਕਮੇਟੀ ਦੇ ਬੁਲਾਰੇ ਨੇ ਸ਼ਿਵਲਿੰਗ ਦੇ ਮਿਲਣ ਦੇ ਦਾਅਵੇ ਨੂੰ ਖ਼ਾਰਜ ਕਰ ਦਿੱਤਾ। ਉਸ ਨੇ ਕਿਹਾ ਕਿ ਜੋ 'ਹਿੱਸਾ' ਮਿਲਿਆ ਹੈ ਉਹ ਮਸਜਿਦ ਵਿਚ ਲੱਗੇ ਫੁਹਾਰੇ ਦਾ ਹੀ ਇਕ ਹਿੱਸਾ ਹੈ ਅਤੇ ਹਿੰਦੂ ਧਿਰ ਦੇ ਵਕੀਲ ਨੇ ਪੂਰੀ ਜਾਣਕਾਰੀ ਸੁਣੇ ਬਿਨਾਂ ਹੀ ਇਸ ਦਾ ਐਲਾਨ ਕਰ ਦਿੱਤਾ। ਅਸਲ ਵਿਚ ਭਗਵੇਂਵਾਦ ਦੀ ਸਿਆਸੀ ਖੇਡ ਵਿਚ ਮੁਸਲਮਾਨ ਭਾਈਚਾਰਾ ਨਿਸ਼ਾਨੇ ਉੱਪਰ ਹੈ।

# ਕਾਂਗਰਸ ਉਪਰ ਫ਼ਿਰਕਾਪ੍ਰਸਤੀ ਦੇ ਦਾਗ਼ ਬਨਾਮ ਪ੍ਰਸ਼ਾਂਤ ਕਿਸ਼ੋਰ

**ਅਭੈ ਕੁਮਾਰ**

ਜਦੋਂ ਕਿਸੇ ਪਾਰਟੀ ਜਾਂ ਨੇਤਾ ਦੇ ਸਿਤਾਰੇ ਗਰਦਿਸ਼ ਵਿਚ ਹੁੰਦੇ ਹਨ ਤਾਂ ਉਹ ਅਕਸਰ ਗ਼ਲਤ ਗੱਲਾਂ ਲਈ ਚਰਚਾ ਵਿਚ ਰਹਿੰਦਾ ਹੈ। ਭਾਵ ਜੇਕਰ ਕਾਂਗਰਸ ਮੁਸ਼ਕਿਲਾਂ ਦੇ ਦੌਰ ਵਿਚੋਂ ਨਾ ਗੁਜ਼ਰ ਰਹੀ ਹੁੰਦੀ ਤਾਂ ਅੱਜ ਚਰਚਾ ਇਸ ਗੱਲ ਦੀ ਹੁੰਦੀ ਕਿ ਪ੍ਰਸ਼ਾਂਤ ਕਿਸ਼ੋਰ ਦੀ ਪੇਸ਼ਕਸ਼ ਨੂੰ ਕਾਂਗਰਸ ਦੀ ਲੀਡਰਸ਼ਿਪ ਨੇ ਕਿਸ ਸਾਕਾਰਾਤਮਿਕਤਾ ਨਾਲ ਗ੍ਰਹਿਣ ਕੀਤਾ ਅਤੇ ਹੁਣ ਉਹ ਪਾਰਟੀ ਦੇ ਨਾਲ ਮਿਲ ਕੇ ਕੰਮ ਕਰਨਗੇ, ਪਰ ਅਜਿਹਾ ਨਾ ਹੋ ਕੇ ਅੱਜ ਪੁੱਛਿਆ ਇਹ ਜਾ ਰਿਹਾ ਹੈ ਕਿ ਪ੍ਰਸ਼ਾਂਤ ਕਿਸ਼ੋਰ ਅਤੇ ਕਾਂਗਰਸ ਦਰਮਿਆਨ ਗੱਲ ਕਿਉਂ ਟੁੱਟ ਗਈ ? ਪ੍ਰਸਿੱਧ ਲੇਖਕ ਅਤੇ ਸਾਬਕਾ ਰਾਜ ਸਭਾ ਮੈਂਬਰ ਪਵਨ ਵਰਮਾ ਨੇ ਆਪਣੀ ਇਕ ਇੰਟਰਵਿਊ ਵਿਚ ਜਾਣਕਾਰੀ ਦਿੱਤੀ ਹੈ ਕਿ ਬੰਗਾਲ ਚੋਣ ਨਤੀਜਿਆਂ ਤੋਂ ਬਾਅਦ ਕਾਂਗਰਸ ਦੀ ਕਾਰਜਕਾਰੀ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਸ਼ਾਂਤ ਕਿਸ਼ੋਰ ਦੀ ਰਾਜਨੀਤਕ ਅਤੇ ਯੋਜਨਾਬੰਦੀ ਕਰਨ ਦੀ ਪ੍ਰਤਿਭਾ ਵਿਚ ਦਿਲਚਸਪੀ ਦਿਖਾਈ ਸੀ। ਇਸ ਦੇ ਨਤੀਜੇ ਵਜੋਂ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਅਤੇ ਸਾਡੇ ਸਮੇਂ ਦੇ ਬਹੁਤ ਸਫ਼ਲ ਰਾਜਨੀਤਕ ਰਣਨੀਤੀਕਾਰ ਵਿਚਾਲੇ ਗੱਲਬਾਤ ਸ਼ੁਰੂ ਹੋਈ। ਇਸ ਲੰਬੀ ਗੱਲਬਾਤ ਵਿਚ ਕਈ ਉਤਰਾਅ-ਚੜ੍ਹਾਅ ਆਏ। ਅਖੀਰ ਪ੍ਰਸ਼ਾਂਤ ਕਿਸ਼ੋਰ ਨੇ ਕਾਂਗਰਸ ਹਾਈਕਮਾਨ ਦੇ ਸਾਹਮਣੇ ਪੰਜ ਸੌ ਤੋਂ ਵੱਧ 'ਸਲਾਈਡਾਂ' ਦੀ ਪੇਸ਼ਕਾਰੀ ਕੀਤੀ। ਸਮਝਿਆ ਜਾਂਦਾ ਹੈ ਕਿ ਉਨਾਂ ਨੇ ਜੋ ਗੱਲਾਂ ਕਹੀਆਂ ਉਸ ਨਾਲ ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਅਤੇ ਸੋਨੀਆ ਗਾਂਧੀ ਅਸਹਿਮਤ ਨਹੀਂ ਸਨ। ਫਿਰ ਸੋਨੀਆ ਨੇ ਪਾਰਟੀ ਦੀ ਰਣਨੀਤੀ ਘੜਨ ਤੇ ਲਾਗੂ ਕਰਨ ਲਈ ਇਕ ਅਧਿਕਾਰ ਸੰਪੰਨ ਗਰੁੱਪ ਬਣਾਇਆ ਅਤੇ ਪ੍ਰਸ਼ਾਂਤ ਨੂੰ ਕਿਹਾ ਕਿ ਉਹ ਇਸ ਦੇ ਮੈਂਬਰ ਬਣ ਜਾਣ। ਇਸ ਲਈ ਉਹ ਤਿਆਰ ਨਹੀਂ ਹੋਏ ਅਤੇ ਬਿਨਾਂ ਕਿਸੇ ਤਲਖ਼ੀ ਦੇ ਕਾਂਗਰਸ ਤੋਂ ਵੱਖ ਹੋ ਗਏ।

ਪਰ ਇਸ ਸਮੇਂ ਸੋਚਣ ਦੀ ਗੱਲ ਇਹ ਹੈ ਕਿ ਕਾਂਗਰਸ ਨੇ ਖ਼ੁਦ ਨੂੰ ਕਿੱਥੋਂ ਕਿੱਥੇ ਪਹੁੰਚਾ ਦਿੱਤਾ ਹੈ ਅਤੇ ਇਸ ਪਾਰਟੀ ਦਾ ਭਵਿੱਖ ਕੀ ਹੋਣ ਵਾਲਾ ਹੈ ? ਇਥੇ ਇਹ ਵੀ ਸਾਫ਼ ਕਰਨ ਦੀ ਜ਼ਰੂਰਤ ਹੈ ਕਿ ਮੌਜੂਦਾ ਕਾਂਗਰਸ ਅੱਸੀ ਦੇ ਦਹਾਕੇ ਦੀ ਇੰਦਰਾ-ਰਾਜੀਵ ਰਾਜਨੀਤੀ ਦਾ ਨਤੀਜਾ ਹੈ, ਭਾਵ ਇਹ ਕਾਂਗਰਸ ਉਹ ਨਹੀਂ ਜੋ ਨਹਿਰੂ ਦੇ ਜ਼ਮਾਨੇ ਵਿਚ ਸੀ ਜਾਂ ਸੱਤਰ ਦੇ ਦਹਾਕੇ ਦੀ ਇੰਦਰਾ ਗਾਂਧੀ ਦੇ ਜ਼ਮਾਨੇ ਵਿਚ ਸੀ।

ਮੈਂ ਇਸ ਸੰਦਰਭ ਵਿਚ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਅੱਸੀ ਦੇ ਦਹਾਕੇ ਦੀ ਇਕਦਮ ਸ਼ੁਰੂਆਤ ਵਿਚ ਇੰਦਰਾ ਗਾਂਧੀ ਦੀ ਸੱਤਾ ਵਿਚ ਵਾਪਸੀ ਤੋਂ ਬਾਅਦ ਇਕ ਨਵੀਂ ਕਾਂਗਰਸ ਬਣਦੀ ਹੋਈ ਨਜ਼ਰ ਆਈ ਸੀ। ਅੰਤਰਰਾਸ਼ਟਰੀ ਪੱਧਰ ਦੇ ਰਾਜਨੀਤਕ ਮਾਹਿਰਾਂ ਨੇ ਸਿਲਸਿਲੇਵਾਰ ਢੰਗ ਨਾਲ ਸਾਬਤ ਕੀਤਾ ਹੈ ਕਿ ਇਸ ਦਹਾਕੇ ਦੌਰਾਨ ਸੱਤਾ ਵਿਚ ਆਪਣੀ ਵਾਪਸੀ ਤੋਂ ਬਾਅਦ ਇੰਦਰਾ ਗਾਂਧੀ ਨੇ ਕਾਂਗਰਸ ਦੀ ਧਰਮ-ਨਿਰਪੱਖ ਪਰੰਪਰਾ ਦੇ ਉਲਟ ਇਕ ਅਜਿਹੀ ਰਾਸ਼ਟਰਵਾਦੀ ਭਾਵਨਾ ਦਾ ਪ੍ਰਗਟਾਵਾ ਕਰਨਾ ਸ਼ੁਰੂ ਕੀਤਾ ਜੋ ਮੁਸਲਿਮ ਵੱਖਵਾਦ ਦੇ ਡਰ ਅਤੇ ਹਿੰਦੂਆਂ ਦੀ ਹਮਦਰਦੀ ਜਿੱਤਣ 'ਤੇ ਆਧਾਰਿਤ ਸੀ। ਅਸਹਿਮਤੀ ਦੀ ਹਰੇਕ ਆਵਾਜ਼ ਨੂੰ ਕੌਮੀ ਏਕਤਾ ਲਈ ਖ਼ਤਰੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਅਤੇ ਦਾਅਵਾ ਕੀਤਾ ਗਿਆ ਕਿ ਸਿਰਫ਼ ਕਾਂਗਰਸੀ ਸੱਤਾਧਾਰੀ ਹੀ ਦੇਸ਼ ਦੀ ਰੱਖਿਆ ਕਰ ਸਕਦੇ ਹਨ। ਬਹੁਗਿਣਤੀਵਾਦੀ ਪ੍ਰਕਿਰਤੀ ਦੀ ਇਸ ਚਰਚਾ ਵਿਚ ਉਹ ਸਭ ਕੁਝ ਸੀ ਜੋ ਹਿੰਦੂ ਰਾਸ਼ਟਰਵਾਦੀਆਂ ਦੀ ਚਰਚਾ ਵਿਚ ਪਾਇਆ ਜਾਂਦਾ ਹੈ ਰਾਸ਼ਟਰੀ ਸੁਰੱਖਿਆ ਲਈ ਖ਼ਤਰੇ ਦਾ ਡਰ, ਰਾਸ਼ਟਰ ਦੇ ਰੂਪ ਵਿਚ ਭਾਰਤ ਦੀ ਹਿੰਦੂ ਧਾਰਨਾ, ਘੱਟ ਗਿਣਤੀਆਂ ਨੂੰ ਇਕ ਡਰਾਉਣੇ ਪਰਛਾਵੇਂ ਦੀ ਤਰਾਂ ਪੇਸ਼ ਕਰਨਾ। ਅਜਿਹਾ ਵਿਸ਼ਲੇਸ਼ਣ ਕਰਨ ਵਾਲੇ ਵਿਦਵਾਨਾਂ ਵਿਚ ਭਾਰਤੀ ਰਾਜਨੀਤਕ ਸ਼ਾਸਤਰੀ ਜ਼ੋਆ ਹਸਨ ਵੀ ਸ਼ਾਮਿਲ ਹਨ। ਉਨਾਂ ਨੇ ਆਪਣੀ ਖ਼ੋਜ 'ਚ ਦੱਸਿਆ ਹੈ ਕਿ 1984 ਤੋਂ 1989 ਤੱਕ ਦਾ ਕਾਂਗਰਸ ਸ਼ਾਸਨ ਕਾਲ ਹਿੰਦੂ ਅਤੇ ਮੁਸਲਮਾਨ ਫ਼ਿਰਕਾਪ੍ਰਸਤੀ ਦੇ ਮੁਕਾਬਲਿਆਂ ਦਾ ਸਿੱਧਾ-ਸਿੱਧਾ ਉਦਾਹਰਨ ਸੀ, ਜਿਸ ਕਾਰਨ ਭਾਰਤੀ ਰਾਜ ਦੀ ਪ੍ਰਵਿਰਤੀ ਬਹੁਗਿਣਤੀਵਾਦੀ ਹੁੰਦੀ ਚਲੀ ਗਈ। ਇਸੇ ਲੜੀ ਦਾ ਸਿੱਟਾ ਕਾਰ ਸੇਵਕਾਂ ਹੱਥੋਂ ਬਾਬਰੀ ਮਸਜਿਦ ਦਾ ਢਹਿ-ਢੇਰੀ ਹੋਣਾ ਸੀ। ਪੀ.ਵੀ. ਨਰਸਿਮਾ ਰਾਓ ਦੀ ਅਗਵਾਈ ਵਿਚ ਚੱਲ ਰਹੀ ਤਤਕਾਲੀ ਕਾਂਗਰਸ ਸਰਕਾਰ ਦਾ ਨਜ਼ਰੀਆ ਇਸ ਰਾਸ਼ਟਰੀ ਦੁਰਘਟਨਾ ਦੇ ਪ੍ਰਤੀ ਕੀ ਸੀ, ਇਸ ਦਾ ਇਕ ਦਿਲਚਸਪ ਰਾਜਨੀਤਕ ਮੁਲਾਂਕਣ ਮੰਜੂ ਪਾਰਿਖ ਨੇ ਸਿਲਸਿਲੇਵਾਰ ਢੰਗ ਨਾਲ ਪੇਸ਼ ਕੀਤਾ ਹੈ। ਉਹ ਇਹ ਵੀ ਦੱਸਦੀ ਹੈ ਕਿ ਵੱਖਵਾਦੀ ਹਿੰਦੂਤਵ ਪ੍ਰਤੀ ਕਮਜ਼ੋਰ ਰਵੱਈਆ ਨਾ ਸਿਰਫ਼ ਭਾਜਪਾ ਦੇ ਨਾਲ ਮਿਲੀਭੁਗਤ ਕਰਕੇ ਚੱਲਣ ਵਾਲੀ ਰਾਓ ਦੀ ਘੱਟ ਗਿਣਤੀ ਸਰਕਾਰ ਨੇ ਅਪਣਾਇਆ, ਸਗੋਂ ਤਤਕਾਲੀ ਵਿਰੋਧੀ ਧਿਰ ਦਾ ਤੌਰ-ਤਰੀਕਾ ਵੀ ਵੰਡਿਆ ਹੋਇਆ ਸੀ।

ਹਕੀਕਤ ਇਹ ਹੈ ਕਿ ਨੱਬੇ ਦੇ ਦਹਾਕੇ ਵਿਚ ਭਾਰਤੀ ਜਨਤਾ ਪਾਰਟੀ ਨੂੰ ਹੋਇਆ ਰਾਜਨੀਤਕ ਲਾਭ ਮੁੱਖ ਤੌਰ 'ਤੇ ਉਨਾਂ ਹਿੰਦੂ ਰਾਸ਼ਟਰਵਾਦੀਆਂ ਦੇ ਕਾਰਨ ਮਿਲਿਆ ਸੀ, ਜਿਨਾਂ ਨੇ ਅੱਸੀ ਦੇ ਦਹਾਕੇ ਵਿਚ ਹੋਈਆਂ ਗੋਲਬੰਦੀਆਂ ਵਿਚ




ਇੰਦਰਾ ਅਤੇ ਰਾਜੀਵ ਦਾ ਸਾਥ ਦਿੱਤਾ ਸੀ ਅਤੇ ਜਿਨਾਂ ਦਾ ਸਮਰਥਨ ਨੱਬੇ ਦੇ ਦਹਾਕੇ ਦੇ ਅੱਧ ਤੋਂ ਭਾਜਪਾ ਵੱਲ ਚਲਿਆ ਗਿਆ। ਭਾਰਤੀ ਰਾਜਨੀਤੀ ਦਾ ਫਿਰਕਾਪ੍ਰਸਤੀ ਵੱਲ ਰੁਖ ਰਾਤੋ-ਰਾਤ ਨਹੀਂ ਹੋਇਆ, ਸਗੋਂ ਪੂਰੇ ਇਕ ਦਹਾਕੇ ਦੌਰਾਨ ਹੁੰਦਾ ਰਿਹਾ। ਬਹੁਤ ਹੱਦ ਤੱਕ ਆਪਣੀ ਰਾਜਨੀਤੀ ਵਿਚ ਹਿੰਦੂ ਰਾਸ਼ਟਰਵਾਦ ਕਾਂਗਰਸ ਦੀ ਵਿਉਂਤਬੰਦੀ ਕਰਨ ਦੀ ਤਿਆਰੀ ਦਾ ਨਤੀਜਾ ਸੀ। ਕਾਂਗਰਸ ਆਪਣੀ ਇਸੇ ਗੁੰਡਾਗਰਦੀ ਨੂੰ ਧਰਮ-ਨਿਰਪੱਖਤਾ ਅਤੇ ਘੱਟ ਗਿਣਤੀ ਕੌਮ ਦੀ ਸੁਰੱਖਿਆ ਲਈ ਕੀਤੀਆਂ ਵੱਡੀਆਂ-ਵੱਡੀਆਂ ਗੱਲਾਂ ਪਿੱਛੇ ਲੁਕਾਉਂਦੀ ਰਹੀ। ਪਰ ਇਹ ਉਸ ਦੀ ਸੱਜੇ-ਪੱਖੀ ਲੋਕ-ਲੁਭਾਊ ਰਣਨੀਤੀ ਹੀ ਸੀ, ਜਿਸ 'ਤੇ ਧਰਮ-ਨਿਰਪੱਖਤਾ ਦਾ ਪਰਦਾ ਪਾਇਆ ਗਿਆ ਸੀ। ਜ਼ਾਹਰ ਹੈ ਕਿ ਭਾਜਪਾ ਅਤੇ ਕਾਂਗਰਸ ਦੋ ਉਲਟ ਵਿਚਾਰਧਾਰਾਵਾਂ 'ਤੇ ਖੜੀਆਂ ਹਨ ਅਤੇ ਭਾਜਪਾ ਨੇ ਵਿਚਾਰਧਾਰਾਤਮਿਕ ਤੌਰ 'ਤੇ ਕਾਂਗਰਸ ਨੂੰ ਹਰਾ ਦਿੱਤਾ ਹੈ। ਅੱਸੀ ਤੇ ਨੱਬੇ ਦੇ ਦਹਾਕਿਆਂ ਵਿਚ ਜੋ ਕੁਝ ਵਾਪਰਿਆ, ਉਹ ਅਸਲ ਵਿਚ ਉਸ ਸੱਭਿਆਚਾਰਕ ਪ੍ਰਮਾਣਿਕਤਾ ਲਈ ਦੋ ਪਾਰਟੀਆਂ ਵਿਚਾਲੇ ਹੋਇਆ ਮੁਕਾਬਲਾ ਸੀ, ਜਿਸ ਨੂੰ ਕਾਂਗਰਸ ਅਤੇ ਭਾਜਪਾ ਦੋਵੇਂ ਬਹੁਗਿਣਤੀ ਦੀਆਂ ਫ਼ਿਰਕੂ ਭਾਵਨਾਵਾਂ ਨੂੰ ਆਪਣੇ ਵੱਲ ਝੁਕਾ ਕੇ ਹਾਸਲ ਕਰਨਾ ਚਾਹੁੰਦੀਆਂ ਸਨ। ਧਰਮ-ਨਿਰਪੱਖ ਬਨਾਮ ਧਾਰਮਿਕ ਦਾ ਮੁੱਦਾ ਹੋਣ ਦੀ ਬਜਾਏ ਇਹ ਰਾਸ਼ਟਰ ਦੇ ਨਾਂ 'ਤੇ ਹਿੰਦੂ ਵੋਟਰਾਂ ਨੂੰ ਸੰਬੋਧਨ ਕਰਨ ਅਤੇ ਉਨਾਂ ਦੀ ਅਗਵਾਈ ਦੀ ਦਾਅਵੇਦਾਰੀ ਲਈ ਦੌੜ ਸੀ।

ਕੁਝ ਸਮੀਖਿਅਕਾਂ ਵਲੋਂ ਅੰਦਾਜ਼ਾ ਇਹ ਲਗਾਇਆ ਜਾ ਰਿਹਾ ਹੈ ਕਿ ਨੇੜ-ਭਵਿੱਖ ਵਿਚ ਕਾਂਗਰਸ ਇਕ ਵਾਰ ਫਿਰ ਪ੍ਰਸ਼ਾਂਤ ਕਿਸ਼ੋਰ ਨੂੰ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰ ਸਕਦੀ ਹੈ। ਪਰ ਮੈਨੂੰ ਲਗਦਾ ਹੈ ਕਿ ਇਸ ਪਾਰਟੀ ਤੋਂ ਦੂਰੀ ਬਣਾਉਣ ਦਾ ਪ੍ਰਸ਼ਾਂਤ ਨੇ ਇਕ ਸਾਕਾਰਤਾਮਿਕ ਫ਼ੈਸਲਾ ਕੀਤਾ ਹੈ। ਕਾਂਗਰਸ ਇਕ ਅਜਿਹੀ ਪਾਰਟੀ ਹੈ, ਜਿਸ ਦੇ ਸਿਰ 'ਤੇ ਸਿੱਧੇ ਤੌਰ 'ਤੇ ਅਤੇ ਪਰਦੇ ਪਿੱਛੇ ਫ਼ਿਰਕਾਪ੍ਰਸਤੀ ਦੇ ਦਾਗ਼ ਹਨ। ਦੂਜੇ ਪਾਸੇ ਉਸ ਦਾ ਤਿੰਨ ਮੈਂਬਰੀ ਹਾਈਕਮਾਨ (ਮਾਂ, ਬੇਟੀ ਅਤੇ ਬੇਟਾ) ਪਾਰਟੀ ਨੂੰ ਚਲਾਉਣ ਦੇ ਸਵਾਲ 'ਤੇ ਆਪਸੀ ਮਤਭੇਦਾਂ ਦਾ ਵੀ ਸ਼ਿਕਾਰ ਹੈ। ਸੋਨੀਆ ਗਾਂਧੀ ਦੀਆਂ ਰਾਜਨੀਤਕ ਸਮਰੱਥਾਵਾਂ ਦਾ ਭਾਵੇਂ ਪ੍ਰਤੱਖ ਪ੍ਰਮਾਣ ਹੋਵੇ, ਪਰ ਰਾਹੁਲ ਅਤੇ ਪ੍ਰਿਅੰਕਾ ਨੇ ਅਜੇ ਤੱਕ ਇਕ ਵੀ ਅਜਿਹਾ ਕੰਮ ਨਹੀਂ ਕੀਤਾ, ਜਿਸ ਦੇ ਆਧਾਰ 'ਤੇ ਉਨਾਂ ਨੂੰ ਮੋਦੀ ਦੇ ਪ੍ਰਮੁੱਖ ਵਿਰੋਧੀ ਦਾ ਦਰਜਾ ਦਿੱਤਾ ਜਾ ਸਕੇ। ਕਾਂਗਰਸ ਦੀ ਸਮੱਸਿਆ ਪਰਿਵਾਰਵਾਦ ਨਹੀਂ ਹੈ, ਸਗੋਂ ਉਸ ਦੀ ਸਿਖਰਲੀ ਅਗਵਾਈ ਵਿਚ ਰਣਨੀਤਕ ਏਕਤਾ ਦੀ ਘਾਟ ਹੈ। ਇਕ ਹੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਇਹ ਇਕ-ਦੂਜੇ ਵਿਰੋਧੀ ਸੋਚ ਕੁਝ ਹੈਰਾਨ ਕਰਨ ਵਾਲੀ ਹੋ ਸਕਦੀ ਹੈ ਅਤੇ ਇਸ ਦੇ ਕਾਰਨ ਵੀ ਹੈਰਾਨ ਕਰਨ ਵਾਲੇ ਹੋ ਸਕਦੇ ਹਨ। ਪਰ ਇਸ ਦੇ ਠੋਸ ਕਾਰਨ ਵੀ ਹੈਰਾਨ ਕਰਨ ਵਾਲੇ ਹਨ। ਇਹ ਵੱਖਰੀ ਗੱਲ ਹੈ ਕਿ ਇਨਾਂ ਕਾਰਨਾਂ ਨੂੰ ਪੁਖਤਾ ਅਤੇ ਜਨਤਕ ਕੀਤੇ ਜਾ ਸਕਣ ਵਾਲੇ ਸਬੂਤਾਂ ਦੀ ਘਾਟ ਕਾਰਨ ਸਪੱਸ਼ਟ ਨਹੀਂ ਕੀਤਾ ਜਾ ਸਕਦਾ।

## ਮਨੁੱਖੀ ਹੱਕਾਂ ਦੇ ਜਾਂਬਾਜ਼ ਰਾਖੇ ਅਤੇ ਪੰਜਾਬ ਦੇ ਲੋਕ-ਨਾਇਕ ਜਸਟਿਸ ਅਜੀਤ ਸਿੰਘ ਬੈਂਸ (1922-2022) ਦੀ ਜਨਮ ਸ਼ਤਾਬਦੀ 'ਤੇ ਸਰੀ ਵਿੱਚ 22 ਮਈ ਨੂੰ ਸੈਮੀਨਾਰ

**ਡਾ. ਗੁਰਵਿੰਦਰ ਸਿੰਘ**



ਪੰਜਾਬ ਦੀ ਧਰਤੀ 'ਤੇ ਮਨੁੱਖੀ ਅਧਿਕਾਰਾਂ ਦੇ ਘਾਣ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਵਾਲੇ ਮਹਾਨ ਯੋਧੇ, ਸੇਵਾਮੁਕਤ ਜੱਜ ਸਰਦਾਰ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ, ਸਰੀ ਦੀ ਸਟਰਾਅਬੈਰੀ ਹਿੱਲ ਲਾਇਬ੍ਰੇਰੀ (7399 122 ਸਟਰੀਟ) ਵਿਖੇ 22 ਮਈ ਦਿਨ ਐਤਵਾਰ ਨੂੰ, ਬਾਅਦ ਦੁਪਹਿਰ 1.30-4.30 ਦੌਰਾਨ ਕਰਵਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਜਸਟਿਸ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਪਾਏ ਵੱਡੇ ਯੋਗਦਾਨ ਤੋਂ ਇਲਾਵਾ, ਉਨਾਂ ਦੀ ਜੀਵਨ ਸੰਘਰਸ਼ ਅਤੇ ਜੇਲ ਯਾਤਰਾ ਬਾਰੇ ਵੀ ਵਿਚਾਰਾਂ ਹੋਣਗੀਆਂ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਜਸਟਿਸ ਅਜੀਤ ਸਿੰਘ ਜੀ ਦੀ ਦੇਣ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਬੈਂਸ ਸਾਹਿਬ ਨੇ ਮਨੁੱਖੀ ਹੱਕਾਂ ਲਈ ਸੌ ਸਾਲਾ ਜ਼ਿੰਦਗੀ ਸਮਰਪਿਤ ਕਰ ਦਿੱਤੀ, ਜੱਜ ਹੋਣ ਦੇ ਬਾਵਜੂਦ ਸਜ਼ਾਵਾਂ ਕੱਟੀਆਂ, ਪੰਜਾਬ ਦੇ ਉੱਜੜੇ ਪਰਿਵਾਰਾਂ ਨੂੰ ਵਸਾਉਣ ਲਈ 'ਸਰਕਾਰ ਨੂੰ ਦਹਿਸ਼ਤਗਰਦ' ਆਖਿਆ ਅਤੇ ਹਕੂਮਤ ਨਾਲ ਲੋਹਾ ਲਿਆ। ਸੌ ਸਾਲ ਦੀ ਲੰਮੀ ਉਮਰ ਚੜਦੀ ਕਲਾ ਵਿੱਚ ਗੁਜ਼ਾਰਨ ਵਾਲੇ ਜਸਟਿਸ ਬੈਂਸ ਸਾਹਿਬ ਦਾ ਜਨਮ ਦਿਨ ਮਨਾਉਂਦੇ ਹੋਏ, ਡੂੰਘਾ ਵਿਚਾਰ ਚਿੰਤਨ ਕਰਨਾ ਸਾਡਾ ਸਭਨਾਂ ਦਾ ਫ਼ਰਜ਼ ਬਣਦਾ ਹੈ। ਜਸਟਿਸ ਸਾਹਿਬ ਦੇ ਸੰਘਰਸ਼ ਨੂੰ 'ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਇਕ ਪੀੜੀ ਦਾ ਸਫ਼ਰ' ਕਿਹਾ ਜਾ ਸਕਦਾ ਹੈ। ਉਨਾਂ ਦੀ ਮਨੁੱਖੀ ਅਧਿਕਾਰਾਂ ਲਈ ਦੇਣ ਸਬੰਧੀ ਅਨੇਕਾਂ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। 'ਮਨੁੱਖੀ ਅਧਿਕਾਰਾਂ ਦੇ ਯੋਧੇ' ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਨ ਲਈ 22 ਮਈ ਨੂੰ ਹੋ ਰਹੇ ਸੈਮੀਨਾਰ ਵਿਚ, ਸਾਰੀਆਂ ਜਥੇਬੰਦੀਆਂ ਨੂੰ ਵੱਧ-ਚੜ ਕੇ ਸ਼ਾਮਲ ਹੋਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ ਹਨ : ਭੁਪਿੰਦਰ ਸਿੰਘ ਮੱਲੀ-604 765 3063 ਅਤੇ ਡਾ. ਗੁਰਵਿੰਦਰ ਸਿੰਘ -604 825 1550




# ਕਿਸਾਨੀ ਇਕ ਲਾਭਦਾਇਕ ਧੰਦਾ ਕਿਵੇਂ ਬਣੇ

**ਡਾਕਟਰ ਐਸ ਐਸ ਛੀਨਾ**

ਪੰਜਾਬ ਦੀ ਖੇਤੀ ਦੀ ਸਥਿਤੀ ਨੂੰ ਵਾਚਣ ਤੋਂ ਬਾਅਦ ਇਕ ਸਵਾਲ ਉੱਠਦਾ ਹੈ ਕਿ ਹੋਰ ਕੀ ਕੀਤਾ ਜਾਵੇ ਕਿ ਕਿਸਾਨੀ ਇਕ ਲਾਭਦਾਇਕ ਧੰਦਾ ਬਣੇ। ਦੇਸ਼ ਦਾ ਸਿਰਫ 1.53 ਫ਼ੀਸਦੀ ਖੇਤਰ ਹੋਣ ਦੇ ਬਾਵਜੂਦ ਕੁੱਲ ਭਾਰਤ ਦੀ 16 ਫ਼ੀਸਦੀ ਕਣਕ, 11 ਫ਼ੀਸਦੀ ਚੌਲ, 3.4 ਫ਼ੀਸਦੀ ਕਪਾਹ ਅਤੇ 7 ਫ਼ੀਸਦੀ ਦੁੱਧ ਦੀ ਪੈਦਾਵਾਰ ਇਥੋਂ ਹੁੰਦੀ ਹੈ, ਜਦੋਂ ਕਿ ਦੇਸ਼ ਦੇ ਅੰਨ ਭੰਡਾਰਾਂ ਵਿਚ ਲਗਾਤਾਰ 35 ਤੋਂ 40 ਫ਼ੀਸਦੀ ਕਣਕ, 25 ਤੋਂ 30 ਫ਼ੀਸਦੀ ਚੌਲਾਂ ਦਾ ਹਿੱਸਾ ਇਕੱਲੇ ਪੰਜਾਬ ਵਲੋਂ ਪਾਇਆ ਜਾਂਦਾ ਹੈ। ਪੰਜਾਬ ਦੇ ਵਾਹੀ ਵਾਲੇ ਖੇਤਰ ਵਿਚ 99 ਫ਼ੀਸਦੀ ਖੇਤਰ ਨੂੰ ਲਗਾਤਾਰ ਸਿੰਚਾਈ ਸਹੂਲਤਾਂ ਮਿਲਦੀਆਂ ਹਨ ਅਤੇ ਫ਼ਸਲ ਘਣਤਾ 200 ਤੋਂ ਉੱਪਰ ਹੈ, ਜਿਸ ਦਾ ਅਰਥ ਹੈ ਕਿ ਕੋਈ ਵੀ ਇਸ ਤਰਾਂ ਦਾ ਖੇਤਰ ਨਹੀਂ ਜਿਥੋਂ ਸਾਲ ਵਿਚ ਦੋ ਫ਼ਸਲਾਂ ਨਾ ਲਈਆਂ ਜਾਂਦੀਆਂ ਹੋਣ। ਇਸ ਛੋਟੇ ਜਿਹੇ ਪ੍ਰਾਂਤ ਦੀ ਇਸ ਪੱਖੋਂ ਸਿਰਫ ਭਾਰਤ ਜਾਂ ਏਸ਼ੀਆ ਵਿਚ ਹੀ ਨਹੀਂ, ਸਗੋਂ ਦੁਨੀਆ ਦੇ ਸੰਦਰਭ ਵਿਚ ਵੀ ਮਹੱਤਤਾ ਹੈ। ਦੁਨੀਆ ਦੀ ਚੌਲਾਂ ਦੀ ਕੁੱਲ ਉਪਜ ਵਿਚ 2.5 ਫ਼ੀਸਦੀ, 2.3 ਫ਼ੀਸਦੀ ਕਣਕ ਅਤੇ 0.7 ਫ਼ੀਸਦੀ ਕਪਾਹ ਇਕੱਲੇ ਪੰਜਾਬ ਵਿਚ ਪੈਦਾ ਹੁੰਦੀ ਹੈ। ਪਰ ਫਿਰ ਵੀ 2019 ਵਿਚ 320 ਕਿਸਾਨਾਂ ਵਲੋਂ ਖੇਤੀ ਕਰਜ਼ੇ ਦੇ ਬੋਝ ਕਰਕੇ ਖ਼ੁਦਕੁਸ਼ੀਆਂ ਕੀਤੀਆਂ ਗਈਆਂ ਅਤੇ ਕਿਸਾਨੀ ਨਾਲ ਸੰਬੰਧਿਤ ਪ੍ਰੇਸ਼ਾਨੀਆਂ ਇਸ ਨਵੀਂ ਬਣੀ ਪੰਜਾਬ ਸਰਕਾਰ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਅਤੇ ਚੁਣੌਤੀ ਬਣੀਆਂ ਹੋਈਆਂ ਹਨ।

2007 ਵਿਚ ਡਾ. ਜੀ.ਐਸ. ਭੱਲਾ ਨੇ ਭਾਰਤ ਦੀ ਕਿਸਾਨੀ 'ਤੇ ਇਕ ਰਿਪੋਰਟ ਤਿਆਰ ਕੀਤੀ ਸੀ, ਜਿਸ ਵਿਚ ਉਨਾਂ ਨੇ ਸਿੱਟਾ ਇਹ ਕੱਢਿਆ ਸੀ ਕਿ 4 ਹੈਕਟਰ ਜਾਂ 10 ਏਕੜ ਤੋਂ ਘੱਟ ਜੋਤ ਕਿਫਾਇਤੀ ਜੋਤ ਨਹੀਂ ਅਤੇ ਕਿਸਾਨ ਦਾ ਪਰਿਵਾਰ ਉਸ ਜੋਤ ਤੋਂ ਆਪਣੇ ਸਾਰੇ ਖ਼ਰਚੇ ਪੂਰੇ ਨਹੀਂ ਕਰ ਸਕਦਾ ਪਰ ਭਾਰਤ ਦੀ ਵਸੋਂ ਦੇ ਵੱਡੇ ਆਕਾਰ ਜਿਸ ਵਿਚ 17.6 ਫ਼ੀਸਦੀ ਵਸੋਂ ਪਰ ਸਿਰਫ 2.4 ਫ਼ੀਸਦੀ ਖੇਤਰ ਅਤੇ ਉਸ ਵਿਚ ਵੀ 60 ਫ਼ੀਸਦੀ ਦੀ ਖੇਤੀ 'ਤੇ ਨਿਰਭਰਤਾ ਹੋਣ ਕਰਕੇ ਅਤੇ ਭੂਮੀ ਦੀ ਪੀੜੀ ਦਰ ਪੀੜੀ ਵੰਡ ਹੋਣ ਕਰਕੇ ਜੋਤਾਂ ਦਾ ਆਕਾਰ ਬਹੁਤ ਘਟ ਗਿਆ ਹੈ ਅਤੇ ਭਾਰਤ ਦੀ ਪੱਧਰ 'ਤੇ 93 ਫ਼ੀਸਦੀ ਜੋਤਾਂ 10 ਏਕੜ ਤੋਂ ਘੱਟ ਹਨ ਅਤੇ ਉਹ ਕਿਫ਼ਾਇਤੀ ਨਹੀਂ ਹਨ। ਭਾਰਤ ਦੀ ਖੇਤੀ ਦੇ ਸੰਦਰਭ ਵਿਚ ਪੰਜਾਬ ਦੀਆਂ ਖੇਤੀ ਜੋਤਾਂ ਦੀ ਜੋ ਇਕ ਵਿਲੱਖਣ ਗੱਲ ਇਹ ਸਾਹਮਣੇ ਆਈ ਹੈ, ਉਹ ਵੀ ਇਸ ਦੀ ਪੁਸ਼ਟੀ ਕਰਦੀ ਹੈ ਕਿ ਛੋਟੀਆਂ ਜੋਤਾਂ ਕਿਫ਼ਾਇਤੀ ਨਹੀਂ ਹਨ। 1971 ਵਿਚ ਪੰਜਾਬ ਵਿਚ 37 ਫ਼ੀਸਦੀ ਜੋਤਾਂ ਢਾਈ ਏਕੜ ਤੋਂ ਥੱਲੇ ਸਨ, ਜਿਨਾਂ ਨੂੰ ਸੀਮਾਂਤ ਜੋਤਾਂ ਕਿਹਾ ਜਾਂਦਾ ਹੈ ਪਰ ਅੱਜ ਕੱਲ ਉਹ ਸਿਰਫ 14 ਫ਼ੀਸਦੀ ਰਹਿ ਗਈਆਂ ਹਨ। ਛੋਟੀਆਂ ਜੋਤਾਂ ਨੇ ਆਪਣੀ ਭੂਮੀ ਨੂੰ ਜਾਂ ਤਾਂ ਠੇਕੇ 'ਤੇ ਦੇ ਦਿੱਤਾ ਹੈ ਜਾਂ ਵੇਚ ਦਿੱਤਾ ਹੈ ਅਤੇ ਹੋਰ ਪੇਸ਼ੇ ਅਪਣਾ ਲਏ ਹਨ।

ਭਾਰਤ ਭਰ ਵਿਚ ਪੰਜਾਬ ਹੀ ਇਕੱਲਾ ਪ੍ਰਾਂਤ ਹੈ (ਨਾਗਾਲੈਂਡ ਨੂੰ ਛੱਡ ਕੇ) ਜਿਥੇ ਸੀਮਾਂਤ ਜੋਤਾਂ ਸਭ ਤੋਂ ਘੱਟ ਜਾਂ 14 ਫ਼ੀਸਦੀ ਹਨ ਜਦੋਂ ਕਿ ਭਾਰਤ ਦੀ ਪੱਧਰ 'ਤੇ ਇਹ ਹੁਣ 83 ਫ਼ੀਸਦੀ ਹੋ ਗਈਆਂ ਹਨ। ਦੂਜੇ ਪਾਸੇ ਪੰਜਾਬ ਹੀ ਇਕ ਉਹ ਪ੍ਰਾਂਤ ਹੈ ਜਿਥੇ 25 ਏਕੜ ਤੋਂ ਵੱਧ ਵਾਲੀਆਂ ਜੋਤਾਂ 7 ਫ਼ੀਸਦੀ ਦੇ ਕਰੀਬ ਹਨ (ਨਾਗਾਲੈਂਡ ਨੂੰ ਛੱਡ ਕੇ) ਜੋ ਸਭ ਤੋਂ ਵੱਧ ਹਨ, ਜਦੋਂ ਕਿ ਭਾਰਤ ਦੀ ਪੱਧਰ 'ਤੇ ਇਹ ਸਿਰਫ 0.6 ਫ਼ੀਸਦੀ ਹਨ। ਪਰ ਨਾਲ ਹੀ ਪੰਜਾਬ ਦੀ ਖੇਤੀ ਉਪਜ ਸਾਰੇ ਹੀ ਭਾਰਤ ਵਿਚੋਂ ਵੱਧ ਤਾਂ ਹੈ ਪਰ ਪੰਜਾਬ ਹੀ ਇਕ ਉਹ ਪ੍ਰਾਂਤ ਹੈ ਜਿਥੇ ਸਭ ਪ੍ਰਾਂਤਾਂ ਤੋਂ ਵੱਧ ਪ੍ਰਤੀ ਕਿਸਾਨ ਘਰ ਕਰਜ਼ਾ ਹੈ, ਜਿਹੜਾ 1.50 ਲੱਖ ਰੁਪਏ ਪ੍ਰਤੀ ਕਿਸਾਨ ਘਰ ਤੱਕ ਹੈ। ਇਕ ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼ ਦੇ ਕਿਸਾਨ ਤੋਂ ਪੰਜਾਬ ਦਾ ਕਿਸਾਨ 4 ਗੁਣਾ ਵੱਧ ਕਰਜ਼ਾਈ ਹੈ ਜਦੋਂ ਕਿ ਬਿਹਾਰ ਦੇ ਕਿਸਾਨ ਤੋਂ 5 ਗੁਣਾ ਵੱਧ ਕਰਜ਼ਾਈ ਹੈ। ਸੀਮਾਂਤ ਜੋਤਾਂ ਦਾ ਘਟਦੇ ਜਾਣਾ, ਪ੍ਰਤੀ ਏਕੜ ਸਾਰੇ ਭਾਰਤ ਤੋਂ ਵੱਧ ਉਪਜ ਲੈਣੀ, ਵੱਧ ਤੋਂ ਵੱਧ ਕਰਜ਼ੇ ਦੀ ਸਮਰੱਥਾ ਨੂੰ ਵਰਤਣਾ ਆਦਿ ਦੀ ਸਥਿਤੀ ਬਣਨ ਨਾਲ ਕੁਝ ਹੋਰ ਗੱਲਾਂ ਵੀ ਸੰਬੰਧਿਤ ਹਨ, ਜਿਸ ਤਰਾਂ ਖਾਦਾਂ, ਕੀੜੇਮਾਰ ਦਵਾਈਆਂ ਦੀ ਵਰਤੋਂ, ਮਸ਼ੀਨੀਕਰਨ, ਪਾਣੀ ਦੇ ਪੱਧਰ ਦਾ ਥੱਲੇ ਚਲੇ ਜਾਣਾ, ਹਰ ਸਾਲ ਕਣਕ ਅਤੇ ਝੋਨੇ ਅਧੀਨ ਖੇਤਰ ਦਾ ਵਧਦੇ ਜਾਣਾ, ਪਰ ਨਾਲ ਹੀ ਹਰ ਸਾਲ ਪ੍ਰਤੀ ਏਕੜ ਕਮਾਈ ਵਿਚ ਕਮੀ ਆਉਂਦੀ ਜਾਣੀ, ਕਿਉਂ ਜੋ ਹਰ ਸਾਲ ਉਤਪਾਦਨ ਲਾਗਤ ਵਿਚ ਵਾਧਾ ਹੋ ਰਿਹਾ ਹੈ, ਜਿਹੜਾ ਕਮਾਈ ਦੀ ਮਾਤਰਾ ਵਿਚ ਕਮੀ ਕਰ ਰਿਹਾ ਹੈ। ਇਸ ਸਾਲ ਹੀ ਖੇਤੀ ਉਤਪਾਦਨ ਲਈ ਲੋੜੀਂਦੀਆਂ ਖਾਦਾਂ ਦੀਆਂ ਕੀਮਤਾਂ ਵਿਚ ਵੱਡਾ ਵਾਧਾ ਹੋਇਆ ਹੈ। ਡੀ.ਏ.ਪੀ. ਖਾਦ ਜਿਸ ਦੀ ਦਰਾਮਦ ਕੀਤੀ ਜਾਂਦੀ ਹੈ, ਉਸ ਦੀ ਕੀਮਤ ਵਿਚ 150 ਰੁਪਏ ਪ੍ਰਤੀ ਬੈਗ (50 ਕਿਲੋ), ਨਦੀਨਨਾਸ਼ਕ ਪਦਾਰਥਾਂ ਦੀਆਂ ਕੀਮਤਾਂ 100 ਤੋਂ 200 ਰੁਪਏ ਪ੍ਰਤੀ ਲੀਟਰ, ਡੀਜ਼ਲ ਦੀ ਕੀਮਤ 20 ਰੁਪਏ ਪ੍ਰਤੀ ਲੀਟਰ, ਝੋਨੇ ਦੇ ਬੀਜ 20 ਰੁਪਏ ਪ੍ਰਤੀ ਕਿਲੋ ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਖੇਤੀ ਕਿਰਤੀਆਂ ਦੀ ਉਜਰਤਾ ਵਿਚ ਵਾਧਾ ਹੋਣ ਕਰਕੇ ਪ੍ਰਤੀ ਏਕੜ ਝੋਨੇ ਦੀ ਬਿਜਾਈ 5000 ਰੁਪਏ ਹੋ ਜਾਵੇਗੀ ਜਿਹੜੀ ਕਿ ਪਿਛਲੇ ਸਾਲ 4000 ਰੁਪਏ ਪ੍ਰਤੀ ਏਕੜ ਸੀ। ਇਸ ਪ੍ਰਕਾਰ ਇਹ ਸਾਰੀਆਂ ਲਾਗਤਾਂ ਕਿਸਾਨ ਦੀ ਕਮਾਈ ਨੂੰ ਵੱਡੀ ਹੱਦ ਤੱਕ ਘਟਾ ਦੇਣਗੀਆਂ। ਜਿਨਾਂ ਕਿਸਾਨਾਂ ਨੇ ਭੂਮੀ ਨੂੰ ਠੇਕੇ 'ਤੇ ਲਿਆ ਹੋਇਆ ਹੈ, ਉਨਾਂ ਦੇ ਠੇਕੇ ਦੀ ਦਰ ਵਿਚ ਇਸ ਕਰਕੇ ਵਾਧਾ ਕਰ ਦਿੱਤਾ ਗਿਆ ਹੈ, ਕਿਉਂ ਜੋ ਮਹਿੰਗਾਈ ਵਧਣ ਕਰਕੇ ਠੇਕੇ ਵਧਾਉਣਾ ਇਕ ਸੰਭਾਵਿਤ ਕਿਰਿਆ ਹੁੰਦੀ ਹੈ। ਇਸ ਪ੍ਰਕਾਰ ਇਸ ਤਰਾਂ ਦੇ ਵਾਤਾਵਰਨ ਵਿਚ ਕਿਸਾਨਾਂ ਦੀਆਂ ਪ੍ਰੇਸ਼ਾਨੀਆਂ ਵਿਚ ਹੋਰ ਵਾਧਾ ਹੋ ਜਾਵੇਗਾ।

ਭੂਮੀ ਨੂੰ ਵਧਾਇਆ ਤਾਂ ਨਹੀਂ ਜਾ ਸਕਦਾ, ਇਸ ਲਈ ਵਿਸ਼ਾਲ ਖੇਤੀ ਦੀਆਂ ਕੋਈ ਸੰਭਾਵਨਾਵਾਂ ਨਹੀਂ। ਵਰਤਮਾਨ ਸੀਮਤ ਭੂਮੀ 'ਤੇ ਹਰ ਸਾਲ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਵੱਧ ਵਰਤੋਂ ਕਰਕੇ ਉਪਜ ਲਈ ਜਾ ਰਹੀ ਹੈ ਪਰ ਇਸ ਉਪਜ ਨੂੰ ਬਣਾਈ ਰੱਖਣਾ ਸੰਭਵ ਨਹੀਂ, ਕਿਉਂ ਜੋ ਭੂਮੀ ਦੀ ਉਪਜਾਊ ਸ਼ਕਤੀ ਕਮਜ਼ੋਰ ਹੋ ਰਹੀ ਹੈ। ਇਸ ਸਾਲ ਹੀ ਪੰਜਾਬ ਵਿਚ ਪ੍ਰਤੀ ਏਕੜ ਇਕ ਕੁਇੰਟਲ ਉਪਜ ਘਟੀ ਹੈ। ਇਸ ਉਪਜ ਘਾਟੇ ਨਾਲ ਕਿਸਾਨ ਦੀ ਕਮਾਈ ਹੋਰ ਘਟ ਹੋ ਜਾਵੇਗੀ, ਜਿਸ ਕਰਕੇ ਕਿਸਾਨਾਂ ਨੂੰ ਘਰਾਂ ਦੇ ਖ਼ਰਚ ਪੂਰੇ ਕਰਨ ਲਈ ਹੋਰ ਕਰਜ਼ੇ 'ਤੇ ਨਿਰਭਰ ਕਰਨਾ ਹੋਵੇਗਾ।

ਕਿਸਾਨ ਖ਼ੁਦਕੁਸ਼ੀਆਂ ਨਾਲ ਸੰਬੰਧਿਤ ਖ਼ਬਰਾਂ ਦੇਸ਼ ਭਰ ਵਿਚ ਪਿਛਲੇ ਦੋ ਦਹਾਕਿਆਂ ਤੋਂ ਵਧਦੀਆਂ ਜਾ ਰਹੀਆਂ ਹਨ, ਜਿਨਾਂ ਵਿਚ ਕਰਜ਼ੇ ਦਾ ਵੱਡਾ ਬੋਝ ਇਸ ਦਾ ਸਭ ਤੋਂ ਵੱਡਾ ਕਾਰਨ ਰਿਹਾ ਹੈ। ਘਟਦੀ ਕਮਾਈ, ਬਦਲਵੇਂ ਪੇਸ਼ੇ ਨਾ ਹੋਣਾ ਅਤੇ ਦਿਨ-ਬ-ਦਿਨ ਵਧਦਾ ਹੋਇਆ ਖੇਤੀ ਅਤੇ ਗ਼ੈਰ-ਖੇਤੀ ਖ਼ਰਚ, ਉਦਯੋਗਿਕ ਵਸਤਾਂ ਅਤੇ ਸੇਵਾਵਾਂ ਵਿਚ ਵਧ ਰਹੀ ਮਹਿੰਗਾਈ ਇਸ ਦੇ ਮੁੱਖ ਕਾਰਨ ਰਹੇ ਹਨ। ਭਾਵੇਂ ਕਿ 2019 ਵਿਚ ਹੋਈਆਂ ਖ਼ੁਦਕੁਸ਼ੀਆਂ ਵਿਚ ਸਭ ਤੋਂ ਵੱਧ 3900 ਇਕੱਲੇ ਮਹਾਰਾਸ਼ਟਰ ਵਿਚ ਹੋਈਆਂ ਜਦੋਂ ਕਿ ਕਰਨਾਟਕ ਵਿਚ 1992, ਆਂਧਰਾ ਪ੍ਰਦੇਸ਼ ਵਿਚ 10 29, ਮੱਧ ਪ੍ਰਦੇਸ਼ ਵਿਚ 54, ਤੇਲੰਗਾਨਾ ਵਿਚ 499 ਜਦੋਂ ਕਿ ਸਭ ਤੋਂ ਘੱਟ ਪੰਜਾਬ ਵਿਚ 320 ਹੋਈਆਂ ਸਨ। ਪਰ ਖੇਤੀ ਵਿਚ ਲੱਗੇ ਹੋਏ ਲੋਕਾਂ ਦੀਆਂ ਪ੍ਰੇਸ਼ਾਨੀਆਂ ਸਾਰੇ ਹੀ ਭਾਰਤ ਦਾ ਮੁੱਖ ਮੁੱਦਾ ਹੈ। ਜਿਥੇ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੀ ਗਿਣਤੀ ਨਾਲੋਂ ਖੇਤੀ ਕਿਰਤੀਆਂ ਦੀਆਂ ਖ਼ੁਦਕੁਸ਼ੀਆਂ ਘੱਟ ਹਨ, ਉਥੇ ਉਨਾਂ ਖੇਤੀ ਕਿਰਤੀਆਂ ਦਾ ਕਰਜ਼ੇ ਦਾ ਬੋਝ ਵੀ ਘੱਟ ਹੈ।

2017 ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 5 ਸਾਲਾਂ ਵਿਚ ਖੇਤੀ ਦੀ ਆਮਦਨ ਨੂੰ ਦੁੱਗਣਾ ਕਰਨ ਦਾ ਸੰਕਲਪ ਲਿਆ ਸੀ, ਜਿਸ ਨੂੰ ਬਹੁਤ ਸਲਾਹਿਆ ਗਿਆ ਸੀ। ਪਰ 5 ਸਾਲ ਬੀਤ ਜਾਣ ਦੇ ਬਾਅਦ ਕੋਈ ਪ੍ਰਾਪਤੀ ਨਾ ਹੋ ਸਕੀ, ਕਿਉਂ ਜੋ ਖੇਤੀ ਢਾਂਚੇ ਵਿਚ ਕੋਈ ਵੱਡੀ ਤਬਦੀਲੀ ਨਹੀਂ ਆ ਸਕੀ। ਖੇਤੀ ਦੀ ਉਪਜ ਨੂੰ ਦੁੱਗਣਾ ਕਰਨਾ ਅਸੰਭਵ ਲਗਦਾ ਹੈ। ਹਾਂ, ਪ੍ਰਤੀ ਕਿਸਾਨ ਘਰ ਆਮਦਨ ਨੂੰ ਦੁੱਗਣਾ ਕਰਨਾ ਸੰਭਵ ਹੈ ਪਰ ਉਸ ਸੰਬੰਧੀ ਖੇਤੀ ਵਾਲੇ ਘਰਾਂ ਵਿਚ ਪੇਸ਼ੇਵਰ ਵਿਭਿੰਨਤਾ ਲਿਆਉਣੀ ਜ਼ਰੂਰੀ ਹੈ। ਖੇਤੀ ਵਿਚ ਭੂਮੀ ਦੇ ਆਕਾਰ ਦੀ ਵੱਡੀ ਮਜਬੂਰੀ ਨੂੰ ਸਾਹਮਣੇ ਰੱਖਦੇ ਹੋਏ ਕਿਸਾਨ ਘਰਾਂ ਵਿਚ ਪੇਸ਼ੇਵਰ ਵਿਭਿੰਨਤਾ ਪੈਦਾ ਕਰਨ ਤੋਂ ਬਗੈਰ ਕਿਸਾਨੀ ਸਮੱਸਿਆਵਾਂ ਦਾ ਕੋਈ ਹੱਲ ਨਹੀਂ। ਭਾਰਤ ਜਾਂ ਪੰਜਾਬ ਦੀ ਖੇਤੀ ਨੂੰ ਯੂਰਪੀਨ ਦੇਸ਼ਾਂ ਵਾਲਾ ਜਾਂ ਅਮਰੀਕਾ, ਆਸਟ੍ਰੇਲੀਆ ਵਾਲਾ ਆਰਥਿਕ ਮਾਡਲ ਅਪਣਾਉਣਾ ਪਵੇਗਾ। ਉਨਾਂ ਦੇਸ਼ਾਂ ਵਿਚ ਦੇਸ਼ ਦੀ ਕੁੱਲ ਵਸੋਂ ਵਿਚੋਂ ਸਿਰਫ 5 ਫ਼ੀਸਦੀ ਜਾਂ ਇਸ ਤੋਂ ਵੀ ਘੱਟ ਲੋਕ ਖੇਤੀ 'ਤੇ ਨਿਰਭਰ ਕਰਦੇ ਹਨ। ਭਾਵੇਂ ਕਿ ਉਨਾਂ ਦੇਸ਼ਾਂ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਦਾ ਯੋਗਦਾਨ ਵੀ 5 ਫ਼ੀਸਦੀ ਤੋਂ ਘੱਟ ਹੈ। ਜ਼ਿਆਦਾਤਰ ਲੋਕ ਉਦਯੋਗ ਅਤੇ ਸੇਵਾਵਾਂ ਦੇ ਖੇਤਰ ਵਿਚ ਲੱਗੇ ਹੋਏ ਹਨ ਪਰ ਉਨਾਂ ਸਾਰਿਆਂ ਕੋਲ ਪੂਰਨ ਰੁਜ਼ਗਾਰ ਹੈ। ਪੰਜਾਬ ਵਿਚ ਵੀ ਖੇਤੀ ਵਿਚ ਲੱਗੇ ਪਰਿਵਾਰਾਂ ਦੇ ਜੀਆਂ ਖ਼ਾਸ ਕਰਕੇ ਬਦਲਵੇਂ ਰੁਜ਼ਗਾਰ ਮੁਹੱਈਆ ਕਰਵਾਉਣੇ ਪੈਣਗੇ। ਖੇਤੀ ਵਿਚ ਵੀ ਵਿਭਿੰਨਤਾ ਲਿਆਉਣੀ ਪਵੇਗੀ।

ਭਾਰਤ ਵਿਚ ਜਿਥੇ ਬੇਰੁਜ਼ਗਾਰੀ ਹੈ, ਉਥੇ ਅਰਧ ਬੇਰੁਜ਼ਗਾਰੀ ਦੀ ਵੱਡੀ ਸਮੱਸਿਆ ਹੈ। ਖੇਤੀ 'ਤੇ ਨਿਰਭਰ 60 ਫ਼ੀਸਦੀ ਲੋਕ ਅਰਧ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ। ਉਨਾਂ ਕੋਲ ਦਿਨ ਵਿਚ 8 ਘੰਟੇ ਅਤੇ ਬਾਕੀ ਸਫ਼ਾ 31 'ਤੇ

# ਪੰਚਾਇਤੀ ਜ਼ਮੀਨ ਅਤੇ ਦਲਿਤਾਂ ਦੇ ਹੱਕਾਂ ਦਾ ਸਵਾਲ



**ਸੁੱਚਾ ਰਾਮ ਲੱਧੜ**

**ਮੋ. : 94175-00610**

ਇਕ ਸਰਵੇ ਮੁਤਾਬਕ ਪੰਜਾਬ ਵਿਚ ਡੇਢ ਲੱਖ ਪੰਚਾਇਤਾਂ ਕੋਲ ਵਾਹੀਯੋਗ ਜ਼ਮੀਨ ਹੈ। ਸੰਨ 1994 ਦੇ ਐਕਟ ਮੁਤਾਬਕ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਹਰ ਪਿੰਡ ਦੀ ਵਾਹੀਯੋਗ ਜ਼ਮੀਨ ਦਾ ਇਕ ਤਿਹਾਈ ਹਿੱਸਾ ਹਰ ਸਾਲ ਦੇਣਾ ਲਾਜ਼ਮੀ ਹੈ। ਕਿਉਂਕਿ ਹਕੀਕਤ ਵਿਚ ਇਸ ਐਕਟ ਦੀ ਪਾਲਣਾ ਨਹੀਂ ਸੀ ਹੋ ਰਹੀ, ਸੋ ਸੰਗਰੂਰ ਜ਼ਿਲੇ ਦੇ ਕੁਝ ਪਿੰਡਾਂ ਵਿਚ ਆਪਣੇ ਹੱਕਾਂ ਲਈ ਦਲਿਤਾਂ ਵੱਲੋਂ ਸੰਘਰਸ਼ ਵਿੱਢਿਆ ਗਿਆ। ਕੁਝ ਲੜਾਈ-ਝਗੜੇ ਵੀ ਹੋਏ ਅਤੇ ਪਰਚੇ-ਖਰਚੇ ਵੀ ਹੋਏ। ਲੋਕੀਂ ਫੱਟੜ ਵੀ ਹੋਏ ਤੇ ਜੇਲ ਵੀ ਗਏ। ਪੰਜਾਬ ਸਰਕਾਰ ਨੇ ਪੀੜਤ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਮਨਸ਼ਾ ਨਾਲ 17 ਫਰਵਰੀ 2017 ਨੂੰ ਦਲਿਤਾਂ ਦੇ ਕਾਨੂੰਨੀ ਹੱਕ ਦੇਣ ਲਈ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ। ਇਨਾਂ ਹਦਾਇਤਾਂ ਦਾ ਅਸਰ ਵੀ ਹੋਇਆ ਤੇ ਪਿਛਲੇ ਪੰਜ ਸਾਲ ਅਮਨ-ਅਮਾਨ ਨਾਲ ਗੁਜ਼ਰੇ। ਜੇਕਰ ਪਿਛੋਕੜ 'ਤੇ ਝਾਤ ਮਾਰੀ ਜਾਵੇ ਤਾਂ ਦਲਿਤ ਅੱਜ ਵੀ ਸਾਂਝੀਵਾਲਤਾ ਦੀ ਕਹੀ ਜਾਣ ਵਾਲੀ ਧਰਤੀ 'ਤੇ ਜਾਤ-ਪਾਤ, ਜ਼ੋਰ-ਜ਼ੁਲਮ, ਅਨਿਆਂ ਅਤੇ ਨਾ-ਬਰਾਬਰੀ ਦਾ ਸ਼ਿਕਾਰ ਹਨ। ਜਦੋਂ ਜ਼ੁਲਮ ਕਰਨ ਵਾਲਿਆਂ ਨੂੰ ਸਰਕਾਰ ਦੀ ਸ਼ਹਿ ਹੋਵੇ ਤਾਂ ਜ਼ੁਲਮ ਅਕਹਿ ਅਤੇ ਅਸਹਿ ਹੋ ਜਾਂਦਾ ਹੈ। ਫਿਰ ਸੁਣਵਾਈ ਕਿਧਰੇ ਨਹੀਂ ਹੁੰਦੀ।

ਇਹੀ ਹਾਲ ਪੰਜਾਬ ਦਾ ਹੋ ਰਿਹਾ ਹੈ। ਸਰਕਾਰ ਬਦਲਣ ਨਾਲ ਸਿਰਫ਼ ਚਿਹਰੇ ਬਦਲਦੇ ਹਨ, ਦਲਿਤਾਂ ਦੀ ਹੋਣੀ ਨਹੀਂ ਬਦਲਦੀ। ਸਦੀਆਂ ਤੋਂ ਪੰਜਾਬ ਦਾ ਦਲਿਤ ਸਮਾਜਿਕ ਅਤੇ ਆਰਥਿਕ ਮਾਰ ਦਾ ਸ਼ਿਕਾਰ ਰਿਹਾ ਹੈ। ਸੰਨ 1900 ਵਿਚ ਪੰਜਾਬ ਲੈਂਡ ਐਲੀਨੇਸ਼ਨ ਐਕਟ ਪਾਸ ਹੋਇਆ ਸੀ ਜਿਸ ਤਹਿਤ ਜੋ ਖੇਤੀਬਾੜੀ ਕਬੀਲੇ ਨਹੀਂ ਸਨ, ਨੂੰ ਜ਼ਮੀਨ ਖ਼ਰੀਦਣ 'ਤੇ ਪਾਬੰਦੀ ਲਾ ਦਿੱਤੀ ਗਈ। ਦਲਿਤਾਂ ਦੀ ਰੋਜ਼ੀ-ਰੋਟੀ ਪਿੰਡਾਂ ਵਿਚ ਕਿਸਾਨ ਨਾਲ ਕੰਮ ਕਰਨਾ ਸੀ ਅਤੇ ਉਹ ਖੇਤੀਬਾੜੀ ਨਾਲ ਜੁੜੇ ਧੰਦਿਆਂ ਤੋਂ ਆਪਣਾ ਪੇਟ ਪਾਲਦਾ ਸੀ ਪਰ ਅਨਪੜਤਾ ਅਤੇ ਸੰਗਠਿਤ ਨਾ ਹੋਣ ਕਾਰਨ ਆਪਣੇ ਹਿੱਤਾਂ ਦੀ ਰਾਖੀ ਨਾ ਕਰ ਸਕਿਆ। ਪੂਰੇ ਭਾਰਤ ਵਿਚ ਪੰਜਾਬ (ਹਿਮਾਚਲ, ਹਰਿਆਣਾ, ਪੂਰਬੀ ਤੇ ਪੱਛਮੀ ਪਾਕਿਸਤਾਨ) ਹੀ ਅਜਿਹਾ ਸੂਬਾ ਸੀ ਜਿੱਥੇ ਦਲਿਤ ਜ਼ਮੀਨ ਨਹੀਂ ਸੀ ਖ਼ਰੀਦ ਸਕਦਾ। ਸਦੀਆਂ ਦੇ ਅਨਿਆਂ ਨੇ ਦਲਿਤ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਨਾਂ ਵਿਚ ਸਾਧਨ ਹੀਣਤਾ ਅਤੇ ਆਰਥਿਕ ਕਮਜ਼ੋਰੀ ਦੇ ਨਾਲ-ਨਾਲ ਛੂਆ-ਛਾਤ ਨੇ ਉਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ। ਜਾਤ-ਪਾਤ ਦੀ ਬੁਰਾਈ ਨੇ ਤਰੱਕੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਪੰਜਾਬ ਦੀ 35% ਦਲਿਤ ਵਸੋਂ ਕੋਲ ਸਿਰਫ਼ 3.2% ਜ਼ਮੀਨ ਹੈ। ਪੂਰੇ ਭਾਰਤ ਵਿਚ ਇਹ ਅੰਕੜਾ 8.6% ਹੈ। ਜਦਕਿ 61000 ਤੋਂ ਉੱਪਰ ਪੰਜਾਬ ਦੇ ਕਿਸਾਨਾਂ ਕੋਲ ਲੈਂਡ ਸੀਲਿੰਗ (17.5 ਸਟੈਂਡਰਡ ਏਕੜ ਅਤੇ 52 ਬੈਰਨ ਏਕੜ) ਤੋਂ ਉੱਪਰ ਜ਼ਮੀਨ ਉਪਲਬਧ ਹੈ। ਉਂਜ ਹੁਣ ਸਿੰਚਾਈ ਸਾਧਨਾਂ ਕਾਰਨ ਪੰਜਾਬ ਵਿਚ ਕੋਈ ਵੀ ਬੈਰਨ ਲੈਂਡ ਨਹੀਂ ਰਹੀ। ਇਸ ਲਈ ਦੁਬਾਰਾ ਲੈਂਡ ਸੀਲਿੰਗ ਐਕਟ ਅਤੇ ਸਰਵੇ ਦੀ ਲੋੜ ਹੈ। ਪੰਜਾਬ ਵਿਚ ਪੰਚਾਇਤੀ ਰਾਜ ਐਕਟ ਦੀ ਪਰਵਾਹ ਕੋਈ ਨਹੀਂ ਕਰਦਾ। ਜਦੋਂ ਅਫ਼ਸਰ ਅਤੇ ਸਿਆਸੀ ਲੋਕ ਖ਼ੁਦ ਜ਼ਮੀਨਾਂ 'ਤੇ ਕਬਜ਼ੇ ਕਰਨ ਲੱਗ ਪੈਣ ਤਾਂ ਕਮਜ਼ੋਰ ਦਲਿਤਾਂ ਦੀ ਗੱਲ ਕੌਣ ਸੁਣੇਗਾ। (ਇਹ ਸੱਚਾਈ ਤੱਥਾਂ ਸਮੇਤ ਚੰਦਰ ਸ਼ੇਅਰ ਕਮੇਟੀ ਨੇ ਹਾਈ ਕੋਰਟ ਨੂੰ ਦਿੱਤੀ ਹੈ)। ਪੰਚਾਇਤ ਮਹਿਕਮੇ ਦੀ ਅਹਿਮੀਅਤ ਇਸ ਗੱਲ ਤੋਂ ਵੀ ਲਾਈ ਜਾ ਸਕਦੀ ਹੈ ਕਿ ਅੱਜ ਤਕ ਇਕ ਵੀ ਦਲਿਤ ਇਸ ਮਹਿਕਮੇ ਦਾ ਮੰਤਰੀ ਨਹੀਂ ਲੱਗ ਸਕਿਆ। ਦਲਿਤਾਂ ਨੂੰ ਪੰਚਾਇਤੀ ਜ਼ਮੀਨ ਦਾ ਬਣਦਾ ਹਿੱਸਾ ਨਾ ਮਿਲਣ ਦੇ ਕਈ ਕਾਰਨ ਹਨ : ਪਹਿਲਾ ਕਾਰਨ ਹੈ ਕਿ ਬੇਜ਼ਮੀਨੇ ਹੋਣ ਕਾਰਨ ਖੇਤੀਬਾੜੀ ਉਨਾਂ ਦਾ ਪੁਸ਼ਤੈਨੀ ਧੰਦਾ ਨਹੀਂ ਹੈ। ਖ਼ਾਸ ਕਰਕੇ ਹਰੇ ਇਨਕਲਾਬ ਤੋਂ ਬਾਅਦ ਦਲਿਤਾਂ ਨੂੰ ਠੇਕੇ 'ਤੇ ਜਾਂ ਬਟਾਈ 'ਤੇ ਵੀ ਜ਼ਮੀਨ ਵਾਹੁਣ ਲਈ ਨਹੀਂ ਮਿਲਦੀ।

ਇਸ ਲਈ ਟਰੈਕਟਰ ਆਦਿ ਸੰਦਾਂ ਲਈ ਉਨਾਂ ਕੋਲ ਸਰਮਾਇਆ ਨਹੀਂ ਹੈ। ਇਕ ਸਾਲ ਲਈ ਪੰਚਾਇਤ ਦੀ ਜ਼ਮੀਨ ਮਿਲ ਵੀ ਜਾਵੇ ਤਾਂ ਅਗਲੇ ਸਾਲ ਦਾ ਭਰੋਸਾ ਨਹੀਂ ਕਿ ਜ਼ਮੀਨ ਮਿਲੇਗੀ ਵੀ ਕਿ ਨਹੀਂ। ਦੂਸਰਾ ਕਾਰਨ ਹੈ ਕਿ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਦੀ ਬੋਲੀ ਦਲਿਤ ਨੂੰ ਮੂਹਰੇ ਰੱਖ ਕੇ ਕੋਈ ਗ਼ੈਰ-ਦਲਿਤ ਦੇ ਰਿਹਾ ਹੁੰਦਾ ਹੈ। ਪੈਸੇ ਗ਼ੈਰ-ਦਲਿਤ ਦਿੰਦੇ ਹਨ ਪਰ ਬੋਲੀ ਦਲਿਤ ਦੇ ਨਾਂ 'ਤੇ ਟੁੱਟਦੀ ਹੈ। ਸਿਰਫ਼ ਕਾਗਜ਼ੀ ਕਾਰਵਾਈ ਹੁੰਦੀ ਹੈ। ਤੀਸਰਾ ਅਹਿਮ ਕਾਰਨ ਹਉਮੈ ਦਾ ਹੈ, ਪਿੰਡਾਂ ਵਿਚ ਜਿੱਥੇ ਗੁਰਦੁਆਰੇ ਜਾਤ ਆਧਾਰਤ ਹਨ, ਸ਼ਮਸ਼ਾਨਘਾਟ ਵੱਖਰੇ ਹਨ , ਰਿਹਾਇਸ਼ੀ ਮੁਹੱਲੇ ਵੱਖਰੇ ਹਨ, ਉੱਥੇ ਦਲਿਤ ਜ਼ਮੀਨ ਵਾਹ ਕੇ ਉੱਚ ਜਾਤੀਆਂ ਦੀ ਬਰਾਬਰੀ ਕਰਨ, ਇਹ ਗੱਲ ਪਿੰਡਾਂ ਦੇ ਕਈ ਅਖੌਤੀ ਜਾਤ ਅਭਿਮਾਨੀ ਲੋਕਾਂ ਨੂੰ ਹਜ਼ਮ ਨਹੀਂ ਹੁੰਦੀ। ਇਹ ਸੱਚਾਈ ਭਾਵੇਂ ਇੱਕੀਵੀਂ ਸਦੀ ਦੇ ਪੰਜਾਬ ਵਿਚ ਪੜ੍ਹੇ-ਲਿਖੇ ਲੋਕਾਂ ਨੂੰ ਅਜੀਬ ਲੱਗੇ ਪਰ ਹੈ ਤਲਖ਼ ਹਕੀਕਤ। ਨਹੀਂ ਤਾਂ ਸੰਗਰੂਰ ਜ਼ਿਲੇ ਦੇ ਪਿੰਡਾਂ ਵਿਚ ਲੜਾਈ ਕਿਉਂ ਹੁੰਦੀ, ਜੋ ਹੱਕ ਕਾਨੂੰਨ ਦਿੰਦਾ ਹੈ ਉਸ ਨੂੰ ਪ੍ਰਾਪਤ ਕਰਨ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀਆਂ ਕਿਉਂ ਬਣਦੀਆਂ? ਦਲਿਤ ਸਿਰਫ਼ ਵੋਟ ਬੈਂਕ ਹਨ। ਚੋਣਾਂ ਮੌਕੇ ਉਨਾਂ ਨੂੰ ਅਸਮਾਨੀ ਵਾਅਦੇ ਕੀਤੇ ਜਾਂਦੇ ਹਨ। ਅਗਲੀ ਸਰਕਾਰ ਦੇ ਸਹੁੰ ਚੁੱਕਣ ਤੋਂ ਪਹਿਲਾਂ ਨਾ ਸਿਰਫ਼ ਇਹ ਵਾਅਦੇ ਭੁਲਾ ਦਿੱਤੇ ਜਾਂਦੇ ਹਨ ਬਲਕਿ ਪਹਿਲਾਂ ਦਿੱਤੇ ਲਾਭ ਵੀ ਵਾਪਸ ਲੈ ਲਏ ਜਾਂਦੇ ਹਨ। ਸਮਾਜਿਕ ਤੌਰ 'ਤੇ ਪੱਛੜੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੀ ਸਰਕਾਰ ਨੇ ਧਿਰ ਬਣ ਕੇ ਉਸ ਦੇ ਹੱਕਾਂ ਦੀ ਰੱਖਿਆ ਕਰਨੀ ਹੁੰਦੀ ਹੈ ਪਰ ਸਰਕਾਰ ਖ਼ੁਦ ਹੀ ਮਤਰੇਆ ਸਲੂਕ ਕਰਨਾ ਸ਼ੁਰੂ ਕਰ ਦੇਵੇ ਤਾਂ ਕੀ ਕੀਤਾ ਜਾਵੇ। ਦਲਿਤਾਂ ਦੇ ਹੱਕਾਂ ਦੀ ਰਾਖੀ ਲਈ 21 ਫਰਵਰੀ 2017 ਨੂੰ ਮਹਿਕਮੇ ਨੇ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ ਤਾਂ ਜੋ ਐਕਟ ਦਾ ਸਹੀ ਲਾਭ ਦਲਿਤਾਂ ਨੂੰ ਮਿਲ ਸਕੇ : ਪਹਿਲੀ ਹਦਾਇਤ ਇਹ ਸੀ ਕਿ ਇਕ ਤਿਹਾਈ ਪੰਚਾਇਤੀ ਜ਼ਮੀਨ ਦੀ ਬੋਲੀ ਅਲੱਗ ਸਥਾਨ, ਸਮੇਂ ਅਤੇ ਮਿਤੀ 'ਤੇ ਹੋਵੇਗੀ। ਦੂਸਰਾ-ਉਸ ਬੋਲੀ ਦੌਰਾਨ ਕੋਈ ਗ਼ੈਰ-ਦਲਿਤ ਹਾਜ਼ਰ ਨਹੀਂ ਹੋਵੇਗਾ। ਤੀਸਰਾ-ਉਸ ਬੋਲੀ ਵਿਚ ਉਹ ਦਲਿਤ ਵਿਅਕਤੀ ਜੋ ਕਿਸੇ ਜ਼ਿਮੀਂਦਾਰ ਨਾਲ ਸੀਰੀ ਦਾ ਕੰਮ ਕਰਦਾ ਹੈ, ਬੋਲੀ ਨਹੀਂ ਦੇ ਸਕਦਾ।

ਚੌਥਾ-ਦਲਿਤ ਪਰਿਵਾਰ ਨੂੰ ਬੋਲੀ ਇਕ ਸਾਲ ਦੀ ਬਜਾਏ ਤਿੰਨ ਸਾਲ ਲਈ ਦਿੱਤੀ ਜਾ ਸਕਦੀ ਹੈ। ਪੰਜਵਾਂ-ਬੇਨਾਮੀ ਬੋਲੀ ਜੇਕਰ ਕਿਸੇ ਗ਼ੈਰ ਦਲਿਤ ਵੱਲੋਂ ਦਿੱਤੀ ਸਾਬਿਤ ਹੁੰਦੀ ਹੈ ਤਾਂ ਅਜਿਹੀ ਬੋਲੀ ਰੱਦ ਸਮਝੀ ਜਾਵੇਗੀ। ਬੋਲੀ ਦੀ ਰਕਮ ਜ਼ਬਤ ਕਰ ਲਈ ਜਾਵੇਗੀ। ਫ਼ਸਲ ਵੀ ਜ਼ਬਤ ਕੀਤੀ ਜਾਵੇਗੀ ਅਤੇ ਬੋਲੀ ਦੇਣ ਵਾਲੇ ਤੇ ਜ਼ਿੰਮੇਵਾਰ ਗ਼ੈਰ-ਦਲਿਤ 'ਤੇ ਪੰਜ ਸਾਲ ਲਈ ਪਾਬੰਦੀ ਲਾਈ ਜਾਵੇਗੀ। ਇਸ ਤਰਾਂ ਦੇ ਕੇਸਾਂ ਦੀ ਪੜਤਾਲ ਕੁਲੈਕਟਰ ਦੀ ਅਗਵਾਈ ਹੇਠ ਬਣੀ ਇਕ ਬਹੁ-ਮੈਂਬਰੀ ਕਮੇਟੀ ਕਰੇਗੀ। ਦਲਿਤਾਂ ਦੇ ਹੱਕਾਂ ਦੀ ਰਾਖੀ ਲਈ ਜ਼ਿਲਾ ਪੱਧਰ ਦਾ ਇਕ ਸੰਗਠਨ ਡੀਡੀਪੀਓ ਦੀ ਅਗਵਾਈ ਹੇਠ ਬਣਨਾ ਲਾਜ਼ਮੀ ਕੀਤਾ ਗਿਆ। ਇਨਾਂ ਹਦਾਇਤਾਂ ਦਾ ਇਸ਼ਤਿਹਾਰ ਵਿਚ ਛਪਣਾ ਵੀ ਲਾਜ਼ਮੀ ਕਰ ਦਿੱਤਾ ਗਿਆ ਤਾਂ ਜੋ ਆਮ ਜਨਤਾ ਨੂੰ ਕੋਈ ਸ਼ੱਕ ਨਾ ਰਹੇ। ਕੀ ਪਹਿਲੀ ਸਰਕਾਰ ਜ਼ਿੰਮੇਵਾਰ ਹੈ ਜਾਂ ਅਫ਼ਸਰਸ਼ਾਹੀ? ਇਹ ਵੇਖਣਾ ਹੋਵੇਗਾ। ਦਲਿਤ ਸਿਆਸੀ ਲੋਕਾਂ 'ਚ ਆਪਣੇ ਵਰਗ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੀ ਭਾਵਨਾ ਨਜ਼ਰ ਨਹੀਂ ਆ ਰਹੀ। ਸ਼ਾਇਦ ਉਹ ਨਿੱਜੀ ਹਿੱਤਾਂ ਨੂੰ ਤਰਜੀਹ ਦਿੰਦੇ ਹਨ ਤੇ ਚੁੱਪ ਹਨ। ਬਾਬਾ ਸਾਹਿਬ ਅੰਬੇਡਕਰ ਦੇ ਸ਼ਬਦ ਕਿਸੇ ਪੈਗੰਬਰ ਤੋਂ ਘੱਟ ਨਹੀਂ ਜਾਪਦੇ, 'ਸੰਵਿਧਾਨ ਜਿੰਨਾ ਮਰਜ਼ੀ ਚੰਗਾ ਹੋਵੇ ਜੇ ਲਾਗੂ ਕਰਨ ਵਾਲੇ ਲੋਕ ਚੰਗੇ ਨਾ ਹੋਏ ਤਾਂ ਚੰਗਾ ਸੰਵਿਧਾਨ ਵੀ ਮਾੜਾ ਸਾਬਿਤ ਹੋਵੇਗਾ...।'




# ਬੱਚਿਆਂ ਨੂੰ ਅਨੁਸ਼ਾਸਿਤ ਕਰਨਾ

**ਸਰਬਜੀਤ ਕੌਰ ਸਰਬ**

ਜਦੋਂ ਤੁਹਾਡੇ ਘਰ ਵਿਚ ਵਧੀਆ ਅਨੁਸ਼ਾਸਨ ਹੁੰਦਾ ਤਿਆ ਹੈ ਬੱਚਿਆਂ ਦਾ ਵਿਵਹਾਰ ਲਗਭਗ ਆਪਣੇ ਆਪ ਸੁਧਾਰ ਹੁੰਦਾ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਅਨੁਸ਼ਾਸਿਤ ਕਰਨਾ ਸਿੱਖਣਾ ਚਾਹੀਦਾ ਹੈ ਤਾਂ ਜੋ ਘਰ ਵਿੱਚ ਅਤੇ ਇਸ ਤੋਂ ਬਾਹਰ ਵੀ ਸਭ ਕੁਝ ਸਹੀ ਢੰਗ ਨਾਲ ਕੰਮ ਕਰੇ।

ਮਾਪੇ ਆਪਣੇ ਬੱਚਿਆਂ ਨਾਲ ਖੁਸ਼ ਰਹਿਣਾ, ਸਤਿਕਾਰ ਕਰਨਾ ਅਤੇ ਦੂਜਿਆਂ ਦੁਆਰਾ ਸਤਿਕਾਰ ਦੇਣਾ ਚਾਹੁੰਦੇ ਹਨ । ਸਿਰਫ ਇਸ ਤਰੀਕੇ ਨਾਲ ਉਹ ਵਿਸ਼ਵ ਵਿੱਚ ਆਪਣੀ ਜਗਾ ਸਫਲਤਾਪੂਰਵਕ ਪ੍ਰਾਪਤ ਕਰਨ ਦੇ ਯੋਗ ਹੋਣਗੇ।

ਪਰ ਕੋਈ ਵੀ ਬੱਚਾ ਆਪਣੀ ਬਾਂਹ ਦੇ ਹੇਠਾਂ



ਨਿਰਦੇਸ਼ਾਂ ਨਾਲ ਸੰਸਾਰ ਵਿੱਚ ਨਹੀਂ ਆਉਂਦਾ ਅਤੇ ਕਈ ਵਾਰ ਮਾਪਿਆਂ ਨੂੰ ਇਹ ਸਮਝਣਾ ਮੁਸ਼ਕਲ ਹੁੰਦਾ ਹੈ ਕਿ ਉਨਾਂ ਨੂੰ ਕਿਵੇਂ ਵਿਵਹਾਰ ਕਰਨਾ ਹੈ ਜਾਂ ਉਨਾਂ ਨੂੰ ਕੀ ਕਰਨਾ ਚਾਹੀਦਾ ਹੈ ਤਾਂ ਜੋ ਉਨਾਂ ਦੇ ਬੱਚੇ ਚੰਗੀ ਤਰਾਂ ਅਨੁਸ਼ਾਸਤ ਬੱਚੇ ਹੋ ਸਕਣ। ਬੱਚਿਆਂ ਲਈ ਚੰਗਾ ਵਿਵਹਾਰ ਕਰਨ ਲਈ, ਉਨਾਂ ਨੂੰ ਤੁਹਾਡੇ ਤੋਂ ਪਿਆਰ ਅਤੇ ਪਿਆਰ, ਸਤਿਕਾਰ ਅਤੇ ਬਹੁਤ ਸਾਰੇ ਸਬਰ ਦੀ ਜ਼ਰੂਰਤ ਹੋਏਗੀ, ਪਰ ਇਹ ਵੀ ਕਿ ਤੁਸੀਂ ਅਨੁਸ਼ਾਸਨ ਦੀਆਂ ਸਭ ਤੋਂ ਪ੍ਰਭਾਵਸ਼ਾਲੀ ਤਕਨੀਕਾਂ ਦੀ ਵਰਤੋਂ ਕਰਦੇ ਹੋ ਅਤੇ ਇਹ ਵੀ ਤੁਸੀਂ ਜਾਣਦੇ ਹੋ, ਮਦਦ ਲਈ ਕਿਸੇ ਪੇਸ਼ੇਵਰ ਨੂੰ ਪੁੱਛਣ ਦਾ ਸਮਾਂ ਕਦੋਂ ਹੁੰਦਾ ਹੈ ?

**ਘਰ ਵਿਚ ਅਨੁਸ਼ਾਸਨ**

ਜਦੋਂ ਅਨੁਸ਼ਾਸਨ ਦੀ ਗੱਲ ਆਉਂਦੀ ਹੈ, ਤਾਂ ਅਸੀਂ ਕਹਿ ਸਕਦੇਂ ਹੈ ਕਿ ਇਹ ਬੱਚਿਆਂ ਨੂੰ ਸਿਖਾਉਣ ਦੀ ਪ੍ਰਕਿਰਿਆ ਹੈ ਤਾਂ ਜੋ ਉਹ ਸਿੱਖ ਸਕਣ ਕਿ ਕਿਹੜਾ ਵਿਵਹਾਰ ਉਚਿਤ ਹੈ ਅਤੇ ਕਿਹੜਾ ਨਹੀਂ ਉਹ ਸਮਝਣ ਲੱਗ ਪੈਂਦੇ ਹਨ ਕਿ ਕੀ ਸਹੀ ਹੈ ਅਤੇ ਕੀ ਗ਼ਲਤ। ਮੂਲ ਰੂਪ ਵਿੱਚ, ਅਨੁਸ਼ਾਸਨ ਬੱਚਿਆਂ ਦੇ ਪਾਲਣਾ ਕਰਨ ਲਈ ਨਿਯਮਾਂ ਅਤੇ ਸੀਮਾਵਾਂ ਸਥਾਪਤ ਕਰਨ ’ਤੇ ਅਧਾਰਿਤ ਹੈ, ਕਿਉਂਕਿ ਇਸ ਤਰੀਕੇ ਨਾਲ ਉਹ ਸੁਰੱਖਿਅਤ ਮਹਿਸੂਸ ਕਰਨਗੇ ਅਤੇ ਇਹ ਵੀ, ਉਹ ਜਾਣਦੇ ਹੋਣਗੇ ਕਿ ਉਨਾਂ ਤੋਂ ਹਰ ਸਮੇਂ ਕੀ ਉਮੀਦ ਕੀਤੀ ਜਾਂਦੀ ਹੈ।

ਸਾਰੇ ਮਾਪੇ ਆਪਣੇ ਬੱਚਿਆਂ ਨੂੰ ਦਿੱਤੀ ਸਿੱਖਿਆ ਤੋਂ ਨਿਰਾਸ਼ਾ ਮਹਿਸੂਸ ਕਰ ਸਕਦੇ ਹਨ, ਇਹ ਸਧਾਰਣ ਗੱਲ ਹੈ।ਇਹੀ ਕਾਰਨ ਹੈ ਕਿ ਬੱਚਿਆਂ ਨੂੰ ਇਸ ਢੰਗ ਨਾਲ ਸਿਖਿਅਤ ਕਰਨਾ ਮਹੱਤਵਪੂਰਨ ਹੁੰਦਾ ਜਾ ਰਿਹਾ ਹੈ।

ਸਾਰੇ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਨੂੰ ਸਵੈ-ਨਿਰਭਰ ਬਣਨ, ਦੂਸਰਿਆਂ ਦਾ ਆਦਰ ਕਰਨ ਅਤੇ ਆਪਣੇ ਆਪ ਦਾ ਸਤਿਕਾਰ ਕਰਨ, ਚੰਗੀ ਸਵੈ-ਨਿਯੰਤਰਣ ਰੱਖਣ ਅਤੇ ਉਨਾਂ ਦੀਆਂ ਆਪਣੀਆਂ ਭਾਵਨਾਵਾਂ ਅਤੇ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਲਈ ਮਾਰਗ ਦਰਸ਼ਨ ਕਰਨ। ਅਜੋਕਾ ਯੁੱਗ ਚੁਣੌਤੀ ਯੁੱਗ ਹੈ ਜਿਸ ਵਿਚ ਬੱਚਿਆਂ ਨੂੰ ਜੇਕਰ ਅਸੀਂ ਮੁੱਢ ਤੋਂ ਹੀ ਚੰਗੀ ਤਰਾਂ ਅਨੁਸ਼ਾਸਿਤ ਰਹਿਣ ਦੀ ਸਿੱਖਿਆ ਦਿੰਦੇ ਹਾਂ ਤਾਂ ਹੀ ਸਮਾਜ ਵਿੱਚ ਆਪਣਾ ਨਾਮ ਕਮਾ ਸਕਦੇ ਹਨ।

ਜਦੋਂ ਬੱਚਿਆਂ ਨੂੰ ਅਨੁਸ਼ਾਸਿਤ ਕੀਤਾ ਜਾਂਦਾ ਹੈ ਤਾਂ ਉਨਾਂ ਦੇ ਸੁਭਾਅ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਉਨਾਂ ਦੀ ਸਮਝ ਦੀ ਸਮਰੱਥਾ ਅਤੇ ਵੱਧ ਤੋਂ ਵੱਧ ਸਤਿਕਾਰ ਜੋ ਤੁਹਾਨੂੰ ਉਨਾਂ ਦੇ ਵਿਅਕਤੀ ਪ੍ਰਤੀ ਹੋਣਾ ਚਾਹੀਦਾ ਹੈ। ਬੱਚਿਆਂ ਨੂੰ ਚੰਗੇ ਨਿਯਮਾਂ ਦੀ ਜਾਣਕਾਰੀ ਦੇਣ ਲਈ ਪਹਿਲਾਂ ਆਪਣੇ ਆਪ ਨੂੰ ਆਦਰ ਕਰਨਾ ਸਿਖਾਉਣਾ ਚਾਹੀਦਾ ਹੈ। ਜੇਕਰ ਬੱਚਾ ਆਪਣੇ ਆਪ ਨਾਲ ਪਿਆਰ ਕਰਦਾ ਤਦ ਹੀ ਉਹ ਸਮਾਜ ਨੂੰ ਸਮਝਣ ਅਤੇ ਉਸ ਨਾਲ ਪਿਆਰ ਕਰੇਗਾ।

ਅਨੁਸ਼ਾਸਿਤ ਜੀਵਨ ਹੀ ਬੱਚੇ ਨੂੰ ਜਿਊਣ ਦੀ ਕਲਾ ਸਿਖਾਉਂਦਾ ਹੈ। ਚੰਗਾ ਅਨੁਸ਼ਾਸਨ ਕਦੇ ਵੀ ਸਰੀਰਕ ਜਾਂ ਮਨੋਵਿਗਿਆਨਕ ਸਜ਼ਾ ਨੂੰ ਸਵੀਕਾਰ ਨਹੀਂ ਕਰੇਗਾ, ਕਿਉਂਕਿ ਇਹ ਦੁਰਵਿਵਹਾਰ ਹੋਵੇਗਾ। ਤੁਸੀਂ ਕਿਸੇ ਵੀ ਕਿਸਮ ਦੀ ਹਿੰਸਾ ਤੋਂ ਬਗੈਰ ਸਿਖਿਅਤ ਕਰ ਸਕਦੇ ਹੋ ਅਤੇ ਇਸ ਨੂੰ ਸਹੀ ਤਰੀਕੇ ਨਾਲ ਕਰਨਾ ਬਹੁਤ ਪ੍ਰਭਾਵਸ਼ਾਲੀ ਹੈ।

## ਬਾਲ - ਕਹਾਣੀ

### ਲਾਲਚੀ ਗੋਪਾਲ



ਇੱਕ ਵਾਰ ਦੀ ਗੱਲ ਹੈ ਇੱਕ ਸ਼ਹਿਰ ਵਿੱਚ ਗੋਪਾਲ ਨਾਂ ਦਾ ਆਦਮੀ ਰਹਿੰਦਾ ਸੀ। ਉਹ ਬਹੁਤ ਲਾਲਚੀ ਸੀ। ਉਹ ਮੁਰਗੀਆਂ ਵੇਚਣ ਦਾ ਕੰਮ ਕਰਦਾ ਸੀ। ਉਹ ਸਾਰਿਆਂ ਨਾਲ ਲੜਾਈ-ਝਗੜਾ ਕਰਦਾ ਅਤੇ ਦੂਜਿਆਂ ਨੂੰ ਤੰਗ-ਪ੍ਰੇਸ਼ਾਨ ਵੀ ਕਰਦਾ ਰਹਿੰਦਾ। ਇੱਕ ਦਿਨ ਉਹ ਆਪਣੇ ਘਰ ਨੂੰ ਜਾ ਰਿਹਾ ਸੀ। ਫਿਰ ਉਸਨੂੰ ਇੱਕ ਦੁਕਾਨ ਦਿਖਾਈ ਦਿੱਤੀ।ਉਸ ਵਿੱਚ ਦਸ ਮੁਰਗੀਆਂ ਸਨ। ਉਸਨੇ ਸੋਚਿਆ ਕਿਉਂ ਨਾ ਮੈਂ ਇੱਕ ਮੁਰਗੀ ਦੀ ਚੋਰੀ ਕਰ ਲਵਾਂ। ਉਸ ਨੇ ਇੱਕ ਮੁਰਗੀ ਚੁਰਾ ਲਈ ਅਤੇ ਆਪਣੀ ਦੁਕਾਨ ’ਤੇ ਲੈ ਗਿਆ। ਉਸ ਨੇ ਸੋਚਿਆ ਕਿ ਹੁਣ ਮੈਂ ਹਰ ਰੋਜ਼ ਰਾਤ ਨੂੰ ਮੁਰਗੀਆਂ ਚੁਰਾ ਲਿਆ ਕਰਾਂਗਾ। ਦੁਬਾਰਾ ਫਿਰ ਰਾਤ ਹੋ ਗਈ। ਉਹ ਫੇਰ ਮੁਰਗੀ ਚੁਰਾਉਣ ਲਈ ਚਲਾ ਗਿਆ। ਉਹ ਵਾਰ-ਵਾਰ ਇਸੇ ਤਰਾਂ ਲੋਕਾਂ ਦੀਆਂ ਮੁਰਗੀਆਂ ਚੁਰਾਉਂਦਾ। ਇੱਕ ਦਿਨ ਇੱਕ ਵਿਅਕਤੀ ਨੂੰ ਉਸ ’ਤੇ ਸ਼ੱਕ ਹੋ ਗਿਆ। ਜਦੋਂ ਉਸ ਦੀਆਂ ਮੁਰਗੀਆਂ ਚੋਰੀ ਹੋ ਰਹੀਆਂ ਸਨ ਤਾਂ ਉਸ ਨੂੰ ਉਸ ’ਤੇ ਸ਼ੱਕ ਹੋ ਗਿਆ। ਉਹ ਰਾਤ ਨੂੰ ਜਾਗ ਕੇ ਬੈਠ ਗਿਆ। ਜਿਵੇਂ ਹੀ ਗੋਪਾਲ ਉਸੇ ਘਰ ਮੁਰਗੀ ਚੋਰੀ ਕਰਨ ਦਵਾਰਾ ਫਿਰ ਆਇਆ ਤਾਂ ਉਸ ਨੇ ਗੋਪਾਲ ਨੂੰ ਪਕੜ ਲਿਆ ਅਤੇ ਪੁਲਿਸ ਦੇ ਹਵਾਲੇ ਕਰ ਦਿੱਤਾ।ਹੁਣ ਗੋਪਾਲ ਆਪਣੀ ਗ਼ਲਤੀ ’ਤੇ ਪਛਤਾ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਮੈਂ ਲਾਲਚ ਵਿੱਚ ਆ ਕੇ ਕਿਉਂ ਮੁਰਗੀਆਂ ਚੋਰੀ ਕੀਤੀਆਂ ?



***ਸਿੱਖਿਆ :*** ਇਸ ਕਹਾਣੀ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਨਾ ਤਾਂ ਲਾਲਚ ਕਰਨਾ ਚਾਹੀਦਾ ਅਤੇ ਨਾ ਹੀ ਕਿਸੇ ਚੀਜ਼ ਦੀ ਚੋਰੀ ਕਰਨੀ ਚਾਹੀਦੀ ਹੈ।ਬੁਰੇ ਕੰਮ ਦਾ ਬੁਰਾ ਹੀ ਨਤੀਜਾ ਹੁੰਦਾ ਹੈ।

**ਜਸਪ੍ਰੀਤ ਕੌਰ, ਜਮਾਤ : ਤੀਸਰੀ**

---

### ਪਿਆਰੀ ਗੁਟਾਰ

ਇੱਕ ਵਾਰ ਦੀ ਗੱਲ ਹੈ।ਉਦੋਂ ਪਿੰਡਾਂ ਦੇ ਘਰਾਂ ਵਿੱਚ ਰੁੱਖ ਆਮ ਹੁੰਦੇ ਸਨ। ਲੋਕਾਂ ਦੇ ਘਰ ਮਿੱਟੀ-ਗਾਰੇ, ਸ਼ਤੀਰ-ਬਾਲਿਆਂ ਆਦਿ ਨਾਲ਼ ਬਣੇ ਹੁੰਦੇ ਸੀ। ਲੋਕਾਂ ਵਿੱਚ ਸਬਰ, ਸੰਤੋਖ ਤੇ ਦਯਾ-ਭਾਵਨਾ ਵੀ ਬਹੁਤ ਸੀ। ਉਦੋਂ ਇੱਕ ਘਰ ਦੇ ਬਾਹਰ ਲੱਗੇ ਇੱਕ ਸ਼ਹਿਤੂਤ ਦੇ ਦਰੱਖਤ ’ਤੇ



ਇੱਕ ਗੁਟਾਰ ਰਹਿੰਦੀ ਸੀ। ਉਸ ਦੀ ਪਿਆਰੀ ਆਵਾਜ਼ ਹਰ ਕਿਸੇ ਨੂੰ ਚੰਗੀ ਲੱਗਦੀ। ਗੁਟਾਰ ਦੀ ਆਵਾਜ਼ ਸੁਣ ਕੇ ਬੱਚੇ ਬਹੁਤ ਖ਼ੁਸ਼ ਹੋ ਜਾਂਦੇ ਸੀ। ਇੱਕ ਵਾਰ ਉਸ ਦਰੱਖਤ ’ਤੇ ਬਹੁਤ ਸਾਰੇ ਮਿੱਠੇ-ਮਿੱਠੇ ਸ਼ਹਿਤੂਤ ਲੱਗੇ ਹੋਏ ਸਨ। ਸ਼ਹਿਤੂਤ ਖਾਣ ਲਈ ਹੋਰ ਪੰਛੀ ਵੀ ਉਸ ਰੁੱਖ ’ਤੇ ਆਉਣ ਲੱਗ ਪਏ। ਇੱਕ ਦਿਨ ਆਪਣੇ ਆਲਣੇ ਵਿੱਚ ਬੱਚਿਆਂ ਨੂੰ ਛੱਡ ਕੇ ਗੁਟਾਰ ਕਿੱਧਰੇ ਗਈ ਹੋਈ ਸੀ। ਹੋਰ ਪੰਛੀ ਮਿੱਠੇ ਸ਼ਹਿਤੂਤ ਖਾਣ ਲਈ ਉਸ ਦਰੱਖਤ ’ਤੇ ਆਏ ਹੋਏ ਸਨ। ਥੋੜੇ ਸਮੇਂ ਬਾਅਦ ਹੀ ਤੇਜ਼ ਹਨੇਰੀ ਚੱਲਣ ਲੱਗ ਪਈ। ਅਚਾਨਕ ਹਨੇਰੀ ਬਹੁਤ ਤੇਜ਼ ਹੋ ਗਈ। ਰੁੱਖ ਉੱਤੇ ਬੈਠੇ ਪੰਛੀਆਂ ਵਿੱਚ ਹਫੜਾ-ਤਫੜੀ ਮਚ ਗਈ, ਪਰ ਗੁਟਾਰ ਦਾ ਕੋਈ ਅਤਾ-ਪਤਾ ਨਹੀਂ ਸੀ। ਏਨੇ ਨੂੰ ਗੁਟਾਰ ਦਾ ਆਲਣਾ ਤੇਜ਼ ਹਨੇਰੀ ਕਰਕੇ ਹੇਠਾਂ ਡਿੱਗ ਪਿਆ। ਗੁਟਾਰ ਦੇ ਬੱਚੇ ਵੀ ਰੌਲਾ ਪਾਉਣ ਲੱਗੇ। ਉਦੋਂ ਘਰ ਦਾ ਮਾਲਿਕ ਅਚਾਨਕ ਬਾਹਰ ਨਿਕਲਿਆ। ਫਿਰ ਉਸਨੇ ਗੁਟਾਰ ਦਾ ਆਲਣਾ ਰੁੱਖ ਉੱਤੇ ਰੱਖ ਦਿੱਤਾ ਤੇ ਟਾਹਣੀਆਂ ਨਾਲ਼ ਮਜ਼ਬੂਤੀ ਨਾਲ ਬੰਨ ਦਿੱਤਾ। ਹਨੇਰੀ ਵੀ ਘਟ ਗਈ ਸੀ। ਅਚਾਨਕ ਉਸੇ ਸਮੇਂ ਗੁਟਾਰ ਵੀ ਆ ਗਈ। ਉਸ ਨੇ ਆਪਣੇ ਬੱਚਿਆਂ ਨੂੰ ਆਲਣੇ ਵਿੱਚ ਸਹੀ ਸਲਾਮਤ ਦੇਖ ਕੇ ਸੁੱਖ ਦਾ ਸਾਹ ਲਿਆ। ਪਿਆਰੇ ਬੱਚਿਓ, ਇਸ ਕਹਾਣੀ ਵਾਂਗ ਸਾਨੂੰ ਵੀ ਕੁਦਰਤ ਦੇ ਇਨਾਂ ਨਿਆਰੇ ਪਸ਼ੂ ਪੰਛੀ-ਪਰਿੰਦਿਆਂ ਪ੍ਰਤੀ ਦਯਾ-ਭਾਵਨਾ ਰੱਖਣੀ ਚਾਹੀਦੀ ਹੈ ਤੇ ਉਨਾਂ ਨੂੰ ਕਦੇ ਵੀ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ।



**ਮੈਡਮ ਰਜਨੀ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**

# ਬੱਚਿਆਂ ਦਾ ਸਿਹਤਮੰਦ ਵਿਕਾਸ



**ਹਰਜੀਤ ਕੌਰ ਕੈਲੀਫੋਰਨੀਆ**

ਬੱਚਿਆਂ ਦੇ ਸਿਹਤਮੰਦ ਵਿਕਾਸ ਵਿੱਚ ਮਾਪਿਆਂ ਦਾ ਵੱਡਮੁੱਲਾ ਯੋਗਦਾਨ ਹੁੰਦਾ ਹੈ। ਜੇਕਰ ਮਾਤਾ ਪਿਤਾ ਬੱਚਿਆਂ ਦਾ ਸਹੀ ਪਾਲਣ ਪੋਸ਼ਣ ਕਰਦੇ ਹਨ ਤਾਂ ਉਨਾਂ ਨੂੰ ਜੀਵਨ ਵਿਚ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਨਹੀਂ ਹੋਣਾ ਪੈਂਦਾ। ਬੱਚੇ ਦੇ ਜੀਵਨ ਦੇ ਸ਼ੁਰੂਆਤੀ ਸਾਲ ਉਸ ਦੀ ਸਿਹਤ ਅਤੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ। ਸਿਹਤਮੰਦ ਵਿਕਾਸ ਦਾ ਮਤਲਬ ਹੈ ਕਿ ਸਾਰੀਆਂ ਯੋਗਤਾਵਾਂ ਵਾਲੇ ਬੱਚੇ, ਜਿਨਾਂ ਵਿੱਚ ਵਿਸ਼ੇਸ਼ ਸਿਹਤ ਦੇਖ-ਰੇਖ ਦੀਆਂ ਲੋੜਾਂ ਹਨ। ਬਿਨਾਂ ਕਿਸੇ ਮਾਨਸਿਕ ਬਿਮਾਰੀ ਦੇ ਵੱਡੇ ਹੋਣ ਦੇ ਯੋਗ ਹੁੰਦੇ ਹਨ। ਜਿੱਥੇ ਉਨਾਂ ਦੀਆਂ ਸਮਾਜਿਕ, ਭਾਵਨਾਤਮਕ ਅਤੇ ਵਿਦਿਅਕ ਲੋੜਾਂ ਪੂਰੀਆਂ ਹੁੰਦੀਆਂ ਹਨ। ਇੱਕ ਸੁਰੱਖਿਅਤ ਅਤੇ ਪਿਆਰ ਭਰਿਆ ਘਰ ਹੋਣਾ ਅਤੇ ਪਰਿਵਾਰ ਨਾਲ ਸਮਾਂ ਬਿਤਾਉਣਾ-ਖੇਡਣਾ, ਗਾਉਣਾ, ਪੜਨਾ ਅਤੇ ਗੱਲ ਕਰਨਾ-ਬਹੁਤ ਮਹੱਤਵਪੂਰਨ ਹਨ। ਸਹੀ ਪੋਸ਼ਣ, ਕਸਰਤ ਅਤੇ ਨੀਂਦ ਵੀ ਇੱਕ ਵੱਡਾ ਫ਼ਰਕ ਲਿਆ ਸਕਦੀ ਹੈ।

**ਪ੍ਰਭਾਵੀ ਪਾਲਣ-ਪੋਸ਼ਣ ਦੇ ਅਭਿਆਸ**

ਪ੍ਰਭਾਵੀ ਪਾਲਣ ਪੋਸ਼ਣ ਭਾਵ ਉਨਾਂ ਨੂੰ



ਨੈਤਿਕ ਕਦਰਾਂ ਕੀਮਤਾਂ ਦੀ ਜਾਣਕਾਰੀ ਦੇਣਾ ਤਾਂ ਜੋ ਸਮਾਜ ਵਿੱਚ ਉਹ ਸਹੀ ਢੰਗ ਨਾਲ ਵਿਚਰਨ। ਜੇਕਰ ਬੱਚਿਆਂ ਨੂੰ ਨੈਤਿਕ ਸਿੱਖਿਆ ਨਾ ਦਿੱਤੀ ਜਾਵੇ ਤਾਂ ਸਮਾਜ ਵਿੱਚ ਪਾਲਣ-ਪੋਸ਼ਣ ਕਈ ਵੱਖੋ-ਵੱਖਰੇ ਰੂਪ ਲੈਂਦਾ ਹੈ। ਹਾਲਾਂਕਿ, ਕੁਝ ਸਕਾਰਾਤਮਕ ਪਾਲਣ-ਪੋਸ਼ਣ ਅਭਿਆਸ ਵਿਭਿੰਨ ਪਰਿਵਾਰਾਂ ਵਿੱਚ ਅਤੇ ਵਿਭਿੰਨ ਸੈਟਿੰਗਾਂ ਵਿੱਚ ਚੰਗੀ ਤਰਾਂ ਕੰਮ ਕਰਦੇ ਹਨ। ਬੱਚਿਆਂ ਦੀ ਚੰਗੀ ਦੇਖਭਾਲ ਬੱਚਿਆਂ ਨੂੰ ਖੁਸ਼ ਅਤੇ ਸਿਹਤਮੰਦ ਰਹਿਣ ਅਤੇ ਵਧਣ ਅਤੇ ਚੰਗੀ ਤਰਾਂ ਵਿਕਾਸ ਕਰਨ ਲਈ ਸਹਾਇਕ ਹੈ। ਇੱਕ ਤਾਜ਼ਾ ਰਿਪੋਰਟ ਵਿੱਚ ਵਿਗਿਆਨਕ ਪ੍ਰਕਾਸ਼ਨਾਂ ਵਿੱਚ ਦੇਖਿਆ ਗਿਆ ਕਿ ਕਿਵੇਂ ਬੱਚਿਆਂ ਨੂੰ ਚੰਗੀ ਸਿਹਤ ਦੇ ਨਾਲ ਉਹਨਾਂ ਵਿਚ ਨੈਤਿਕ ਕਦਰਾਂ ਕੀਮਤਾਂ ਦਾ ਵੀਕਾਸ ਹੁੰਦਾ ਹੈ। ਜਿਵੇਂ :

ਬੱਚਿਆਂ ਨੂੰ ਅਨੁਮਾਨਤ ਤਰੀਕੇ ਨਾਲ ਜਵਾਬ ਦੇਣਾ ਨਿੱਘ ਅਤੇ ਸੰਵੇਦਨਸ਼ੀਲਤਾ ਦਿਖਾ ਰਿਹਾ ਹੈ

ਰੁਟੀਨ ਅਤੇ ਘਰੇਲੂ ਨਿਯਮ ਹੋਣ

ਕਿਤਾਬਾਂ ਸਾਂਝੀਆਂ ਕਰਨਾ ਅਤੇ ਬੱਚਿਆਂ ਨਾਲ ਗੱਲਾਂ ਕਰਨਾ

ਸਿਹਤ ਅਤੇ ਸੁਰੱਖਿਆ ਦਾ ਸਮਰਥਨ ਕਰਨਾ

ਕਠੋਰਤਾ ਤੋਂ ਬਿਨਾਂ ਢੁਕਵੇਂ ਅਨੁਸ਼ਾਸਨ ਦੀ ਵਰਤੋਂ ਕਰਨਾ

ਜਿਹੜੇ ਮਾਪੇ ਇਨਾਂ ਅਭਿਆਸਾਂ ਦੀ ਵਰਤੋਂ ਕਰਦੇ ਹਨ ਉਹ ਆਪਣੇ ਬੱਚੇ ਨੂੰ ਸਿਹਤਮੰਦ ਰਹਿਣ, ਸੁਰੱਖਿਅਤ ਰਹਿਣ, ਅਤੇ ਬਹੁਤ ਸਾਰੇ ਖੇਤਰਾਂ ਵਿੱਚ ਸਫਲ ਹੋਣ ਵਿੱਚ ਮਦਦ ਕਰ ਸਕਦੇ ਹਨ, ਜਿਵੇਂ, ਭਾਵਨਾਤਮਕ, ਵਿਹਾਰਕ, ਬੋਧਾਤਮਕ, ਅਤੇ ਸਮਾਜਿਕ ਆਦਿ।

ਛੋਟੇ ਬੱਚਿਆਂ ਦੇ ਜੀਵਨ ਵਿੱਚ ਮਾਪੇ ਸਭ ਤੋਂ ਮਹੱਤਵਪੂਰਨ ਵਿਅਕਤੀਆਂ ਵਿੱਚੋਂ ਹੁੰਦੇ ਹਨ। ਮਾਪਿਆਂ ਵਿੱਚ ਮਾਵਾਂ ਅਤੇ ਪਿਤਾ ਦੇ ਨਾਲ-ਨਾਲ ਹੋਰ ਦੇਖਭਾਲ ਕਰਨ ਵਾਲੇ ਵੀ ਸ਼ਾਮਲ ਹੁੰਦੇ ਹਨ ਜੋ ਮਾਪਿਆਂ ਵਜੋਂ ਕੰਮ ਕਰਦੇ ਹਨ। ਜਨਮ ਤੋਂ ਹੀ, ਬੱਚੇ ਮਾਪਿਆਂ ’ਤੇ ਭਰੋਸਾ ਕਰਦੇ ਹਨ ਕਿ ਉਹ ਉਨਾਂ ਨੂੰ ਖੁਸ਼ ਅਤੇ ਸਿਹਤਮੰਦ ਰਹਿਣ, ਅਤੇ ਵਧਣ-ਫੁੱਲਣ ਅਤੇ ਵਿਕਾਸ ਕਰਨ ਲਈ ਲੋੜੀਂਦੀ ਦੇਖਭਾਲ ਪ੍ਰਦਾਨ ਕਰਦੇ ਹਨ। ਪਰ ਮਾਪਿਆਂ ਵਿੱਚ ਕਈ ਵਾਰ ਜਾਣਕਾਰੀ ਅਤੇ ਸਹਾਇਤਾ ਦੀ ਘਾਟ ਹੁੰਦੀ ਹੈ ਜਿਸ ਕਾਰਣ ਉਹ ਆਪਣੇ ਬੱਚਿਆਂ ਦੀ ਸਹੀ ਦੇਖਭਾਲ ਨਹੀਂ ਕਰਦੇ।

ਬੱਚਿਆਂ ਨੂੰ ਘਰ ਵਿਚ ਖੁਸ਼ਨੁਮਾ ਮਾਹੌਲ ਉਨਾਂ ਦੇ ਵੱਧਣ ਫੁਲਣ ਵਿਚ ਮਦਦ

# ਵੀਹਵੀਂ ਸਦੀ ਦੇ ਮਨੁੱਖੀ ਹੱਕਾਂ ਦੇ ਨਾਇਕ : ਜਸਟਿਸ ਅਜੀਤ ਸਿੰਘ ਬੈਂਸ (1922-2022)

**ਡਾ. ਗੁਰਵਿੰਦਰ ਸਿੰਘ**

ਪੰਜਾਬ ਦੀ ਧਰਤੀ 'ਤੇ ਮਨੁੱਖੀ ਅਧਿਕਾਰਾਂ ਦੇ ਘਾਣ ਖ਼ਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਵਾਲੇ ਮਹਾਨ ਯੋਧੇ, ਸੇਵਾ-ਮੁਕਤ ਜੱਜ ਸਰਦਾਰ ਅਜੀਤ ਸਿੰਘ ਬੈਂਸ 'ਲੋਕ ਨਾਇਕ' ਕਹੇ ਜਾ ਸਕਦੇ ਹਨ। ਉਨਾਂ ਆਪਣਾ ਸਾਰਾ ਜੀਵਨ ਮਨੁੱਖੀ ਹੱਕਾਂ ਦੇ ਸੰਘਰਸ਼ ਨੂੰ ਸਮਰਪਿਤ ਕੀਤਾ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਜਸਟਿਸ ਅਜੀਤ ਸਿੰਘ ਜੀ ਦੀ ਦੇਣ ਸ਼ਬਦਾਂ ਵਿੱਚ ਬਿਆਨ ਨਹੀਂ ਕੀਤੀ ਜਾ ਸਕਦੀ। ਬੈਂਸ ਸਾਹਿਬ ਨੇ ਮਨੁੱਖੀ ਹੱਕਾਂ ਲਈ ਸੌ ਸਾਲਾ ਜ਼ਿੰਦਗੀ ਸਮਰਪਿਤ ਕਰ ਦਿੱਤੀ, ਜੱਜ ਹੋਣ ਦੇ ਬਾਵਜੂਦ ਸਜ਼ਾਵਾਂ ਕੱਟੀਆਂ, ਉੱਜੜੇ ਪੰਜਾਬ ਨੂੰ ਵਸਾਉਣ ਲਈ 'ਸਰਕਾਰ ਨੂੰ ਦਹਿਸ਼ਤਗਰਦ' ਆਖਿਆ ਅਤੇ ਹਕੂਮਤ ਨਾਲ ਲੋਹਾ ਲਿਆ। ਸੌ ਸਾਲ ਦੀ ਲੰਮੀ ਉਮਰ, ਚੜਦੀ ਕਲਾ ਵਿੱਚ ਗੁਜ਼ਾਰਨ ਵਾਲੇ ਜਸਟਿਸ ਬੈਂਸ ਸਾਹਿਬ ਮਨੁੱਖੀ ਅਧਿਕਾਰਾਂ ਲਈ ਦੇਣ ਸਬੰਧੀ ਡੂੰਘਾ ਵਿਚਾਰ ਚਿੰਤਨ ਕਰਨਾ ਸਾਡਾ ਸਭਨਾਂ ਦਾ ਫ਼ਰਜ਼ ਬਣਦਾ ਹੈ। ਜਸਟਿਸ ਸਾਹਿਬ ਦੇ ਸੰਘਰਸ਼ ਨੂੰ 'ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀ ਇਕ ਪੀੜੀ ਦਾ ਸਫ਼ਰ' ਕਿਹਾ ਜਾ ਸਕਦਾ ਹੈ। ਉਨਾਂ ਦੀ ਮਨੁੱਖੀ ਅਧਿਕਾਰਾਂ ਲਈ ਦੇਣ ਸਬੰਧੀ ਅਨੇਕਾਂ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਜਸਟਿਸ ਬੈਂਸ ਸਾਹਿਬ ਦੇ ਜੀਵਨ ਸਫ਼ਰ 'ਤੇ ਪੰਛੀ ਝਾਤ ਮਾਰਦਿਆਂ ਕੁਝ ਜਾਣਕਾਰੀ ਸਾਂਝੀ ਕਰ ਰਹੇ ਹਾਂ।

ਜਨਮ, ਮਾਤਾ- ਪਿਤਾ ਅਤੇ ਭੈਣ -ਭਰਾ : ਜਸਟਿਸ ਅਜੀਤ ਸਿੰਘ ਦਾ ਜਨਮ 14 ਮਈ 1922 ਨੂੰ ਜਲੰਧਰ ਜ਼ਿਲੇ ਦੀ ਤਹਿਸੀਲ ਗੁਰਾਇਆ ਦੇ ਪਿੰਡ 'ਬੜਾ ਪਿੰਡ' ਵਿਖੇ, ਨਾਨਕਾ ਪਰਿਵਾਰ ਵਿੱਚ ਹੋਇਆ। ਉਂਜ ਆਪ ਦਾ ਜੱਦੀ ਪਿੰਡ ਮਾਹਿਲਪੁਰ, ਜ਼ਿਲਾ ਹੁਸ਼ਿਆਰਪੁਰ ਸੀ।

ਆਪ ਜੀ ਦੀ ਮਾਤਾ ਜੀ ਬੀਬੀ ਅੰਮ੍ਰਿਤ ਕੌਰ ਅਤੇ ਪਿਤਾ ਜੀ ਬਾਬੂ ਗੁਰਬਖਸ਼ ਸਿੰਘ ਬੈਂਸ ਸਨ। ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਦਿਆਂ, ਪਿਤਾ ਜੀ ਨੇ ਕਈ ਵਾਰ ਜੇਲ ਯਾਤਰਾ ਕੀਤੀ ਅਤੇ ਅਤਿਅੰਤ ਕਸ਼ਟ ਸਹਾਰੇ। ਆਪ ਜੀ ਸੱਤ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਚਾਰ ਭਰਾਵਾਂ ਅਤੇ ਤਿੰਨ ਭੈਣਾਂ ਦੇ ਵੱਡੇ ਪਰਿਵਾਰ ਵਿੱਚ ਅਜੀਤ ਸਿੰਘ ਬੈਂਸ ਹੁਰਾਂ ਨੇ ਅਣਥੱਕ ਸੇਵਾ ਕੀਤੀ, ਜਿਸ ਲਈ ਸਾਰੇ ਭੈਣ- ਭਰਾ ਸਦਾ ਆਪ ਦੇ ਸ਼ੁਕਰਗੁਜ਼ਾਰ ਰਹੇ।

ਮੁੱਢਲੀ ਵਿੱਦਿਆ : ਅਜੀਤ ਸਿੰਘ ਜੀ ਨੇ ਮੁੱਢਲੀ ਵਿੱਦਿਆ ਜੱਦੀ ਪਿੰਡ ਮਾਹਿਲਪੁਰ, ਜ਼ਿਲਾ ਹੁਸ਼ਿਆਰਪੁਰ ਤੋਂ ਹਾਸਲ ਕੀਤੀ। ਆਪਣੇ ਜੱਦੀ ਪਿੰਡ ਵਿੱਦਿਆ ਦੇ ਪਸਾਰ ਲਈ ਆਪ ਜੀ ਦੀ ਸੇਵਾ ਭਾਵਨਾ ਇਸ ਗੱਲ ਤੋਂ ਜ਼ਾਹਿਰ ਹੁੰਦੀ ਹੈ ਕਿ ਲੰਮਾ ਸਮਾਂ ਮਗਰੋਂ ਆਪ ਨੇ ਮਾਹਿਲਪੁਰ ਕਾਲਜ ਲਈ ਆਪਣੀ ਜ਼ਮੀਨ ਦਾਨ ਕਰ ਦਿੱਤੀ ਸੀ। ਉੱਚ-ਵਿੱਦਿਆ ਲਈ ਅਜੀਤ ਸਿੰਘ ਬੈਂਸ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਿਤਾ ਜੀ ਆਜ਼ਾਦੀ ਘੁਲਾਟੀਏ ਹੋਣ ਕਾਰਨ ਵਾਰ -ਵਾਰ ਪੁਲਿਸ ਉਨਾਂ ਦੀ ਗ੍ਰਿਫ਼ਤਾਰੀ ਲਈ ਆਉਂਦੀ। ਇੱਕ ਵਾਰ ਤਾਂ ਬਾਲਕ ਅਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰਨ ਦੇ ਹਾਲਾਤ ਬਣ ਗਏ, ਜਿਸ ਨੂੰ ਧਿਆਨ ਵਿੱਚ ਰੱਖਦਿਆਂ, ਫੌਜ ਵਿੱਚ ਨੌਕਰੀ ਕਰਦੇ ਚਾਚਾ ਜੀ ਆਪ ਨੂੰ ਲਖਨਊ ਲੈ ਗਏ, ਜਿੱਥੇ ਜਾ ਕੇ ਆਪ ਨੇ ਉੱਚ ਵਿੱਦਿਆ ਹਾਸਲ ਕੀਤੀ। ਆਪ ਨੇ ਲਖਨਊ ਤੋਂ ਬੀ.ਏ. ਐਲ.ਐਲ.ਬੀ. ਅਤੇ ਅਰਥ ਸ਼ਾਸਤਰ ਦੀ ਐਮ.ਏ. ਦੀ ਪੜਾਈ ਕੀਤੀ।

ਅਧਿਆਪਨ ਸੇਵਾਵਾਂ ਦਾ ਸਫਰ : ਸੰਨ 1950 ਵਿੱਚ ਆਪ ਅਧਿਆਪਨ ਖੇਤਰ ਵਿਚ ਦਾਖ਼ਲ ਹੋਏ ਅਤੇ ਲਾਇਲਪੁਰ ਖਾਲਸਾ ਜਲੰਧਰ ਤੋਂ ਅਧਿਆਪਨ ਸੇਵਾਵਾਂ ਦਾ ਸਫ਼ਰ ਸ਼ੁਰੂ ਕੀਤਾ।

ਆਪ ਨੇ ਤਿੰਨ ਸਾਲ ਅਰਥ ਸ਼ਾਸਤਰ ਦੇ ਲੈਕਚਰਾਰ ਦੀ ਸੇਵਾ ਨਿਭਾਈ। ਇਸ ਦੌਰਾਨ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀਆਂ ਨੇ ਪ੍ਰਬੰਧਕਾਂ ਖ਼ਿਲਾਫ਼ ਹੜਤਾਲ ਕਰ ਦਿੱਤੀ, ਜਿਸ ਦਾ ਅਜੀਤ ਸਿੰਘ ਬੈਂਸ ਸਮੇਤ ਤਿੰਨ ਪ੍ਰੋਫੈਸਰਾਂ ਨੇ ਸਾਥ ਦਿੱਤਾ। ਇਸ ਤੋਂ ਦੁਖੀ ਹੋ ਕੇ ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਨੇ ਆਪ ਤਿੰਨਾਂ ਪ੍ਰੋਫੈਸਰਾਂ ਨੂੰ ਕਾਲਜ ਵਿਚੋਂ ਬਰਤਰਫ ਕਰ ਦਿੱਤਾ। ਦਿਲਚਸਪ ਗੱਲ ਇਹ ਹੈ ਕਿ ਲੰਮਾ ਸਮਾਂ ਮਗਰੋਂ ਜਸਟਿਸ ਅਜੀਤ ਸਿੰਘ ਬੈਂਸ ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਖੇ ਕਾਨਵੋਕੇਸ਼ਨ ਮੌਕੇ 'ਮੁੱਖ ਮਹਿਮਾਨ' ਵਜੋਂ ਸੱਦਾ ਦਿੱਤਾ ਗਿਆ। ਉਸ ਮੌਕੇ ਆਪ ਨੇ ਕਿਹਾ ਕਿ ਉਚੇਚੇ ਤੌਰ 'ਤੇ ਉਹ ਖ਼ਾਲਸਾ ਕਾਲਜ ਦੇ ਪ੍ਰਬੰਧਕਾਂ ਦੇ ਧੰਨਵਾਦੀ ਹਨ, ਕਿਉਂਕਿ ਇਸ ਕਾਲਜ ਤੋਂ ਹੀ ਕਿਸੇ ਵੇਲੇ ਉਨਾਂ ਨੂੰ ਹਟਾਇਆ ਗਿਆ ਸੀ, ਜਿਸ ਕਾਰਨ ਉਹ ਵਕਾਲਤ ਦੇ ਖੇਤਰ ਵਿੱਚ ਆਏ। ਜੇਕਰ ਉਨਾਂ ਨੂੰ ਬਰਤਰਫ਼ ਨਾ ਕੀਤਾ ਜਾਂਦਾ, ਤਾਂ ਅੱਜ ਇਸ ਅਹੁਦੇ ਤੇ ਨਾ ਪਹੁੰਚਦੇ। ਇਹ ਦਾਸਤਾਨ ਸੁਣਦਿਆਂ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦੀਆਂ ਅੱਖਾਂ ਨਮ ਹੋ ਗਈਆਂ।

ਵਕਾਲਤ ਦਾ ਸਫ਼ਰ : ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਲੈਕਚਰਾਰ ਦੇ ਅਹੁਦੇ ਤੋਂ ਹਟਾਏ ਜਾਣ ਮਗਰੋਂ ਆਪ ਨੇ ਫ਼ੈਸਲਾ ਕੀਤਾ ਕਿ ਨੌਕਰੀ ਕਰਨ ਦੀ ਥਾਂ, ਵਕਾਲਤ ਹੀ ਹੀ ਕਰਨੀ ਹੈ। ਅਜੀਤ ਸਿੰਘ ਬੈਂਸ ਨੇ ਸੰਨ 1954 ਵਿਚ ਵਕਾਲਤ ਦਾ ਸਫ਼ਰ ਹੁਸ਼ਿਆਰਪੁਰ ਤੋਂ ਸ਼ੁਰੂ ਕੀਤਾ।1960 ਵਿੱਚ ਜਦੋਂ ਪੰਜਾਬ ਹਾਈ ਕੋਰਟ ਚੰਡੀਗੜ ਸਥਾਪਤ ਹੋਈ, ਤਾਂ ਆਪ ਨੇ ਚੰਡੀਗੜ ਵਿਖੇ ਲਾਅ ਪ੍ਰੈਕਟਿਸ ਆਰੰਭ ਕਰ ਦਿੱਤੀ। ਸੰਨ 1964 ਵਿੱਚ ਆਪ ਪੰਜਾਬ ਹਾਈ ਕੋਰਟ ਵਿੱਚ ਐਡਵੋਕੇਟ ਵਜੋਂ ਸੇਵਾਵਾਂ ਦੇਣ ਲੱਗ ਪਏ ਅਤੇ ਉਸ ਸਾਲ ਹੀ ਪੰਜਾਬ ਬਾਰ ਕੌਂਸਲ ਲਈ ਚੁਣੇ ਗਏ। ਪੰਜਾਬ ਸਰਕਾਰ ਨੇ ਆਪ ਨੂੰ ਡਿਪਟੀ ਐਡਵੋਕੇਟ ਜਨਰਲ ਨਿਯੁਕਤ ਕਰ ਦਿੱਤਾ। ਸੰਨ 1972 ਵਿਚ ਸ. ਅਜੀਤ ਸਿੰਘ ਬੈਂਸ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਦੇ ਪ੍ਰਧਾਨ ਚੁਣੇ ਗਏ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਵਜੋਂ ਸੇਵਾਵਾਂ : ਸੰਨ 1974 ਵਿੱਚ ਸ. ਅਜੀਤ ਸਿੰਘ ਬੈਂਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਨਿਯੁਕਤ ਹੋਏ ਅਤੇ ਇਹ ਸੇਵਾਵਾਂ ਆਪ ਨੇ 14 ਮਈ 1984 ਤੱਕ ਨਿਭਾਈਆਂ। ਆਪ ਨੇ ਨਿਆਂਕਾਰ ਵਜੋਂ ਕਈ ਇਤਿਹਾਸਕ ਫ਼ੈਸਲੇ ਕੀਤੇ, ਜਿਨਾਂ ਦੀ ਮਿਸਾਲ ਅੱਜ ਵੀ ਦਿੱਤੀ ਜਾਂਦੀ ਹੈ। ਉਨਾਂ ਵਿਚੋਂ ਇਕ ਹਿੰਦੂ ਸ਼ਬਦ ਦੇ ਕੋਸ਼ੀ ਅਰਥਾਂ ਬਾਰੇ ਮਹੱਤਵਪੂਰਨ ਫ਼ੈਸਲਾ ਸੀ। ਇਸ ਤੋਂ ਇਲਾਵਾ ਆਪ ਨੇ ਪੰਜਾਬੀ ਸਮਾਜ ਵਿਚ ਸ਼ਰੀਕੇਬਾਜ਼ੀ ਸਬੰਧੀ ਆਏ ਮਾਮਲਿਆਂ ਬਾਰੇ ਵੀ ਇਤਿਹਾਸਕ ਫ਼ੈਸਲੇ ਸੁਣਾਏ। ਜਸਟਿਸ ਅਜੀਤ ਸਿੰਘ ਬੈਂਸ ਨੇ ਸੈਸ਼ਨ ਕੋਰਟ ਦੇ ਗ਼ਲਤ ਫ਼ੈਸਲੇ ਨੂੰ ਦਰੁਸਤ ਕੀਤਾ, ਜਿਸ ਵਿਚ ਜਿਊਂਦੇ ਆਦਮੀ ਦੇ ਕਤਲ ਦੇ ਮਾਮਲੇ ਵਿਚ ਕਿਸੇ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਆਪ ਰਿਟਾਇਰਮੈਂਟ ਤੱਕ ਤੇਜ਼-ਤਰਾਰ ਨਿਆਂਕਾਰ ਵਜੋਂ ਆਪਣੀ ਗਹਿਰੀ ਛਾਪ ਛੱਡਣ ਵਿੱਚ ਕਾਮਯਾਬ ਹੋ ਗਏ।



ਦਰਬਾਰ ਸਾਹਿਬ 'ਤੇ ਫੌਜੀ ਹਮਲੇ ਮਗਰੋਂ ਜੀਵਨ ਵਿਚ ਇਤਿਹਾਸਕ ਬਦਲਾਅ : ਜਸਟਿਸ ਅਜੀਤ ਸਿੰਘ ਬੈਂਸ ਦੀ ਰਿਟਾਇਰਮੈਂਟ ਤੋਂ ਕੁਝ ਸਮੇਂ ਮਗਰੋਂ ਹੀ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਕੀਤੇ ਫੌਜੀ ਹਮਲੇ ਨੇ ਆਪ ਨੂੰ ਝੰਜੋੜ ਦਿੱਤਾ। ਭਾਰਤ ਸਰਕਾਰ ਦੀ ਘੱਟ ਗਿਣਤੀਆਂ ਅਤੇ ਖਾਸਕਰ ਸਿੱਖਾਂ ਖ਼ਿਲਾਫ਼ ਵਰਤੀ ਫੌਜੀ ਸ਼ਕਤੀ ਦੇ ਦੁਖਾਂਤ ਨੂੰ ਜਸਟਿਸ ਸਾਹਿਬ ਨੇ ਦੁਨੀਆਂ ਭਰ ਵਿੱਚ ਬਿਆਨਿਆ ਅਤੇ ਸੰਸਾਰ ਨੂੰ ਅਖੌਤੀ ਲੋਕਰਾਜ ਦੀ ਸਚਾਈ ਤੋਂ ਜਾਣੂ ਕਰਾਇਆ। ਲਿਖਤ 'ਸਿੱਖਾਂ ਦੀ ਘੇਰਾਬੰਦੀ' ਅਨੁਸਾਰ ਜਸਟਿਸ ਬੈਂਸ ਨੇ ਕੌਮਾਂਤਰੀ ਪੱਧਰ 'ਤੇ ਜਿੱਥੇ ਲੈਕਚਰ ਦਿੱਤੇ ਜਾਂ ਸੰਬੋਧਨ ਕੀਤਾ, ਉਨਾਂ ਵਿੱਚ ਸੰਯੁਕਤ ਰਾਸ਼ਟਰ ਵਿਖੇ ਜਨੇਵਾ ਵਿਚ ਇੰਟਰਨੈਸ਼ਨਲ ਕਮਿਸ਼ਨ ਫਾਰ ਜੁਰਿਸਟਸ (ਜੱਜਾਂ ਦਾ ਅੰਤਰਰਾਸ਼ਟਰੀ ਕਮਿਸ਼ਨ), ਯੂਨੀਵਰਸਿਟੀ ਆਫ਼ ਹਾਰਵਰਡ ਲਾਅ ਸਕੂਲ (ਮਨੁੱਖੀ ਅਧਿਕਾਰ ਸਮਾਗਮ), ਲੰਡਨ ਸਕੂਲ ਆਫ ਇਕਨੌਮਿਕਸ, ਬਰਲਿਨ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਲਾਸ ਏਂਜਲਸ, ਕੈਲੇਫੋਰਨੀਆ ਯੂਨੀਵਰਸਿਟੀ, ਨਿਊਯਾਰਕ ਵਿੱਚ ਕੋਲੰਬੀਆ ਯੂਨੀਵਰਸਿਟੀ, ਐਨ ਆਰਬਰ ਵਿੱਚ ਮਿਸ਼ੀਗਨ ਯੂਨੀਵਰਸਿਟੀ, ਮਾਂਟਰੀਅਲ ਵਿਚ ਮੈਕਗਿਲ ਯੂਨੀਵਰਸਿਟੀ, ਯੂਨੀਵਰਸਿਟੀ ਆਫ ਟੋਰਾਂਟੋ, ਕਾਰਡਿਫ ਯੂਨੀਵਰਸਿਟੀ, ਯੂਨੀਵਰਸਿਟੀ ਆਫ ਨਿਊ ਕੈਸਲ, ਵੀਅਨ ਸਟੇਟ ਯੂਨੀਵਰਸਿਟੀ, ਯੂਨੀਵਰਸਿਟੀ ਆਫ ਗੁਏਲਫ ਅਤੇ ਮੈਸਾਚੂਸੈੱਟਸ ਇੰਸਟੀਚਿਊਟ ਆਫ ਟੈਕਨਾਲੋਜੀ ਆਦਿ ਸ਼ਾਮਲ ਹਨ।

ਜਸਟਿਸ ਅਜੀਤ ਸਿੰਘ ਬੈਂਸ ਕਮਿਸ਼ਨ ਰਾਹੀਂ ਸੇਵਾਵਾਂ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਰਿਟਾਇਰ ਜੱਜ ਦੇ ਤੌਰ 'ਤੇ ਆਪ ਜੀ ਨੂੰ ਸੰਨ 1985 ਵਿਚ ਪੰਜਾਬ ਦੀ ਸੁਰਜੀਤ ਸਿੰਘ ਬਰਨਾਲਾ ਸਰਕਾਰ ਵੱਲੋਂ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਕਿ ਪੰਜਾਬ ਦੀਆਂ ਜੇਲਾਂ ਵਿੱਚ ਬੰਦ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਮਾਮਲਿਆਂ ਦੀ ਜਾਂਚ ਕੀਤੀ ਜਾਵੇ। ਜਸਟਿਸ ਅਜੀਤ ਸਿੰਘ ਬੈਂਸ ਕਮਿਸ਼ਨ ਅਧੀਨ ਤਿੰਨ ਮੈਂਬਰੀ ਕਮੇਟੀ ਦੇ ਚੇਅਰਮੈਨ ਵਜੋਂ ਆਪ ਨੇ ਇਹ ਜ਼ਿੰਮੇਵਾਰੀ ਕੁਝ ਮਹੀਨਿਆਂ ਵਿੱਚ ਹੀ ਮੁਕੰਮਲ ਕਰਦਿਆਂ, ਸੱਚਾਈ ਬਾਹਰ ਲਿਆਂਦੀ ਅਤੇ ਅੱਠ ਹਜ਼ਾਰ ਸਿੱਖ ਨੌਜਵਾਨਾਂ ਨੂੰ ਬੇਕਸੂਰ ਕਰਾਰ ਦਿੰਦਿਆਂ ਰਿਹਾਈ ਦੇ ਫ਼ੈਸਲੇ ਸੁਣਾਏ। ਸਰਕਾਰ ਨੂੰ ਮਜਬੂਰਨ ਤਿੰਨ ਹਜ਼ਾਰ ਸਿੱਖ ਨੌਜਵਾਨ ਤੁਰੰਤ ਛੱਡਣੇ ਪਏ। ਜਦੋਂ ਆਪ ਤੋਂ ਇਹ ਪੁੱਛਿਆ ਗਿਆ ਕਿ ਇੰਨੀ ਜਲਦੀ ਇੰਨੇ ਨੌਜਵਾਨਾਂ ਦਾ ਨਿਰੀਖਣ ਕਰਕੇ ਉਨਾਂ ਨੂੰ ਬੇਕਸੂਰ ਕਿਵੇਂ ਕਰਾਰ ਦੇ ਦਿੱਤਾ, ਤਾਂ ਜਸਟਿਸ ਬੈਂਸ ਦਾ ਕਹਿਣਾ ਸੀ ਜਿਵੇਂ ਇਨਾਂ ਨੂੰ ਧੱਕੇ ਨਾਲ ਝੂਠੇ ਮਾਮਲਿਆਂ ਵਿਚ ਜੇਲੀਂ ਡੱਕਿਆ ਗਿਆ ਸੀ, ਉਸੇ ਤਰਾਂ ਹੀ ਮੈਂ ਜਾਂਚ ਕਰਦਿਆਂ ਇੱਕੋ ਪਲ ਵਿੱਚ ਇਨਾਂ ਨੂੰ ਰਿਹਾਈ ਦੇ ਹੁਕਮ ਸੁਣਾਏ ਹਨ। ਜਸਟਿਸ ਬੈਂਸ ਨੂੰ ਪੰਜਾਬ ਸਰਕਾਰ ਵੱਲੋਂ ਪੰਜਾਬ ਜੇਲ ਸੁਧਾਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ ਸੀ, ਪਰ 30 ਅਪ੍ਰੈਲ 1986 ਨੂੰ ਦਰਬਾਰ ਸਾਹਿਬ ਉੱਪਰ ਨੀਮ-ਫੌਜੀ ਦਲਾਂ ਦੇ ਦਾਖ਼ਲੇ ਵਿਰੁੱਧ ਰੋਸ ਵਜੋਂ, ਆਪ ਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਪੰਜਾਬ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਰਾਹੀਂ ਸੇਵਾਵਾਂ : ਪੰਜਾਬ ਵਿਚ ਮਨੁੱਖੀ ਹੱਕਾਂ ਦੇ ਹੋ ਰਹੇ ਘਾਣ ਦੀ ਖੋਜ ਪੜਤਾਲ ਅਤੇ ਸੱਚਾਈ ਸਾਹਮਣੇ ਲਿਆਉਣ ਲਈ, ਮਨੁੱਖੀ ਅਧਿਕਾਰ ਸੰਗਠਨ 'ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ' ਦੀ ਸਥਾਪਨਾ ਕੀਤੀ ਗਈ, ਜਿਸਦੇ ਜਸਟਿਸ ਬੈਂਸ ਚੇਅਰਮੈਨ ਸਨ। ਇਸ ਦੇ ਹੋਰਨਾਂ ਮੈਂਬਰਾਂ ਵਿੱਚ ਵਾਈਸ ਚੇਅਰਮੈਨ ਜਨਰਲ ਨਰਿੰਦਰ ਸਿੰਘ, ਸ. ਇੰਦਰਜੀਤ ਸਿੰਘ ਜੇਜੀ, ਸ ਗੁਰਤੇਜ ਸਿੰਘ, ਬੀਬੀ ਬਲਜੀਤ ਕੌਰ, ਬਹੁਤ ਸਾਰੇ ਵਕੀਲ ਬੁੱਧੀਜੀਵੀ ਅਤੇ ਐਕਟੀਵਿਸਟ ਸ਼ਾਮਿਲ ਸਨ। ਇਸ ਮਨੁੱਖੀ ਅਧਿਕਾਰ ਸੰਗਠਨ ਨੇ ਹੈਬੀਅਸ ਕਾਰਪਸ ਲਾ ਕੇ ਬਹੁਤ ਸਾਰੇ ਬੇਕਸੂਰ ਨੌਜਵਾਨਾਂ ਨੂੰ ਝੂਠੇ ਪੁਲਸ ਮਾਮਲਿਆਂ ਅਤੇ ਕਾਰਨ ਗੈਰ-ਕਾਨੂੰਨੀ ਹਿਰਾਸਤ 'ਚੋਂ ਛੁਡਾਇਆ। ਹਿਊਮਨ ਰਾਈਟਸ ਆਰਗੇਨਾਈਜੇਸ਼ਨ ਵੱਲੋਂ ਪ੍ਰਕਾਸ਼ਤ ਇਤਿਹਾਸਕ ਦਸਤਾਵੇਜ਼ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਹੋਏ ਘਾਣ ਦੀ ਦਾਸਤਾਨ ਬਿਆਨ ਕਰਦੇ ਹਨ। ਇਸ ਸੰਗਠਨ ਦੇ ਚੇਅਰਮੈਨ ਵਜੋਂ ਆਪ ਸੰਨ 1987-1988 ਦੌਰਾਨ ਯੂਰਪ ਅਤੇ ਉੱਤਰੀ ਅਮਰੀਕਾ ਦੇ ਵੱਖ- ਵੱਖ ਦੇਸ਼ਾਂ ਵਿੱਚ ਗਏ, ਜਿੱਥੇ ਆਪ ਵਿਧਾਇਕਾਂ, ਕਾਨੂੰਨਦਾਨਾਂ, ਕੌਮਾਂਤਰੀ ਕਮਿਸ਼ਨ ਮੈਬਰਾਂ ਅਤੇ ਪੱਤਰਕਾਰਾਂ ਨੂੰ ਮਿਲੇ ਅਤੇ ਭਾਰਤ ਵਿੱਚ ਘੱਟ ਗਿਣਤੀਆਂ 'ਤੇ ਹੁੰਦੇ ਤਸ਼ੱਦਦ ਤੋਂ ਜਾਣੂ ਕਰਵਾਇਆ। ਆਪ ਬੇਬਾਕੀ ਨਾਲ ਕਿਹਾ ਕਰਦੇ ਸਨ ਕਿ ਭਾਰਤ ਵਿੱਚ ਦਹਿਸ਼ਤਗਰਦ ਸਿੱਖ ਨਹੀਂ, ਬਲਕਿ ਸਰਕਾਰ ਹੈ, ਜਿਸ ਨੇ ਸਿੱਖ ਨਸਲਕੁਸ਼ੀ 1984 ਤੋਂ ਲੈ ਕੇ ਲੰਮਾ ਸਮਾਂ ਪੰਜਾਬ ਅੰਦਰ ਅੰਨੇਵਾਹ ਤਸ਼ੱਦਦ ਕਰਦਿਆਂ, ਸਿੱਖਾਂ ਅੰਦਰ ਬੇਗਾਨਗੀ ਦਾ ਭਾਵ ਪੈਦਾ ਕੀਤਾ ਹੈ ਅਤੇ ਸਿੱਖਾਂ ਦੀ ਘੇਰਾਬੰਦੀ ਕੀਤੀ ਹੈ।

ਜਸਟਿਸ ਬੈਂਸ ਨੂੰ ਸਰਕਾਰ ਵੱਲੋਂ 'ਅਗਵਾ' ਕਰ ਕੇ ਤਸ਼ੱਦਦ ਕਰਨ ਅਤੇ ਝੂਠੇ ਮਾਮਲੇ ਵਿੱਚ ਫਸਾਉਣ ਦੀ ਸਾਜ਼ਿਸ਼ : ਦੇਸ਼ ਦੀ ਵੰਡ ਮਗਰੋਂ ਭਾਰਤ ਦੇ ਇਤਿਹਾਸ ਵਿੱਚ ਇਹ ਪਹਿਲਾ ਮਾਮਲਾ ਹੋਵੇਗਾ, ਜਦੋਂ ਇੱਕ ਸਾਬਕਾ ਜਸਟਿਸ ਨੂੰ ਸਰਕਾਰ ਵੱਲੋਂ ਗ੍ਰਿਫ਼ਤਾਰ ਕਰਕੇ, ਤਸ਼ੱਦਦ ਢਾਹਿਆ ਗਿਆ ਹੋਵੇ। 3 ਅਪ੍ਰੈਲ 1992 ਨੂੰ ਜਸਟਿਸ ਅਜੀਤ ਸਿੰਘ ਬੈਂਸ ਨੂੰ ਆਨੰਦਪੁਰ ਸਾਹਿਬ ਤੋਂ ਹੋਲਾ ਮਹੱਲਾ ਪੰਥਕ ਇਕੱਤਰਤਾ ਵਿੱਚ, 'ਦੇਸ਼- ਵਿਰੋਧੀ ਭਾਸ਼ਣ ਦੇਣ ਦਾ ਝੂਠਾ ਮਾਮਲਾ' ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ। ਇਹ ਗ੍ਰਿਫ਼ਤਾਰੀ ਪੰਜਾਬ ਦੇ ਜ਼ਕਰੀਏ ਮੁੱਖ ਮੰਤਰੀ ਬੇਅੰਤ ਸਿੰਘ ਦੇ ਹੁਕਮ 'ਤੇ ਪੰਜਾਬ ਪੁਲਿਸ ਦੇ ਬੁੱਚੜ ਮੁਖੀ ਕੇਪੀਐੱਸ ਗਿੱਲ ਦੁਆਰਾ, ਅਤਿ-ਜ਼ੁਲਮੀ ਪੁਲਿਸ ਅਧਿਕਾਰੀ ਸੁਮੇਧ ਸੈਣੀ ਵੱਲੋਂ ਕੀਤੀ ਗਈ ਅਤੇ ਸਾਬਕਾ ਨਿਆਂਕਾਰ ਨੂੰ ਹੱਥਕੜੀਆਂ ਲਾ ਕੇ ਜੇਲ ਲਿਜਾਇਆ ਗਿਆ। ਜਸਟਿਸ ਬੈਂਸ ਆਪਣੀ ਟਿੱਪਣੀ ਵਿੱਚ ਲਿਖਦੇ ਹਨ ਕਿ ਉਨਾਂ ਨੂੰ 'ਗ੍ਰਿਫ਼ਤਾਰ ਨਹੀਂ, ਅਗਵਾ' ਕੀਤਾ ਗਿਆ ਸੀ। ਉਨਾਂ ਨੂੰ ਮੂੰਹ ਬੰਦ ਕਰ ਕੇ, ਚੁੱਕ ਕੇ ਥਾਣੇ ਵਿੱਚ ਲਿਜਾਇਆ ਗਿਆ ਅਤੇ ਤਸ਼ੱਦਦ ਕੀਤਾ ਗਿਆ। ਇਹ 'ਅਗਵਾ ਕਰਨ ਦਾ' ਇੱਕ ਸਪਸ਼ਟ ਕੇਸ ਸੀ ਅਤੇ ਅਗਵਾਕਾਰ ਭਾਰਤੀ ਪੁਲਿਸ ਸੀ। ਜਸਟਿਸ ਸਾਹਿਬ ਦੀ ਕਿਤਾਬ 'ਦਹਿਸ਼ਤਗਰਦ ਕੌਣ ? ਸਿੱਖ ਕਿ ਸਰਕਾਰ' ਵਿੱਚ ਟਿੱਪਣੀ ਅਨੁਸਾਰ

ਬਾਕੀ ਸਫ਼ਾ 30 'ਤੇ

# ਉੱਘੇ ਧਰਮ ਚਿੰਤਕ: ਪ੍ਰੋਫੈਸਰ ਸਰਬਜਿੰਦਰ ਸਿੰਘ



ਡਾ. ਦਿਲਵਰ ਸਿੰਘ

ਕਿਸੇ ਵੀ ਚਿੰਤਕ ਬਾਰੇ ਗਲ ਕਰਨੀ ਸਹਿਜ ਪ੍ਰਕਿਰਿਆ ਨਹੀਂ ਹੁੰਦੀ ਪਰ ਜੇਕਰ ਚਿੰਤਕ ਦਾ ਸਬੰਧ ਧਰਮ ਅਧਿਐਨ ਨਾਲ ਹੋਵੇ ਤਾਂ ਇਹ ਹੋਰ ਵੀ ਔਖਾ ਹੋ ਜਾਂਦਾ ਹੈ । ਧਰਮ ਦੇ ਵਿਸ਼ੇ ਤੇ ਗਲ ਕਰਨਾ ਦੂਸਰੇ ਵਿਸ਼ਿਆਂ ਦੀ ਤਰਾਂ ਨ ਤੇ ਸਹਿਜ ਹੈ ਤੇ ਨ ਹੀ ਸੁਖਾਲਾ ਹੈ । ਕਿਸੇ ਵੱਡੇ ਵਿਦਵਾਨ ਦਾ ਕਥਨ ਹੈ ਕਿ ਧਰਮ ਗ੍ਰੰਥਾਂ ਦੀ ਭਾਸ਼ਾ ਨੂੰ ਸਮਝਣ ਦਾ ਮਸਲਾ ਬੇਹੱਦ ਜਟਿਲ ਹੈ , ਅਸਲ ਵਿੱਚ ਪੈਗੰਬਰਾਂ ਜਾਂ ਧਰਮ ਬਾਨੀਆਂ ਦੀ ਬੋਲੀ ਸਮਝਣ ਵਾਲੇ ਪਾਰਖੂ ਨੂੰ ਹੀ ਧਰਮ ਚਿੰਤਕ ਦਾ ਦਰਜਾ ਦਿਤਾ ਜਾਂਦਾ ਹੈ । ਧਰਮ ਚਿੰਤਕਾਂ ਦੇ ਦ੍ਰਿੜ ਇਰਾਦੇ ਸਖਤ ਮਿਹਨਤ ਤੇ ਲਗਨ ਸਦਕਾ ਇਸ ਵਿਸ਼ਾ ਨੂੰ ਬਹੁਤ ਗੰਭੀਰਤਾ ਨਾਲ ਵੇਖਿਆ ਜਾਣ ਲੱਗਾ ਤੇ ਵੇਖਦੇ ਹੀ ਵੇਖਦੇ ਦੁਨੀਆਂ ਭਰ ਦੀ ਅਕਾਦਮਿਕਤਾ ਵਿਚ ਧਰਮ ਅਧਿਐਨ ਦੇ ਵਿਸ਼ੇ ਨੇ ਆਪਣਾ ਮਹੱਤਵਪੂਰਨ ਸਥਾਨ ਬਣਾ ਲਿਆ । ਫਲਸਰੂਪ ਧਰਮ ਚਿੰਤਕਾਂ ਨੂੰ ਸਰਧਾ ਅਤੇ ਤਰਕ ਦੀ ਕਸਵੱਟੀ ਵਿਚ ਧਰਮ ਦੇ ਸਿਧਾਤਾਂ ਨੂੰ ਜਨ ਸਮੂਹ ਦੀ ਮਾਨਸਿਕਤਾ ਦਾ ਹਿਸਾ ਬਨਾਉਣ ਵਾਲੇ ਦਰਸਨਵੇਤਾ ਵਜੋਂ ਵੇਖਣਾ ਸ਼ੁਰੂ ਹੋ ਗਿਆ। ਇਸ ਸਬੰਧ ਵਿੱਚ ਜੇਕਰ ਸਿੱਖ ਧਰਮ ਦੇ ਧਰਮ ਚਿੰਤਕਾਂ ਦੀ ਗਲ ਕਰਨੀ ਹੋਵੇ ਤਾਂ ਭਾਈ ਵੀਰ ਸਿੰਘ, ਪ੍ਰੋ ਪੂਰਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ ਸਾਹਿਬ ਸਿੰਘ, ਡਾ. ਤਾਰਨ ਸਿੰਘ ਆਦਿ ਪਹਿਲੀ ਕਤਾਰ ਵਿੱਚ ਖੜੇ ਨਜਰ ਆਉਂਦੇ ਹਨ ਜਿੰਨਾਂ ਦੀਆਂ ਲਿਖਤਾਂ ਸਿੱਖ ਧਰਮ ਦੇ ਸਿਧਾਤਾਂ ਦੇ ਪਾਠ ਪਠਨ ਤੇ ਖੋਜ ਵਿੱਚ ਇਕੀਂਵੀ ਸਦੀ ਵਿੱਚ ਵੀ ਖੋਜ ਸੰਦ ਵਜੋਂ ਉਸੇ ਤਰਾਂ ਮਹੱਤਵਪੂਰਨ ਹਨ ਜਿਵੇਂ ਇਹ ਆਪਣੀ ਲਿਖਤ ਦੇ ਕਾਲ ਵਿੱਚ ਸਨ।

ਇੰਨਾਂ ਵੱਡ-ਪੁਰਖਾਂ ਦੀ ਦੇਖ-ਰੇਖ ਵਿੱਚ ਸਿੱਖ ਧਰਮ ਦੇ ਸਿਧਾਤਾਂ ਨੂੰ ਹੋਰ ਨੀਝ ਨਾਲ ਨਿਰਖਣ-ਪਰਖਣ ਤੇ ਕੌਮੀ ਤੋਂ ਕੌਮਾਂਤਰੀ ਪੱਧਰ ਤੇ ਸਿੱਖ ਅਧਿਐਨ ਨੂੰ ਲੈ ਕੇ ਜਾਣ ਲਈ ਦੂਜੀ ਪੀੜੀ ਸਾਹਮਣੇ ਆਈ ਜਿੰਨਾਂ ਨੂੰ ਪਹਿਲੀ ਕਤਾਰ ਦੇ ਸਿੱਖ ਚਿੰਤਕਾਂ ਦੇ ਵਿਦਿਆਰਥੀ ਹੋਣ ਤੇ ਵੀ ਮਾਣ ਪ੍ਰਾਪਤ ਸੀ। ਇੰਨਾਂ ਨੇ ਬਹੁਤ ਨਿਠਕੇ ਕੰਮ ਕੀਤਾ ਤੇ ਉਨਾਂ ਸਾਰੇ ਕਿੰਤੂਆਂ-ਪ੍ਰੰਤੂਆਂ ਦਾ ਉਤਰ ਦੇਣਾ ਆਪਣਾ ਪਹਿਲਾ ਕੰਮ ਸਮਝਿਆ ਜੋ ਜਾਣੇ-ਅਣਜਾਣੇ ਜਾਂ ਜਾਣ ਬੁਝਕੇ ਸਿੱਖ ਧਰਮ ਨੂੰ ਕਿਸੇ ਵੀ ਹੀਲੇ ਅਪ੍ਰਸੰਗਕ ਕਰਨ ਦੇ ਅਨੈਤਿਕ ਵਰਤਾਰੇ ਨੂੰ ਆਪਣੇ ਅਧਿਐਨ ਦਾ ਹਿਸਾ ਬਣਾ ਰਹੇ ਸਨ।ਇਸ ਲੜੀ ਵਿੱਚ ਡਾ.ਦਰਸ਼ਨ ਸਿੰਘ ਚੰਡੀਗੜ, ਡਾ.ਬਲਕਾਰ ਸਿੰਘ , ਡਾ.ਜੋਧ ਸਿੰਘ, ਡਾ. ਵਜ਼ੀਰ ਸਿੰਘ, ਡਾ.ਨਿਰਭੈ ਸਿੰਘ, ਡਾ.ਅਵਤਾਰ ਸਿੰਘ ਸ਼ਾਮਿਲ ਸਨ । ਸਿੱਖ ਅਧਿਐਨ ਨੂੰ ਆਧੁਨਿਕ ਅੰਤਰ ਦ੍ਰਿਸ਼ਟੀਆਂ ਤੇ ਪਹੁੰਚ ਵਿਧੀਆਂ ਦਾ ਹਿਸਾ ਬਨਾਉਣ ਲਈ ਤੀਜੀ ਪੀੜੀ ਦਾ ਸਾਹਮਣੇ ਆਉਣਾ ਸੁਭਾਵਿਕ ਸੀ।ਇਸ ਪੀੜੀ ਲਈ ਸੁਖੈਨ ਇਹ ਸੀ ਕਿ ਇਨਾਂ ਕੋਲ ਜਿਥੇ ਪਹਿਲੀ ਪੀੜੀ ਦਾ ਲਿਖਤ ਰੂਪ ਵਿੱਚ ਅਨਮੋਲ ਖਜਾਨਾ ਉਪਲੱਬਧ ਸੀ ਉਥੇ ਹੀ ਦੂਜੀ ਪੀੜੀ ਦੇ ਚਿੰਤਕਾਂ ਦੀ ਨਿਗਾਹਬਾਨੀ ਵੀ ਪ੍ਰਾਪਤ ਸੀ।ਫਲਸਰੂਪ ਨਤੀਜੇ ਹਾਂ ਪੱਖੀ ਤੇ ਲਾਭਕਾਰੀ ਨਿਕਲਣੇ ਸੁਭਾਵਿਕ ਸਨ। ਇਸ ਪੀੜੀ ਦੇ ਵਿਦਵਾਨਾਂ ਚ ਪ੍ਰਥਮ ਪੰਕਤੀ ਵਿਚ ਸਥਾਨ ਗ੍ਰਹਿਣ ਕਰਨ ਵਾਲਿਆਂ ਵਿੱਚ ਜੇ ਮੈਂ ਡਾ. ਸਰਬਜਿੰਦਰ ਸਿੰਘ ਹੋਰਾਂ ਨੂੰ ਰੱਖਕੇ ਵੇਖਣ ਦਾ ਯਤਨ ਕਰਾਂ ਤੇ ਇਹ ਕੋਈ ਅਤਿ-ਕਥਨੀ ਨਹੀਂ ਹੋਵੇਗੀ।ਡਾ.ਸਰਬਜਿੰਦਰ ਸਿੰਘ ਦੀ ਸ਼ਖ਼ਸੀਅਤ ਬਾਰੇ ਕੁਝ ਕਹਿਣਾ ਕੋਈ ਸੌਖਾ ਕੰਮ ਨਹੀਂ ਹੈ। ਲਗਪਗ ਤਿੰਨ ਦਹਾਕਿਆਂ ਤੋਂ ਸਿੱਖ ਅਧਿਐਨ ਅਤੇ ਅਧਿਆਪਨ ਦੇ ਖੇਤਰ ਵਿੱਚ ਵਿਚਰਦਿਆਂ ਉਨਾਂ ਨੇ ਜੋ ਖੋਜ ਕਾਰਜ ਕੀਤੇ ਹਨ ਉਨਾਂ ਦੀ ਦਾਦ ਦੇਣੀ ਬਣਦੀ ਹੈ।ਉਹ ਉੱਘੇ ਸਿੱਖ ਚਿੰਤਕ ਹਨ ਜਿਨਾਂ ਦੀ ਖੋਜ ਦਾ ਕੇਂਦਰੀ ਬਿੰਦੂ ਸਿੱਖ ਇਤਿਹਾਸ, ਸਾਹਿਤ, ਸਿੱਖ ਧਰਮ ਸ਼ਾਸਤਰ ਅਤੇ ਸਿੱਖ ਦਰਸ਼ਨ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬਤੌਰ ਸਹਾਇਕ ਪ੍ਰੋਫੈਸਰ ਆਪਣੀਆਂ ਸੇਵਾਵਾਂ ਆਰੰਭ ਕਰਕੇ ਡਾ. ਸਰਬਜਿੰਦਰ ਸਿੰਘ ਨੇ ਅਧਿਐਨ ਅਤੇ ਅਧਿਆਪਨ ਦੇ ਹਰ ਖੇਤਰ ਵਿੱਚ ਬੁਲੰਦੀਆਂ ਨੂੰ ਛੋਹਿਆ ਹੈ। ਡਾ. ਸਰਬਜਿੰਦਰ ਸਿੰਘ ਨੇ ਇਤਿਹਾਸ ਅਤੇ ਧਰਮ ਅਧਿਐਨ ਦੇ ਵਿਸ਼ਿਆਂ ਵਿੱਚ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਧਰਮ ਅਧਿਐਨ ਵਿਸ਼ੇ ਵਿੱਚ ਐੱਮ.ਫਿਲ. ਅਤੇ ਪੀਐੱਚ.ਡੀ. ਦੇ ਖੋਜ ਨਿਬੰਧ ਤੇ ਖੋਜ ਪ੍ਰਬੰਧ-ਲਿਖ ਕੇ ਡਿਗਰੀਆਂ ਪ੍ਰਾਪਤ ਕੀਤੀਆਂ। ਨਾਲ ਹੀ ਉਨਾਂ ਨੇ ਆਪਣੇ ਗਿਆਨ ਵਿੱਚ ਵਾਧਾ ਕਰਨ ਲਈ ਡਿਪਲੋਮਾ-ਇਨ- ਪਰਸੀਅਨ ਅਤੇ ਡਿਪਲੋਮਾ-ਇਨ- ਫਰੈਂਚ ਪਾਸ ਕੀਤੇ।ਇਸ ਤਰਾਂ ਉਹ ਜਿੱਥੇ ਪੰਜਾਬੀ,ਅੰਗਰੇਜ਼ੀ,ਹਿੰਦੀ ਆਦਿ ਭਾਸ਼ਾਵਾਂ ਤੋਂ ਜਾਣੂ ਸਨ ਉਥੇ ਨਾਲ ਹੀ ਫਾਰਸੀ ਅਤੇ ਫਰੈਂਚ ਭਾਸ਼ਾਵਾਂ ਤੋਂ ਵੀ ਜਾਣੂ ਹੋ ਗਏ। ਆਪਣੇ ਅਕਾਦਮਿਕ ਸਫਰ ਦੌਰਾਨ ਉਨਾਂ ਨੇ ਸਹਾਇਕ ਪ੍ਰੋਫੈਸਰ ਤੋਂ ਪ੍ਰੋਫੈਸਰ ਤੱਕ ਦਾ ਸਫ਼ਰ ਤੈਅ ਕੀਤਾ ਹੈ।ਉਨਾਂ ਨੇ ਲੰਮਾ ਸਮਾਂ ਪੰਜਾਬੀ




ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ ਅਧਿਆਪਕ ਅਤੇ ਮੁਖੀ ਵਜੋਂ ਸੇਵਾਵਾਂ ਨਿਭਾਉਂਦਿਆਂ ਅਨੇਕਾਂ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਹਨ।ਇਨਾਂ ਪੁਸਤਕਾਂ ਵਿਚ ਪੰਜਾਬੀ ਭਾਸ਼ਾ ਵਿੱਚ ਰਚਿਤ ਪੁਸਤਕਾਂ: ਧੁਰ ਕੀ ਬਾਣੀ: ਸੰਪਾਦਨ ਜੁਗਤ, ਮਰਨ ਕਬੂਲ, ਬੂੰਦ ਬੂੰਦ ਸਾਗਰ, ਨਾਨਕ ਤੂ ਲਹਿਣਾ ਤੂਹੈ, ਇਲਾਹੀ ਨਾਦ ਦਾ ਸਫ਼ਰ, ਲਿਖੇ ਬਾਝਹੁ ਸੁਰਤ ਨਾਹੀ, ਦੀਜੈ ਬੁਧ ਬਿਬੇਕਾ,ਰੂਹਾਂ ਦਾ ਰੁਦਨ, ਬਿਗਾਨੀਆਂ ਜੂਹਾਂ, ਰੁਤ ਫਿਰੀ ਵਣ ਕੰਬਿਆ,ਸ੍ਰੀ ਗੁਰੂ ਗ੍ਰੰਥ ਸਾਹਿਬ: ਜਾਣ ਪਛਾਣ, ਖ਼ਾਲਸਾ ਹੋਵੇ ਖ਼ੁਦ ਖ਼ੁਦਾ ਆਦਿ ਸ਼ਾਮਲ ਹਨ।

ਅੰਗਰੇਜ਼ੀ ਭਾਸ਼ਾ ਵਿੱਚ ਡਾ.ਸਾਹਿਬ ਨੇ **Divine Revelation, Partition, Pargat Bhaye Guru Teg Bahadur, From Symphony to Quill** ਪੁਸਤਕਾਂ ਦੀ ਰਚਨਾ ਕੀਤੀ ਹੈ। ਹਿੰਦੀ ਭਾਸ਼ਾ ਵਿੱਚ: ਗੁਰੂ ਗ੍ਰੰਥ ਸਾਹਿਬ, ਅਤੇ ਬਟਵਾਰਾ ਦੋ ਪੁਸਤਕਾਂ ਰਚੀਆਂ ਹਨ। ਬੀ.ਏ.ਧਰਮ ਅਧਿਐਨ ਵਿਸ਼ੇ ਨਾਲ ਸਬੰਧਤ ਵਿਦਿਆਰਥੀ ਦੇ ਸਿਲੇਬਸ ਨਾਲ ਸਬੰਧਤ ਛੇ ਪੁਸਤਕਾਂ ਦਾ ਇੱਕ ਸੈੱਟ ਤਿਆਰ ਕਰਵਾਇਆ ਹੈ ਜੋ ਵਿਦਿਆਰਥੀਆਂ ਲਈ ਬਹੁਤ ਲਾਹੇਵੰਦ ਹੈ।ਡਾ. ਸਾਹਿਬ ਨੇ: ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਇੱਕੀਵੀਂ ਸਦੀ, ਵਿਸ਼ਵ ਧਰਮ ਬਾਨੀ,ਗ੍ਰੰਥ, ਸੰਪਰਦਾਇ ਅਤੇ ਚਿੰਤਕ ਭਾਗ ਪਹਿਲਾ, ਦੂਜਾ, ਤੀਜਾ,ਅਤੇ ਚੌਥਾ, ਸਿੱਖ ਧਰਮ: ਸਿਧਾਂਤਕ ਤੇ ਇਤਿਹਾਸਕ ਪਰਿਪੇਖ, ਸ੍ਰੀ ਗੁਰੂ ਗੋਬਿੰਦ ਸਿੰਘ,ਗੁਰੂ ਮਾਨਿਓ ਗ੍ਰੰਥ, ਪ੍ਰਭ ਨਾਨਕ ਨਾਨਕ ਨਾਨਕ ਮਈ, ਮੂਲ ਮੰਤਰ ਦਰਸ਼ਨ, ਤੂੰ ਹੀ ਨਿਸਾਨੀ ਜੀਤ ਕੀ,ਵਿਆਖਿਆ ਸ਼ਾਸਤਰ ਅਤੇ ਸਿੱਖ ਵਿਆਖਿਆਕਾਰੀ, ਤੁਕ ਤਤਕਰਾ ਵਾਰਾਂ ਭਾਈ ਗੁਰਦਾਸ, ਤੁਕ ਤਤਕਰਾ ਕਬਿੱਤ ਸਵੱਈਏ, ਕੋਸ਼ ਵਾਰਾਂ ਭਾਈ ਗੁਰਦਾਸ, ਹਿੰਦ ਦੀ ਚਾਦਰ ਆਦਿ ਪੁਸਤਕਾਂ ਸੰਪਾਦਿਤ ਕੀਤੀਆਂ ਹਨ। ਡਾ. ਸਰਬਜਿੰਦਰ ਸਿੰਘ ਦੀ ਲਿਖੀ ਹੋਈ ਪੁਸਤਕ 'ਵੰਡ' ਦਾ ਉਰਦੂ ਅਨੁਵਾਦ ਕੁਰਨੂਲ ਯੂਨੀਵਰਸਿਟੀ ਆਂਧਰਾ ਪ੍ਰਦੇਸ਼ ਵੱਲੋਂ ਕੀਤਾ ਗਿਆ ਹੈ ਅਤੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਵੀ ਕਰਵਾਇਆ ਗਿਆ ਹੈ।ਇਸੇ ਤਰਾਂ ਡਾ.ਸਾਹਿਬ ਦੀ ਪੁਸਤਕ 'ਵਿਭਾਜਨ' ਦਾ ਤੇਲਗੂ ਵਿੱਚ ਅਨੁਵਾਦ ਵਿਸ਼ਾਖਾਪਟਨਮ ਯੂਨੀਵਰਸਿਟੀ, ਉੜੀਸਾ ਵੱਲੋਂ ਕਰਵਾ ਕੇ ਇਸ ਨੂੰ ਛਪਵਾਇਆ ਗਿਆ ਹੈ। ਇਨਾਂ ਨੇ ਤਿੰਨ ਪੁਸਤਕਾਂ :ਪਰਿਵਰਤਨ ਵੱਲ ਪੈਂਡੇ,ਦੀਜੈ ਬੁਧਿ ਬਿਬੇਕਾ(ਦੇਵਨਾਗਰੀ)ਅਤੇ ਰੂਹਾਂ ਦਾ ਰੁਦਨ (ਦੇਵਨਾਗਰੀ) ਦੀ ਟਰਾਂਸਲੇਸ਼ਨ ਵੀ ਕੀਤੀ ਹੈ।ਡਾ.ਸਰਬਜਿੰਦਰ ਸਿੰਘ ਨੂੰ ਇਹ ਮਾਣ ਵੀ ਹਾਸਲ ਹੈ ਕਿ ਉਨਾਂ ਦੀਆਂ ਪੁਸਤਕਾਂ ਉਤਰੀ ਤੇ ਦੱਖਣੀ ਭਾਰਤ ਦੀਆਂ ਯੂਨੀਵਰਸਿਟੀਆਂ ਦੁਆਰਾ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।ਇਨਾਂ ਦੇ ਅਨੇਕਾਂ ਖੋਜ ਪੱਤਰ ਵੱਖ-ਵੱਖ ਰਸਾਲਿਆਂ ਅਤੇ ਅਖ਼ਬਾਰਾਂ ਵਿਚ ਛਪ ਚੁੱਕੇ ਹਨ ਅਤੇ ਹੁਣ ਵੀ ਛਪ ਰਹੇ ਹਨ।ਇਨਾਂ ਵੱਲੋਂ ਲਿਖੇ ਬਹੁਤੇ ਖੋਜ ਪੱਤਰ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਪਾਠ ਪੁਸਤਕਾਂ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਡਾ.ਸਾਹਿਬ ਨੇ ਅੰਤਰਰਾਸ਼ਟਰੀ,ਰਾਸ਼ਟਰੀ ਅਤੇ ਸਥਾਨਕ ਪੱਧਰ ਤੇ ਆਯੋਜਿਤ ਕਾਨਫ਼ਰੰਸਾਂ, ਸੈਮੀਨਾਰਾਂ ਅਤੇ ਵਰਕਸ਼ਾਪਾਂ ਵਿੱਚ ਸੈਂਕੜੇ ਖੋਜ ਪੱਤਰ ਪੇਸ਼ ਕੀਤੇ ਹਨ। ਉਨਾਂ ਨੇ ਵਿਦੇਸ਼ਾਂ ਵਿੱਚ ਵੀ ਆਪਣੀ ਵਿਦਵਤਾ ਦੀ ਛਾਪ ਛੱਡਦਿਆਂ ਆਸਟ੍ਰੇਲੀਆ, ਸਿੰਘਾਪੁਰ, ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ,ਟੋਰਾਂਟੋ ਆਦਿ ਥਾਵਾਂ ਤੇ ਆਯੋਜਿਤ ਸੈਮੀਨਾਰ/ਕਾਨਫ਼ਰੰਸਾਂ ਵਿੱਚ ਸ਼ਮੂਲੀਅਤ ਕਰਕੇ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿੱਚ ਬਤੌਰ ਅਧਿਆਪਕ ਤੇ ਮੁਖੀ ਸੇਵਾ ਨਿਭਾਉਂਦਿਆਂ ਇਨਾਂ ਨੇ ਐਮ.ਫਿਲ. ਅਤੇ ਪੀਐੱਚ.ਡੀ.ਦੇ ਅਨੇਕਾਂ ਖੋਜਾਰਥੀਆਂ ਨੂੰ ਆਪਣੀ ਨਿਗਰਾਨੀ ਵਿੱਚ ਖੋਜ ਕਾਰਜ ਕਰਵਾਏ ਹਨ ਅਤੇ ਹੁਣ ਵੀ ਕਰਵਾ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਬਿਲਡਿੰਗ ਦੀ ਨਵ ਉਸਾਰੀ ਕੀਤੀ ਗਈ ਹੈ ਉਸ ਵਿੱਚ ਵੀ ਡਾ.ਸਰਬਜਿੰਦਰ ਸਿੰਘ ਦਾ ਬਹੁਤ ਵੱਡਾ ਰੋਲ ਹੈ।ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਥਾਪਨਾ ਵਰੇ ਤੋਂ ਲੈ ਕੇ ਹੁਣ ਤਕ ਜੇਕਰ ਕੋਈ ਅਧਿਆਪਕ ਆਪਣੇ ਵਿਭਾਗ ਦੀ ਨਵੀਂ ਬਿਲਡਿੰਗ ਵਾਸਤੇ ਸਰਕਾਰ ਕੋਲੋਂ ਕਰੋੜਾਂ ਰੁਪਏ ਦੇ ਫੰਡ ਲੈ ਕੇ ਆਇਆ ਹੈ ਤਾਂ ਉਹ ਮਾਣ ਵੀ ਡਾ. ਸਰਬਜਿੰਦਰ ਸਿੰਘ ਨੂੰ ਹੀ ਜਾਂਦਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ



ਵਿਭਾਗ ਦੀ ਨਵੀਂ ਬਿਲਡਿੰਗ ਦੀ ਉਸਾਰੀ ਤੋਂ ਬਾਅਦ ਉਸ ਵਿਭਾਗ ਵਿੱਚ ਸ਼ਿਖਰਲੀ ਮੰਜ਼ਿਲ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਰੂਪਾਂ ਦੀ ਜੋ ਸਾਂਭ-ਸੰਭਾਲ ਪੂਰਨ ਸਿੱਖ ਰਹਿਤ ਮਰਿਆਦਾ ਅਨੁਸਾਰ ਕੀਤੀ ਗਈ ਹੈ ਉਹ ਉਪਰਾਲਾ ਵੀ ਬਹੁਤ ਨਿਵੇਕਲਾ ਹੈ ਅਤੇ ਇਸ ਦਾ ਸ਼ਰੇਅ ਵੀ ਡਾ. ਸਰਬਜਿੰਦਰ ਸਿੰਘ ਨੂੰ ਹੀ ਜਾਂਦਾ ਹੈ ਕਿਉਂਕਿ ਉਨਾਂ ਨੇ ਜਿਸ ਢੰਗ ਨਾਲ ਅਕਾਦਮਿਕ ਜਗਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਰੂਪਾਂ ਦੀ ਸਾਂਭ-ਸੰਭਾਲ ਕੀਤੀ ਹੈ ਉਹ ਸਾਡੇ ਵਾਸਤੇ ਇਕ ਉਦਾਹਰਣ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿੱਚ ਬਤੌਰ ਅਧਿਆਪਕ ਅਤੇ ਮੁਖੀ ਸੇਵਾਵਾਂ ਨਿਭਾਉਂਦਿਆਂ ਉਨਾਂ ਨੇ ਹੋਰ ਵੀ ਅਨੇਕਾਂ ਅਹੁਦਿਆਂ ਤੇ ਸੇਵਾਵਾਂ ਨਿਭਾਈਆਂ ਹਨ।ਉਨਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਜਨਰਲ ਆਫ਼ ਸਿੱਖ ਸਟੱਡੀਜ਼ ਨਾਨਕ ਪ੍ਰਕਾਸ਼ ਪੱਤ੍ਰਿਕਾ ਦੇ ਚੀਫ ਐਡੀਟਰ ਵਜੋਂ ਲੰਮਾ ਸਮਾਂ 2005-2021 ਤੱਕ ਸੇਵਾ ਨਿਭਾਈ ਹੈ।2015-2017 ਤਕ ਉਹ ਵਿਸ਼ਵ ਭਾਰਤੀ ਯੂਨੀਵਰਸਿਟੀ, ਸ਼ਾਂਤੀ ਨਿਕੇਤਨ, ਕੋਲਕਾਤਾ(ਪੰ.ਬੰਗਾਲ) ਦੇ ਸਿੱਖ ਅਧਿਐਨ ਵਿਭਾਗ ਦੇ ਸਲਾਹਕਾਰ ਰਹੇ ਹਨ। 2016 ਵਿੱਚ ਜਦੋਂ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਵਾਂ ਪ੍ਰਕਾਸ਼ ਪੁਰਬ ਮਨਾਉਂਦਿਆਂ ਜੋ ਸੈਮੀਨਾਰਾਂ ਦੀ ਲੜੀ ਆਰੰਭ ਕੀਤੀ ਸੀ ਉਸ ਦੌਰਾਨ ਇਨਾਂ ਨੂੰ ਸੈਮੀਨਾਰ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਸੀ। ਸੰਨ 2015-2017 ਅਤੇ 2020-2021 ਤੱਕ ਇਹ ਨਿਰੰਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਿੰਡੀਕੇਟ ਅਤੇ ਸੈਨੇਟ ਦੇ ਮੈਂਬਰ ਵੀ ਰਹੇ ਹਨ। ਨੈਸ਼ਨਲ ਬੁੱਕ ਟਰੱਸਟ,ਨਵੀਂ ਦਿੱਲੀ ਨੇ ਵੀ ਇਨਾਂ ਨੂੰ ਆਪਣੇ ਟਰੱਸਟ ਦਾ ਮੈਂਬਰ ਨਿਯੁਕਤ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਬਲੀਕੇਸ਼ਨ ਬਿਊਰੋ ਦੇ ਡਾਇਰੈਕਟਰ ਵਜੋਂ ਵੀ ਆਪ ਜੀ ਨੇ 2017-2021 ਤਕ ਸੇਵਾਵਾਂ ਨਿਭਾਈਆਂ ਹਨ ਅਤੇ ਪਬਲੀਕੇਸ਼ਨ ਬਿਊਰੋ ਨੂੰ ਆਰਥਿਕ ਮੰਦਹਾਲੀ ਵਿੱਚੋਂ ਕੱਢ ਕੇ ਉਸ ਦੀ ਹੋਂਦ ਨੂੰ ਬਚਾਇਆ ਅਤੇ ਵੱਧ ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਕਰਕੇ ਉਨਾਂ ਦੀ ਵਿਕਰੀ ਦੇ ਪ੍ਰਬੰਧ ਕਰਦਿਆਂ ਵੱਧ ਤੋਂ ਵੱਧ ਪੁਸਤਕ ਮੇਲੇ ਲਗਵਾਏ ਅਤੇ ਆਨਲਾਈਨ ਵਿਕਰੀ ਕਰਵਾਈ।2017-2021 ਤੱਕ ਆਪ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਰਿਸੋਰਸ ਮੋਬਲਾਈਜ਼ੇਸ਼ਨ ਐਂਡ ਐਡਵਾਂਸਮੈਂਟ ਸੈੱਲ ਵਿਚ ਬਤੌਰ ਡੀਨ ਨਿਯੁਕਤ ਕੀਤਾ ਗਿਆ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫ਼ਤਹਿਗੜ ਸਾਹਿਬ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿੱਚ ਬਤੌਰ ਐਕਸਟਰਨਲ ਐਕਸਪਰਟ ਨਿਯੁਕਤ ਹੋ।ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ,ਅੰਮ੍ਰਿਤਸਰ ਨੇ ਵੀ ਆਪ ਨੂੰ ਯੂ.ਜੀ.ਸੀ. ਦੀ ਸਲਾਹਕਾਰ ਕਮੇਟੀ ਵਿੱਚ ਗੁਰੂ ਨਾਨਕ ਅਧਿਐਨ ਵਿਭਾਗ ਦੇ ਨੋਮਿਨੀ ਨਿਯੁਕਤ ਕੀਤਾ ਹੋਇਆ ਹੈ।ਆਪ ਨੂੰ 2020-2021 ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਦੇ ਮੈਂਬਰ ਅਤੇ 2020 -2022 ਲਈ ਸੈਨੇਟ ਦੇ ਮੈਂਬਰ ਵਜੋਂ ਵੀ ਨਿਯੁਕਤ ਕੀਤਾ ਗਿਆ ਹੈ।ਆਪ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਹਿਊਮੈਨਟੀ ਐਂਡ ਰਿਲੀਜੀਅਸ ਸਟੱਡੀਜ਼ ਫੈਕਲਟੀ ਦੇ ਡੀਨ ਵਜੋਂ ਵੀ ਸੇਵਾਵਾਂ ਨਿਭਾ ਰਹੇ ਹੋ। ਆਪ ਭਾਈ ਗੁਰਦਾਸ ਚੇਅਰ ਤੇ ਬਤੌਰ ਚੇਅਰਪਰਸਨ ਵੀ ਸੇਵਾਵਾਂ ਨਿਭਾ ਚੁੱਕੇ ਹੋ।ਮੌਜੂਦਾ ਸਮੇਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਆਪ ਸੰਤ ਪ੍ਰੇਮ ਸਿੰਘ ਮੁਰਾਲੇ ਵਾਲੇ ਚੇਅਰ ਤੇ ਬਤੌਰ ਪ੍ਰੋਫੈਸਰ ਅਤੇ ਚੇਅਰਪਰਸਨ ਕਾਰਜ ਰੱਤ ਹੋ। ਜਿੱਥੇ ਆਪ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਫੈਕਲਟੀ ਆਫ ਹਿਊਮੈਨਟੀਜ਼ ਐਂਡ ਰਿਲੀਜੀਅਸ ਸਟੱਡੀਜ਼ ਦੇ ਡੀਨ ਵਜੋਂ ਸੇਵਾਵਾਂ ਨਿਭਾ ਰਹੇ ਹੋ ਉਥੇ ਹੀ ਆਪ ਜੀ ਨੂੰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ, ਵਿੱਚ ਬਤੌਰ ਸਲਾਹਕਾਰ ਵੀ ਨਿਯੁਕਤ ਕੀਤਾ ਗਿਆ ਹੈ। ਡਾ. ਸਰਬਜਿੰਦਰ ਸਿੰਘ ਦੀਆਂ ਇਨਾਂ ਯੋਗਤਾਵਾਂ ਸਦਕਾ ਹੀ ਉਨਾਂ ਨੂੰ ਅਨੇਕਾਂ ਸੰਸਥਾਵਾਂ ਵੱਲੋਂ ਸਨਮਾਨਤ ਵੀ ਕੀਤਾ ਗਿਆ ਹੈ। ਸੰਨ 2004 ਵਿੱਚ ਭਾਰਤ ਦੇ ਮਾਣਯੋਗ ਪ੍ਰਧਾਨਮੰਤਰੀ ਜੀ ਨੇ ਉਨਾਂ ਦੀ ਪੁਸਤਕ 'ਧੁਰ ਕੀ ਬਾਣੀ' ਦੇ ਪ੍ਰਕਾਸ਼ਨ ਤੇ ਉਹਨਾਂ ਨੂੰ 'ਬੁੱਕ ਆਫ ਦਾ ਈਅਰ' ਐਵਾਰਡ ਨਾਲ ਸਨਮਾਨਿਤ ਕੀਤਾ। ਸਿੰਘ ਸਭਾ ਮੈਲਬੌਰਨ(ਆਸਟ੍ਰੇਲੀਆ) ਵੱਲੋਂ ਆਪ ਨੂੰ ਭਾਈ ਘਨੱਈਆ ਜੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਅਮਰੀਕਾ ਵਿੱਚਲੇ ਇੰਸਟੀਚਿਊਟ ਆਫ ਇੰਡੀਅਨ ਲੈਂਗੁਏਜਿਜ਼,ਟੈਕਸਸ ਵੱਲੋਂ ਇਨਾਂ ਦੀ ਕਿਤਾਬ 'ਦੀਜੈ ਬੁਧਿ ਬਿਬੇਕਾ' ਨੂੰ ਪਹਿਲਾ ਸਥਾਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤਰਾਂ ਅਸੀਂ ਵੇਖਦੇ ਹਾਂ ਕਿ ਡਾ.ਸਰਬਜਿੰਦਰ ਸਿੰਘ ਬਹੁਤ ਵੱਡੇ ਵਿਦਵਾਨ ਹਨ ਜੋ ਅਕਾਦਮਿਕਤਾ ਦੇ ਹਰ ਪਹਿਲੂ ਤੋਂ ਆਪਣੀ ਸ਼ਖ਼ਸੀਅਤ ਨੂੰ ਨਿਖਾਰ ਰਹੇ ਹਨ ਅਤੇ ਨਿਰੰਤਰ ਖੋਜ ਕਾਰਜਾਂ ਵਿੱਚ ਰੁਚਿਤ ਹਨ।ਡਾ.ਸਾਹਿਬ ਵਿਦਿਆਰਥਿਆਂ ਅਤੇ ਖੋਜਾਰਥੀਆਂ ਨੂੰ ਬਹੁਤ ਪਿਆਰ ਕਰਦੇ ਹਨ ਅਤੇ ਵਿਦਿਆਰਥੀ ਤੇ ਖੋਜਾਰਥੀ ਵੀ ਉਨਾਂ ਦਾ ਬਹੁਤ ਸਨਮਾਨ ਕਰਦੇ ਹਨ।

# ਭਵਿੱਖ ਦੀ ਦੁਨੀਆ ਅੱਜ ਦੀ ਦੁਨੀਆ ਨਾਲੋਂ ਬਹੁਤ ਵੱਖਰੀ ਹੋਵੇਗੀ

### ਡਾਕਟਰ ਬਲਜਿੰਦਰ ਨਸਰਾਲੀ

ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਦਾ ਅਨੁਮਾਨ ਲਗਾਉਣਾ ਬਹੁਤ ਔਖਾ ਕਾਰਜ ਹੈ, ਇਸ ਦੇ ਬਾਵਜੂਦ ਕੁਝ ਵੱਧ ਸਿਆਣੇ ਲੋਕ ਭਵਿੱਖ ਦੀਆਂ ਸਰਗਰਮੀਆਂ ਨੂੰ ਵਰਤਮਾਨ ਵਿਚ ਹੋ ਰਹੀ ਸਰਸਰਾਹਟ ਵਿਚੋਂ ਪਛਾਣ ਲੈਣ ਦਾ ਯਤਨ ਕਰਦੇ ਹਨ। ਯੁਵਲ ਨੋਹ ਹਰਾਰੀ ਵਿਸ਼ਵ ਚਿੰਤਨ ਵਿਚ ਇਸ ਵੇਲੇ ਇਕ ਚਰਚਿਤ ਨਾਂ ਹੈ। ਉਸ ਦੀ ਅੰਗਰੇਜ਼ੀ ਕਿਤਾਬ 'ਹੋਮੋ-ਡਿਊਜ਼' ਇਤਿਹਾਸ ਅਤੇ ਸਮਕਾਲੀ ਰੁਝਾਨਾਂ ਦੇ ਆਧਾਰ 'ਤੇ ਭਵਿੱਖ ਦੀਆਂ ਘਟਨਾਵਾਂ ਅਤੇ ਮਾਨਵੀ ਸਮਾਜ ਦੇ ਚਿਹਰੇ-ਮੁਹਰੇ ਦੀ ਤਸਵੀਰ ਬਣਾਉਣ ਦਾ ਯਤਨ ਕਰਦੀ ਹੈ। ਇਤਿਹਾਸ ਥੋੜਾ ਜਿਹਾ ਅੱਗੇ ਦੇਖਣ ਵਾਲੇ ਲੋਕਾਂ ਵਲੋਂ ਸਿਰਜਿਆ ਜਾਂਦਾ ਹੈ। ਦਸ ਹਜ਼ਾਰ ਸਾਲ ਪਹਿਲਾਂ ਬਹੁਤੇ ਮਨੁੱਖੀ ਕਬੀਲੇ ਸ਼ਿਕਾਰੀ ਕਬੀਲਿਆਂ ਦੇ ਰੂਪ ਵਿਚ ਵਿਚਰ ਰਹੇ ਸਨ, ਜਦੋਂ ਕਿ ਮੱਧ ਪੂਰਬ ਵਿਚ ਕੁਝ ਲੋਕਾਂ ਨੇ ਖੇਤੀਬਾੜੀ ਦੀ ਸ਼ੁਰੂਆਤ ਕਰਕੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕਰ ਦਿੱਤੀ ਸੀ। ਸੰਨ 1850 ਦੇ ਆਸ-ਪਾਸ ਸੰਸਾਰ ਦੇ 90 ਫ਼ੀਸਦੀ ਲੋਕ ਖੇਤੀਬਾੜੀ 'ਤੇ ਨਿਰਭਰ ਸਨ, ਜਦੋਂ ਕਿ ਭਵਿੱਖ ਦੀ ਜੀਵਨ-ਸ਼ੈਲੀ ਦਾ ਫ਼ੈਸਲਾ 'ਮਾਨਚੈਸਟਰ' ਵਰਗੇ ਸ਼ਹਿਰਾਂ ਵਿਚ ਉਦਯੋਗੀਕਰਨ ਦੇ ਰੂਪ ਵਿਚ ਹੋ ਰਿਹਾ ਸੀ।

ਹਰਾਰੀ ਅਨੁਸਾਰ ਮਨੁੱਖ ਲੱਖਾਂ ਸਾਲਾਂ ਤੋਂ ਤਿੰਨ ਚੀਜ਼ਾਂ ਭੁੱਖਮਰੀ, ਮਹਾਂਮਾਰੀ ਅਤੇ ਹਿੰਸਾ ਦਾ ਸ਼ਿਕਾਰ ਰਿਹਾ ਹੈ। ਪਹਿਲਾਂ ਸੰਸਾਰ ਦੇ ਹਜ਼ਾਰਾਂ ਰਾਜੇ ਆਪਸ ਵਿਚ ਲੜਦੇ ਰਹਿੰਦੇ ਸਨ, ਹੁਣ 200 ਦੇਸ਼ਾਂ ਵਿਚੋਂ 4-5 ਦੇਸ਼ਾਂ ਵਿਚ ਹੀ ਹਿੰਸਕ ਲੜਾਈਆਂ ਹੋ ਰਹੀਆਂ ਹਨ। 2010 ਵਿਚ ਸਮੁੱਚੇ ਸੰਸਾਰ ਵਿਚ 10 ਲੱਖ ਲੋਕ ਭੁੱਖਮਰੀ ਅਤੇ ਮਾੜੀ ਖ਼ੁਰਾਕ ਕਾਰਨ ਮਰੇ, ਜਦੋਂ ਕਿ 30 ਲੱਖ ਲੋਕ ਮੋਟਾਪੇ ਕਾਰਨ ਮਾਰੇ ਗਏ।

ਗੂਗਲ ਨੇ ਕੈਲੀਕੋ ਨਾਂਅ ਦੀ ਕੰਪਨੀ ਸ਼ੁਰੂ ਕੀਤੀ ਹੈ, ਜਿਸ ਦਾ ਮਿਸ਼ਨ ਮੌਤ ਦਾ ਹੱਲ **(To Solve death)** ਹੈ। ਸੰਨ 1900 ਦੇ ਨੇੜੇ ਵਿਸ਼ਵ ਪੱਧਰ 'ਤੇ ਮਨੁੱਖ ਦੀ ਔਸਤ ਉਮਰ 40 ਸਾਲ ਦੇ ਲਗਭਗ ਸੀ। ਆਧੁਨਿਕ ਦਵਾਈਆਂ ਨੇ ਸਮੇਂ ਤੋਂ ਪਹਿਲਾਂ ਆਉਣ ਵਾਲੀ ਮੌਤ ਨੂੰ ਹਰਾ ਕੇ ਸਾਨੂੰ ਪੂਰੀ ਉਮਰ ਭੋਗਣ ਦੇ ਯੋਗ ਬਣਾਇਆ ਹੈ। ਹੁਣ ਜੀਵ ਵਿਗਿਆਨ ਅਤੇ ਅੰਗ ਟਰਾਂਸਪਲਾਂਟ ਨੇ ਵਿਗਿਆਨੀਆਂ ਨੂੰ ਬੰਦੇ ਦੀ ਉਮਰ ਦੁੱਗਣੀ ਅਰਥਾਤ 150 ਸਾਲ ਤੱਕ ਵਧਾਉਣ ਬਾਰੇ ਲਗਾ ਦਿੱਤਾ ਗਿਆ ਹੈ। ਅਜੋਕੇ ਸਮੇਂ ਵਿਚ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਨੂੰ ਕਿਸੇ ਦੇਸ਼ ਦੀ ਖੁਸ਼ਹਾਲੀ ਦਾ ਪੱਧਰ ਮੰਨਿਆ ਜਾਂਦਾ ਹੈ। ਪ੍ਰੰਤੂ ਹੁਣ ਨਵੇਂ ਰੁਝਾਨਾਂ ਵਿਚ ਕੁੱਲ ਘਰੇਲੂ ਖ਼ੁਸ਼ੀ (ਜੀ.ਡੀ.ਐਚ.) ਨੂੰ ਦੇਸ਼ ਦੀ ਖੁਸ਼ਹਾਲੀ ਦਾ ਮਾਪਦੰਡ ਮੰਨਿਆ ਜਾਣ ਲੱਗਾ ਹੈ। ਫਿਲਪੀਨਜ਼ ਵਰਗੇ ਦੇਸ਼ ਵਿਚ ਇਕ ਲੱਖ ਦੀ ਅਬਾਦੀ ਪਿੱਛੇ 25 ਬੰਦੇ ਹਰ ਸਾਲ ਆਤਮ ਹੱਤਿਆ ਕਰਦੇ ਹਨ।

ਅਸੀਂ ਅਮੀਬਾ ਤੋਂ ਰੀਂਗਣ ਵਾਲੇ ਜੀਵ ਬਣੇ, ਰੀਂਗਣ ਵਾਲਿਆਂ ਤੋਂ ਥਣਧਾਰੀ ਬਣੇ। ਧਰਤੀ ਉੱਪਰ ਮੌਜੂਦਾ ਹੋਮੋਸੇਪੀਅਨ ਨਸਲ ਲੱਖਾਂ ਸਾਲਾਂ ਦੇ ਬੇਮਿਸਾਲ ਵਿਕਾਸ ਦਾ ਨਤੀਜਾ ਹੈ। ਹੋਮੋਸੇਪੀਅਨ ਨਸਲ ਆਖਰੀ ਸਟੇਸ਼ਨ ਨਹੀਂ ਹੈ। ਇਸ ਦੀ ਥਾਂ ਸੁਧਰੇ ਹੋਏ ਜੀਨਸ ਵਾਲੀ ਸੁਪਰ ਹਿਊਮਨ ਨਸਲ ਲੈ ਲਵੇਗੀ। ਇਸ ਨਸਲ ਦਾ ਨਿਸ਼ਾਨਾ ਮਾਰੂ ਜੰਗ ਨਹੀਂ, ਸਗੋਂ ਬ੍ਰਹਿਮੰਡ ਹੋਵੇਗਾ। ਭਵਿੱਖ ਬਾਰੇ ਅਨੁਮਾਨ ਲਗਾਉਂਦਾ ਲੇਖਕ ਇਸ ਗੱਲ ਬਾਰੇ ਵੀ ਚੇਤੰਨ ਹੈ ਕਿ ਇਤਿਹਾਸ ਤੋਂ ਭਵਿੱਖ ਦਾ ਅਨੁਮਾਨ ਲਗਾਉਣਾ ਹਮੇਸ਼ਾ ਠੀਕ ਨਹੀਂ ਹੁੰਦਾ। ਜਿੰਨਾ ਜ਼ਿਆਦਾ ਅਸੀਂ ਇਤਿਹਾਸ ਨੂੰ ਜਾਣਦੇ ਹਾਂ, ਓਨੀ ਹੀ ਤੇਜ਼ੀ ਨਾਲ ਇਤਿਹਾਸ ਆਪਣਾ ਰਸਤਾ ਬਦਲ ਲੈਂਦਾ ਹੈ। ਇਤਿਹਾਸ ਇਸ ਲਈ ਪੜ੍ਹਿਆ ਜਾਂਦਾ ਹੈ ਤਾਂ ਕਿ ਸਾਡੀਆਂ ਕਲਪਨਾਵਾਂ ਦੇ ਦਿਸਹੱਦੇ ਹੋਰ ਵਿਸ਼ਾਲ ਹੋ ਜਾਣ।

ਨਵੀਂ ਨਸਲ ਦੇ ਸੰਬੰਧ ਮੌਜੂਦਾ ਹੋਮੋਸੇਪੀਅਨ ਨਸਲ ਨਾਲ ਕਿਹੋ ਜਿਹੇ ਹੋਣਗੇ ? ਸੰਭਵ ਹੈ ਕਿ ਇਹ ਵਧੀਆ ਹੋਣ ਪਰ ਨਵੀਂ ਨਸਲ ਪੁਰਾਣੀ ਨਸਲ ਨੂੰ ਖ਼ਤਮ ਵੀ ਕਰ ਸਕਦੀ ਹੈ। ਹੋਮੋਸੇਪੀਅਨ ਨਸਲ ਧਰਤੀ ਉੱਪਰਲੀਆਂ ਪੰਜ ਮਨੁੱਖੀ ਨਸਲਾਂ ਨੂੰ ਖ਼ਤਮ ਕਰ ਚੁੱਕੀ ਹੈ। ਇਸ ਨੇ ਬਹੁਤ ਸਾਰੇ ਜੰਗਲੀ ਜੀਵ ਵੀ ਖ਼ਤਮ ਕਰ ਦਿੱਤੇ ਹਨ। ਦੁਨੀਆ ਹੁਣ ਇਕ ਬੰਦੇ ਦਾ ਤਮਾਸ਼ਾ ਬਣ ਕੇ ਰਹਿ ਗਈ ਹੈ। ਵਿਸ਼ਵ ਦੇ ਬਹੁਤੇ ਧਰਮਾਂ ਨੇ ਵੀ ਇਹ ਮੰਨ ਲਿਆ ਸੀ ਕਿ ਆਤਮਾ ਸਿਰਫ ਮਨੁੱਖ ਅੰਦਰ ਹੁੰਦੀ ਹੈ।

ਹਰਾਰੀ ਮਨੁੱਖ ਦੀ ਸਫਲਤਾ ਦਾ ਰਾਜ਼ ਇਸ ਦੀ ਇਕੱਠੇ ਹੋਣ ਤੇ ਇਕ-ਦੂਜੇ ਨਾਲ ਹੋਰਾਂ ਨਾਲੋਂ ਬਿਹਤਰ ਤਾਲਮੇਲ ਕਰਨ ਵਿਚ ਮੰਨਦਾ ਹੈ। ਮਨੁੱਖਾਂ ਵਿਚ ਵੀ ਉਹੀ ਧੜੇ ਵਧੇਰੇ ਕਾਮਯਾਬ ਹੁੰਦੇ ਹਨ ਜਿਹੜੇ ਦੂਸਰੇ ਧੜਿਆਂ ਦੇ ਮੁਕਾਬਲੇ ਜ਼ਿਆਦਾ ਵਧੀਆ ਤਾਲਮੇਲ ਕਰਦੇ ਹਨ। ਰੋਮਾਨੀਆ ਦਾ ਭ੍ਰਿਸ਼ਟ ਕਮਿਊਨਿਸਟ ਰਾਸ਼ਟਰਪਤੀ ਨਿਕੋਲੇ ਸਉਸੇਸਕੂ ਇਸ ਲਈ 40 ਸਾਲ ਸਫਲਤਾ ਨਾਲ ਰਾਜ ਕਰੀ ਗਿਆ ਕਿਉਂਕਿ ਉਹ ਆਪਣੀ ਸਰਕਾਰ ਵਿਚ ਹਰ ਥਾਂ ਆਪਣੇ ਵਰਗੇ ਭ੍ਰਿਸ਼ਟ ਤੇ ਨਿੱਜੀ ਬੰਦੇ ਹੀ ਲਗਾਉਂਦਾ ਸੀ। ਦਸੰਬਰ 21, 1989 ਵਾਲੇ ਦਿਨ 'ਨਿਕੋਲੇ' ਨੂੰ ਸੱਤਾ ਤੋਂ ਹਟਾ ਕੇ ਕਤਲ ਕਰ ਦਿੱਤਾ ਗਿਆ, ਕਿਉਂਕਿ ਉਲਟ ਇਨਕਲਾਬੀ



ਭੀੜ ਕਮਿਊਨਿਸਟ ਫ਼ੌਜ ਅਤੇ ਪੁਲਿਸ ਨਾਲੋਂ ਬਿਹਤਰ ਤਰੀਕੇ ਨਾਲ ਤਾਲਮੇਲ ਕਰ ਸਕੀ। ਬਾਅਦ ਵਿਚ ਲੋਕਤੰਤਰੀ ਤਰੀਕੇ ਨਾਲ ਬਣੀ ਸਰਕਾਰ ਵਿਚ ਭ੍ਰਿਸ਼ਟ ਸਾਬਕਾ ਕਮਿਊਨਿਸਟ ਇਸ ਲਈ ਸੱਤਾ ਦੇ ਭਾਈਵਾਲ ਬਣ ਗਏ ਕਿਉਂਕਿ ਉਨਾਂ ਨੇ ਵਿਦਰੋਹੀਆਂ ਨਾਲੋਂ ਵਧੇਰੇ ਚੰਗੇ ਤਰੀਕੇ ਨਾਲ ਤਾਲਮੇਲ ਕੀਤਾ ਸੀ। ਹੁਣ ਨਵੇਂ ਪੂੰਜੀਵਾਦੀ ਰੋਮਾਨੀਆ ਵਿਚ ਸਾਬਕਾ ਕਮਿਊਨਿਸਟ ਇਸ ਲਈ ਸਾਰੀਆਂ ਵੱਡੀਆਂ ਜਾਇਦਾਦਾਂ ਅਤੇ ਕੰਪਨੀਆਂ ਦੇ ਮਾਲਕ ਬਣ ਗਏ ਕਿਉਂਕਿ ਉਨਾਂ ਨੇ ਤਾਲਮੇਲ ਨਾਲ ਕਮਿਊਨਿਸਟ ਰੋਮਾਨੀਆ ਵਿਚ ਧਨ ਕਮਾਇਆ ਸੀ।

ਭਵਿੱਖ ਵਿਚ ਵੱਡੀਆਂ ਰਾਜਨੀਤਕ ਤਬਦੀਲੀਆਂ ਵਾਪਰ ਸਕਦੀਆਂ ਹਨ। ਮਨੁੱਖ ਮਿੱਥਾਂ ਬਣਾਉਂਦਾ, ਉਨਾਂ ਦੇ ਸੱਚ ਹੋਣ ਵਿਚ ਯਕੀਨ ਕਰਦਾ ਤੇ ਫਿਰ ਉਨਾਂ ਨੂੰ ਤੋੜਦਾ ਹੈ। ਇਸ ਨੇ 20ਵੀਂ ਸਦੀ ਵਿਚ ਇਕ ਮਨੁੱਖੀ ਸਵਰਗ ਸਿਰਜਣ ਲਈ ਮਹਾਨ ਰਾਜਨੀਤਕ ਅਰਥ ਸ਼ਾਸਤਰੀ ਕਾਰਲ ਮਾਰਕਸ ਦੇ ਸਿਧਾਂਤਾਂ ਦੇ ਆਧਾਰ 'ਤੇ 'ਸੋਵੀਅਤ ਯੂਨੀਅਨ' ਨਾਂ ਦਾ ਦੇਸ਼ ਬਣਾਇਆ। ਜਿਹੜਾ ਦੇਸ਼ ਇਕ ਸਮੇਂ ਸਾਰੀ ਦੁਨੀਆ ਨੂੰ ਤਬਾਹ ਕਰਨ ਦੀ ਸਮਰੱਥਾ ਰੱਖਦਾ ਸੀ, ਉਹ 8 ਦਸੰਬਰ, 1991 ਨੂੰ ਦੁਪਹਿਰ 2 ਵਜੇ 'ਬਿਸਕੁਲੀ' ਦੇ ਨੇੜੇ ਇਕ ਸਰਕਾਰੀ ਡਾਚੇ ਵਿਚ ਚਾਰ ਸਤਰਾਂ ਦੇ ਐਲਾਨ ਨਾਲ ਖ਼ਤਮ ਕਰ ਦਿੱਤਾ ਗਿਆ।

21ਵੀਂ ਸਦੀ ਵਿਚ ਹਰ ਦੇਸ਼ ਦਾ ਇਕ ਉਦੇਸ਼ ਬਣ ਗਿਆ ਹੈ। 'ਵਿਕਾਸ ਤੇ ਹੋਰ ਵਿਕਾਸ'। ਇਸ ਨੇ ਪਰਿਵਾਰ ਦੀ ਸੰਸਥਾ ਨੂੰ ਤੋੜ ਕੇ ਰੱਖ ਦਿੱਤਾ ਹੈ। ਜਦੋਂ ਕੋਈ ਸਾਫਟਵੇਅਰ ਇੰਜੀਨੀਅਰ ਦੂਜੀ ਥਾਂ ਜਾ ਕੇ ਵਧੇਰੇ ਕਮਾਈ ਕਰ ਸਕਦਾ ਹੈ ਤਾਂ ਉਹ ਬਜ਼ੁਰਗਾਂ ਦੀ ਸੇਵਾ ਵਾਸਤੇ ਕਿਉਂ ਰੁਕੇਗਾ ? ਬਜ਼ੁਰਗਾਂ ਦਾ ਧਿਆਨ ਰੱਖਣ ਵਾਲੀ ਨੈਤਿਕਤਾ ਸਾਇੰਸ ਅਤੇ ਆਰਥਿਕਤਾ ਹੱਥੋਂ ਹਾਰ ਰਹੀ ਹੈ। ਧਰਮ ਦੀ ਪਕੜ ਮਨੁੱਖ ਉੱਪਰ ਕਮਜ਼ੋਰ ਪੈਂਦੀ ਜਾ ਰਹੀ ਹੈ। ਅੱਜ ਧਰਮ-ਨਿਰਪੱਖ ਨੀਂਦਰਲੈਂਡ ਦੇ ਮੁਕਾਬਲੇ ਰੱਬ ਤੋਂ ਡਰਨ ਵਾਲਾ ਸੀਰੀਆ ਵਧੇਰੇ ਹਿੰਸਕ ਹੈ। ਧਰਮ ਦੀ ਥਾਂ ਧਰਮ-ਨਿਰਪੱਖਤਾ, ਲੋਕਤੰਤਰ ਤੇ ਸਮਾਜਵਾਦ ਜਿਹੇ ਨਵੇਂ ਧਰਮ ਪੈਦਾ ਹੋ ਚੁੱਕੇ ਹਨ। ਮਨੁੱਖਤਾਵਾਦ ਜਾਂ ਮਾਨਵਵਾਦ ਇਕ ਵਿਸ਼ਵਵਿਆਪੀ ਧਰਮ ਦੇ ਤੌਰ 'ਤੇ ਉੱਭਰ ਰਿਹਾ ਹੈ। ਅੱਜ ਬਹੁਤ ਸਾਰੇ ਸ਼ੁੱਭ ਕੰਮ ਰੱਬ ਦੇ ਨਾਂ ਦੀ ਥਾਂ ਮਨੁੱਖਤਾ ਦੇ ਨਾਂ 'ਤੇ ਹੋ ਰਹੇ ਹਨ। ਹਰਾਰੀ ਇੰਟਰਨੈੱਟ ਰਾਹੀਂ ਬੁਣੇ ਜਾ ਰਹੇ ਸਮੁੱਚੇ ਮਾਨਵ ਨੂੰ ਇਕ-ਦੂਜੇ ਦੇ ਕਰੀਬ ਆਉਂਦਾ ਦੇਖ ਰਿਹਾ ਹੈ। ਉਹ ਅਸਮਾਨ ਜਿਹੜਾ ਕਦੀ ਭੂਤਾਂ, ਪਰੀਆਂ, ਦੇਵਤਿਆਂ ਤੇ ਰੱਬਾਂ ਨਾਲ ਭਰਿਆ ਹੋਇਆ ਸੀ, ਅਜੋਕੇ ਮਨੁੱਖ ਲਈ ਸਿਰਫ ਤਾਰਿਆਂ ਦਾ ਸੰਸਾਰ ਬਣ ਗਿਆ ਹੈ। ਭਵਿੱਖ ਵਿਚ ਨਕਲੀ ਬੌਧਿਕਤਾ ਮਨੁੱਖ ਦੇ ਬਹੁਤ ਸਾਰੇ ਕੰਮਾਂ 'ਤੇ ਕਾਬਜ਼ ਹੋਣ ਜਾ ਰਹੀ ਹੈ। ਡਰਾਈਵਰ, ਅਧਿਆਪਕ, ਵਕੀਲ, ਜੱਜ, ਫ਼ੌਜੀ, ਡਾਕਟਰ ਆਦਿ ਅਨੇਕਾਂ ਕਿੱਤੇ ਖ਼ਤਮ ਹੋਣ ਦੀ ਕਗਾਰ 'ਤੇ ਹਨ। ਸੰਭਵ ਹੈ ਕਿ ਇਹ ਲੋਕ ਇਕੱਠੇ ਹੋ ਕੇ ਵੱਡੇ ਪੱਧਰ ਦੇ ਵਿਦਰੋਹ ਕਰਨ, ਜਿਸ ਤਰਾਂ ਉਦਯੋਗਿਕ ਕ੍ਰਾਂਤੀ ਨੇ ਵੱਡੇ ਇਨਕਲਾਬਾਂ ਨੂੰ ਜਨਮ ਦਿੱਤਾ, ਉਸੇ ਤਰਾਂ ਕੰਪਿਊਟਰ ਐਲੋਗੈਰਿਥਮ ਦੇ ਹਰ ਜਗਾ ਫੈਲਣ ਨਾਲ ਵਿਹਲੀ ਹੋਈ ਮਨੁੱਖੀ ਸ਼ਕਤੀ ਕੁਝ ਵੀ ਕਰ ਸਕਦੀ ਹੈ। ਫੇਸਬੁੱਕ ਤੇ ਗੂਗਲ ਵਰਗੀਆਂ ਕੰਪਨੀਆਂ ਤੁਹਾਨੂੰ ਤੁਹਾਡੀਆਂ ਪਸੰਦਾਂ ਤੇ ਨਾਪਸੰਦਾਂ ਦੇ ਆਧਾਰ 'ਤੇ ਨਿੱਜੀ ਤੇ ਜ਼ਰੂਰੀ ਫ਼ੈਸਲੇ ਲੈਣ ਵਿਚ ਸਲਾਹ ਦੇਣ ਦੇ ਸਮਰੱਥ ਹੋਣਗੀਆਂ। ਭਵਿੱਖ ਵਿਚ ਸਰਕਾਰਾਂ ਦੀ ਪਕੜ ਘਟਦੀ ਜਾਵੇਗੀ ਤੇ ਇੰਟਰਨੈੱਟ ਦੀ ਪਕੜ ਵਧਦੀ ਜਾਵੇਗੀ। ਵਿਸ਼ਵ ਭਰ ਦੇ ਸਿਆਸਤਦਾਨਾਂ ਕੋਲ ਕੁਝ ਵੀ ਨਵਾਂ ਨਹੀਂ ਹੈ। ਬਹੁਤ ਨੇੜੇ ਦੇ ਭਵਿੱਖ ਦੀ ਦੁਨੀਆ ਅੱਜ ਦੀ ਦੁਨੀਆ ਨਾਲੋਂ ਬਹੁਤ ਵੱਖਰੀ ਹੋਵੇਗੀ।




# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਛੋਟਾ ਘੱਲੂਘਾਰਾ



ਸੂਬੇਦਾਰ ਜ਼ਕਰੀਆ ਖ਼ਾਨ ਦੀ ਮੌਤ ਤੋਂ ਬਾਅਦ ਯਹੀਆ ਖ਼ਾਨ ਲਾਹੌਰ ਦਾ ਸੂਬੇਦਾਰ ਬਣਿਆ। ਲਖਪਤ ਰਾਏ ਇਸ ਦਾ ਦੀਵਾਨ ਸੀ। ਦੀਵਾਨ ਲਖਪਤ ਰਾਏ ਅਤੇ ਇਸ ਦੇ ਭਰਾ ਜਸਪਤ ਰਾਏ ਨੇ ਸਿੱਖਾਂ ਨੂੰ ਮੂਲੋਂ ਹੀ ਖਤਮ ਕਰਨ ਦੀ ਠਾਣ ਲਈ ਹੋਈ ਸੀ। ਇਕ ਝੜਪ ਵਿਚ ਜਸਪਤ ਰਾਏ ਸਿੱਖਾਂ ਹੱਥੋਂ ਮਾਰਿਆ ਗਿਆ। ਦੀਵਾਨ ਲਖਪਤ ਰਾਏ ਨੇ ਬਦਲਾ ਲੈਣ ਲਈ 10 ਮਾਰਚ, 1746 ਈ: ਨੂੰ ਲਾਹੌਰ ਵਿੱਚ ਵੱਸਦੇ ਸਿੱਖਾਂ ਨੂੰ ਕਤਲ ਕਰਨ ਦਾ ਮਨ ਬਣਾ ਲਿਆ।

ਕੌੜਾ ਮੱਲ ਨੇ ਪਤਵੰਤੇ ਸ਼ਹਿਰੀਆਂ ਨੂੰ ਨਾਲ ਲੈ ਕੇ ਲਖਪਤ ਰਾਏ ਨੂੰ ਅਜਿਹਾ ਕਰਨ ਤੋਂ ਰੋਕਿਆ ਪਰ ਇਸ ਨੇ ਕਿਸੇ ਦੀ ਪਰਵਾਹ ਕੀਤੇ ਬਿਨਾਂ ਹਜ਼ਾਰਾਂ ਸਿੱਖਾਂ ਨੂੰ ਕਤਲ ਕਰਵਾ ਦਿੱਤਾ। ਉਸ ਪਿਛੋਂ, 16 ਮਈ 1746 ਈ: ਨੂੰ, ਫੌਜ ਇਕੱਠੀ ਕਰ ਕੇ ਇਹ ਜੰਗਲਾਂ ਵਿਚ ਲੁਕੇ ਸਿੰਘਾਂ ਦੀ ਭਾਲ ਵਿੱਚ ਨਿਕਲ ਪਿਆ। ਕਾਹਨੂੰਵਾਨ ਦੇ ਛੰਭ ਵਿਚ ਸੱਤ ਹਜ਼ਾਰ ਦੇ ਕਰੀਬ ਸਿੰਘਾਂ ਨੂੰ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ। ਤਿੰਨ ਹਜ਼ਾਰ ਦੇ ਲਗਭਗ ਸਿੰਘ ਗ੍ਰਿਫ਼ਤਾਰ ਕਰ ਕੇ ਕਤਲ ਕਰ ਦਿੱਤੇ ਗਏ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿਚ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ। ਘੱਲੂਘਾਰਾ' ਸ਼ਬਦ ਦਾ ਸਬੰਧ ਅਫ਼ਗਾਨੀ ਬੋਲੀ ਨਾਲ ਹੈ, ਜਿਸ ਦੇ ਅੱਖਰੀ ਅਰਥ ਹਨ ਸਭ ਕੁਝ ਤਬਾਹ ਹੋ ਜਾਣਾ, ਵੱਡੇ ਪੱਧਰ 'ਤੇ ਕਤਲੇਆਮ ਹੋਣਾ, ਨਸਲਘਾਤ ਜਾਂ ਸਰਵਨਾਸ਼। ਸਿੱਖ ਕੌਮ ਹਮੇਸ਼ਾ ਤੋਂ ਜ਼ੁਲਮ ਖਿਲਾਫ ਲੜਦੀ ਰਹੀ ਹੈ ਅਤੇ ਕਿਸੇ ਦੀ ਗੁਲਾਮੀ ਜਾਂ ਈਨ ਨਾ ਸਵੀਕਾਰ ਕਰਨ ਕਰਕੇ ਸਮੇਂ-ਸਮੇਂ ਸਿਰ ਸਿੱਖਾਂ ਨੂੰ ਭਿਆਨਕ ਘੱਲੂਘਾਰਿਆਂ ਦਾ ਸਾਹਮਣਾ ਕਰਨਾ ਪਿਆ।

ਲਖਪਤ ਰਾਏ ਦੇ ਇਸ ਸ਼ਰਮਨਾਕ ਕਾਰੇ ਤੋਂ ਨਿਰਾਸ਼ ਹੋ ਕੇ ਕੌੜਾ ਮੱਲ ਮੁਲਤਾਨ ਚਲਾ ਗਿਆ।ਲਖਪਤ ਰਾਏ ਦੀ ਇਸ ਦਰਿੰਦਗੀ ਦੀ ਖ਼ਬਰ ਜਦ ਨਵਾਬ ਕਪੂਰ ਸਿੰਘ ਨੂੰ ਲੱਗੀ ਤਾਂ ਉਸ ਨੇ ਸਿਰਕੱਢ ਸਿੱਖ ਆਗੂਆਂ ਤੇ ਵੱਖ-ਵੱਖ ਸਿੱਖ ਜਥੇਬੰਦੀਆਂ ਨੂੰ ਸੁਨੇਹੇ ਭੇਜ ਕੇ ਗੁਰਦਾਸ ਪੁਰ ਜ਼ਿਲੇ ਦੀ ਕਾਹਨੂੰਵਾਨ ਛੰਭ ਜੋ ਮੁਕੇਰੀਆਂ ਨੂੰ ਜਾਂਦੀ ਸੜਕ 'ਤੇ 8 ਕਿਲੋਮੀਟਰ ਦੂਰ ਫੌਜੀ ਛਾਉਣੀ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿਤ ਹੈ, ਵਿਖੇ ਇਕੱਠੇ ਹੋਣ ਦੇ ਸੰਦੇਸ਼ੇ ਭੇਜੇ। ਸ. ਜੱਸਾ ਸਿੰਘ ਆਹਲੂਵਾਲੀਆ ਵੀ ਇਸ ਇਕੱਠ ਵਿੱਚ ਸ਼ਾਮਲ ਸਨ, ਜਿਨਾਂ ਨੇ ਆਉਣ ਵਾਲ਼ੇ ਸਮੇਂ ਵਿੱਚ ਮਹਾਨ ਜਰਨੈਲ ਦੇ ਰੂਪ ਵਿੱਚ ਸਿੱਖ ਕੌਮ ਦੀ ਸੇਵਾ ਕੀਤੀ। ਇਸ ਗੱਲ ਦੇ ਪ੍ਰਮਾਣ ਰਤਨ ਸਿੰਘ ਭੰਗੂ ਰਚਿਤ 'ਪੰਥ ਪ੍ਰਕਾਸ਼' ਵਿੱਚ ਮਿਲਦੇ ਹਨ। ਇਸ ਛੰਭ ਵਿੱਚ ਕੋਈ 15000 ਸਿੱਖ ਇਕੱਠੇ ਹੋ ਗਏ। ਕਈ ਇਤਿਹਾਸਕਾਰਾਂ ਨੇ ਇਹ ਗਿਣਤੀ 25000 ਹਜ਼ਾਰ ਵੀ ਲਿਖੀ ਹੈ।

ਸੂਹ ਮਿਲਣ 'ਤੇ ਜ਼ਕਰੀਆ ਖਾਂ ਦਾ ਪੁੱਤਰ ਯਹੀਆ ਖਾਂ ਤੇ ਲਖਪਤ ਰਾਏ ਗੋਲ਼ੇ ਬਾਰੂਦ ਨਾਲ ਲੈਸ ਆਪਣੀ ਭਾਰੀ ਫੌਜ ਲੈ ਕੇ ਹਮਲਾ ਕਰਨ ਲਈ ਆਣ ਪਹੁੰਚੇ। ਤੋਪਾਂ ਬੀੜ ਕੇ ਅੱਗ ਦੇ ਗੋਲ਼ੇ ਸਿੱਖਾਂ ਉੱਪਰ ਬਰਸਾਏ ਗਏ। ਸਿੰਘ ਰਾਤ ਸਮੇਂ ਹਨੇਰੇ ਦਾ ਫ਼ਾਇਦਾ ਉੱਠਾ ਕੇ ਲਖਪਤ ਰਾਏ ਦੀਆਂ ਫ਼ੌਜਾਂ ਦਾ ਰਾਸ਼ਨ ਪਾਣੀ ਚੁੱਕ ਕੇ ਫਿਰ ਛੰਭ ਵਿੱਚ ਵੜ ਜਾਂਦੇ ਤੇ ਅਗਲੇ ਦਿਨ ਦੇ ਹਮਲੇ ਲਈ ਤਿਆਰ ਹੋ ਜਾਂਦੇ। ਭੁੱਖਣ ਭਾਣੇ ਸਿੰਘ ਕਾਫ਼ੀ ਸਮੇਂ ਤੱਕ ਇਸੇ ਤਰਾਂ ਲੜਦੇ ਰਹੇ। ਜਦੋਂ ਇਸ ਗੱਲ ਦਾ ਪਤਾ ਮੁਲਤਾਨ ਦੇ ਵਜ਼ੀਰ ਕੌੜਾ ਮੱਲ ਨੂੰ ਲੱਗਿਆ ਤਾਂ ਉਸ ਨੇ ਘੋੜਿਆਂ, ਖੱਚਰਾਂ 'ਤੇ ਰਾਸ਼ਨ ਲੱਦ ਕੇ ਜੰਮੂ ਕਸ਼ਮੀਰ ਭੇਜਣ ਦੇ ਬਹਾਨੇ ਨਾਲ ਉਸੇ ਰਸਤੇ ਭੇਜ ਦਿੱਤਾ ਤੇ ਉਧਰ ਆਪਣੇ ਗੁਪਤ ਚਰ ਰਾਹੀਂ ਸਿੰਘਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਜਦੋਂ ਇਹ ਰਾਸ਼ਨ ਇਸ ਰਸਤਿਓਂ ਲੰਘੇ ਤਾਂ ਲੁੱਟ ਲਿਆ ਜਾਵੇ। ਸਿੰਘਾਂ ਨੇ ਇਸੇ ਤਰਾਂ ਕੀਤਾ। ਕੌੜਾ ਮੱਲ ਦੀ ਇਸ ਹਮਦਰਦੀ ਕਰਕੇ ਇਤਿਹਾਸ ਕੌੜਾ ਮੱਲ ਨੂੰ ਮਿੱਠਾ ਮੱਲ ਕਹਿ ਕੇ ਯਾਦ ਕਰਦਾ ਹੈ। ਇਹ ਲੜਾਈ ਕਾਫ਼ੀ ਲੰਮੀ (ਲਗਭਗ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੱਕ) ਚੱਲੀ। ਇੰਨੀ ਲੰਬੀ ਲੜਾਈ ਚੱਲਣ ਕਰਕੇ ਸਿੰਘਾਂ ਦਾ ਕੌੜਾ ਮੱਲ ਵੱਲੋਂ ਭੇਜਿਆ ਹੋਇਆ ਰਾਸ਼ਨ ਪਾਣੀ ਵੀ ਖਤਮ ਹੋ ਗਿਆ। ਗੋਲ਼ੀ ਸਿੱਕਾ ਖ਼ਤਮ ਹੋ ਗਿਆ, ਲੜਦੇ-ਲੜਦੇ ਹਥਿਆਰ ਵੀ ਖੁੰਡੇ ਹੋ ਗਏ।

ਲਖਪਤ ਰਾਏ ਦਾ ਮਾਮਾ ਤੇ ਪੁੱਤਰ ਸਿੰਘਾਂ ਹੱਥੋਂ ਮਾਰੇ ਗਏ। ਲਖਪਤ ਰਾਏ ਆਪਣੀ ਹਾਰ ਨੂੰ ਵੇਖ ਕੇ ਘਟੀਆ ਤੌਰ-ਤਰੀਕਿਆਂ 'ਤੇ ਉਤਰ ਆਇਆ। ਉਸ ਨੇ ਸੋਚਿਆ ਕਿ ਉਹ ਦਿੱਲੀ ਦਰਬਾਰ ਜਾ ਕੇ ਕੀ ਮੂੰਹ ਵਿਖਾਏਗਾ ? ਉਸ ਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਇਕੱਠੇ ਕਰਕੇ ਇਸ ਛੰਭਨੁਮਾ ਜੰਗਲ ਦੇ ਰੁੱਖਾਂ ਨੂੰ ਕਟਵਾ ਕੇ ਚੁਫੇਰਿਉਂ ਅੱਗ ਲਗਵਾ ਦਿੱਤੀ, ਜਿਸ ਨਾਲ ਸਿੰਘਾਂ ਨੂੰ ਚਾਰ-ਚੁਫੇਰਿਉਂ ਮੁਸੀਬਤਾਂ ਪੈ ਗਈਆਂ। ਇਕ ਜੇਠ-ਹਾੜ ਦੀ ਅੱਤ ਦੀ ਗਰਮੀ, ਦੂਜਾ ਜੰਗਲ ਦੀ ਅੱਗ, ਤੀਜਾ ਉੱਚੇ ਪਹਾੜ 'ਤੇ ਵਿਰੋਧੀ ਪਹਾੜੀ ਰਾਜੇ ਅਤੇ ਚੌਥਾ ਚੜਦੇ ਪਾਸੇ ਸ਼ੂਕਦਾ ਬਿਆਸ ਦਰਿਆ। ਸਿੱਖ ਜਰਨੈਲਾਂ ਨੇ ਸਿੱਖੀ ਦੀ ਸ਼ਾਨ ਬਚਾਉਣ ਲਈ ਮਤਾ ਪਾਸ ਕਰਕੇ ਮੈਦਾਨੇ-ਜੰਗ 'ਚ ਦੁਸ਼ਮਣ ਨਾਲ ਜੂਝ ਕੇ ਲੜਨ ਤੇ ਸ਼ਹੀਦੀਆਂ ਪ੍ਰਾਪਤ ਕਰਨ ਦਾ ਅਟੱਲ ਫ਼ੈਸਲਾ ਕਰ ਲਿਆ ਤੇ ਸਿੰਘ ਚੜਦੀ ਕਲਾ ਦੇ ਜੈਕਾਰੇ ਲਗਾਉਂਦਿਆਂ ਦੁਸ਼ਮਣ ਖਿਲਾਫ ਜੂਝ ਪਏ। ਲੜਾਈ ਸ਼ੁਰੂ ਹੋ ਗਈ ਕਈ ਸਿੱਖ ਮੁਗਲਾਂ ਨਾਲ ਲੜਦੇ ਸ਼ਹੀਦ ਹੋ ਗਏ। ਇਹਨਾਂ ਵਿੱਚੋਂ ਇੱਕ ਜੱਥੇ ਦੇ ਮੋਢੀ ਸੁੱਖਾ ਸਿੰਘ ਨੇ ਮੁਗਲ ਫ਼ੌਜ ਦੇ ਚੰਗੇ ਆਹੂ ਲਾਹੇ ਤੇ ਆਪ ਵੀ ਜ਼ਖਮੀ ਹੋ ਗਿਆ। ਜੱਦੋ ਜਹਿਦ ਕਰਦਿਆਂ ਸਿੱਖ ਦਰਿਆ ਵਿੱਚ ਠਿੱਲ ਪਏ। ਕਈ ਰੁੜ ਗਏ, ਕਈ ਬਚ ਕੇ ਪਹਾੜਾਂ ਵੱਲ ਚਲੇ ਗਏ ਤੇ ਕਈ ਕੀਰਤਪੁਰ ਸਾਹਿਬ ਵੱਲ ਚਲੇ ਗਏ। ਕਈ ਮੁਗਲਾਂ ਨੇ ਕੈਦ ਕਰ ਲਏ।ਯਹੀਆ ਖ਼ਾਨ ਦਾ ਛੋਟਾ ਭਰਾ ਸ਼ਾਹ ਨਿਵਾਜ਼ ਖਾਂ ਸੀ। ਦੋਵੇਂ ਸੂਬੇਦਾਰ ਭਰਾਵਾਂ ਵਿਚ ਅੰਦਰੋ-ਅੰਦਰੀ ਸੰਘਰਸ਼ ਚੱਲਿਆ ਆ ਰਿਹਾ ਸੀ।

11 ਜਨਵਰੀ 1748 ਈ: ਨੂੰ ਅਹਿਮਦ ਸ਼ਾਹ ਦੁਰਾਨੀ ਨੇ ਲਾਹੌਰ ਉੱਪਰ ਕਬਜ਼ਾ ਕਰ ਲਿਆ, ਪਰ ਜਲਦੀ ਹੀ ਸਰਹਿੰਦ ਨੇੜੇ ਹਾਰ ਖਾ ਕੇ ਵਾਪਸ ਆਪਣੇ ਮੁਲਕ ਚਲਾ ਗਿਆ। ਦਿੱਲੀ ਦੀ ਮੁਗ਼ਲ ਸਰਕਾਰ ਨੇ ਇਸ ਸਮੇਂ ਮੀਰ ਮਨੂੰ ਨੂੰ ਲਾਹੌਰ ਦਾ ਸੂਬੇਦਾਰ ਬਣਾਉਣ ਦੀ ਸੋਚੀ। ਮੀਰ ਮਨੂੰ ਮੁਗ਼ਲ ਸ਼ਹਿਨਸ਼ਾਹ ਦੇ ਵਜ਼ੀਰ ਕਮਰ-ਉ-ਦੀਨ ਦਾ ਪੁੱਤਰ ਸੀ। 11 ਅਪ੍ਰੈਲ 1748 ਈ: ਨੂੰ ਮੀਰ ਮਨੂੰ ਪੰਜਾਬ ਦਾ ਸੂਬੇਦਾਰ ਬਣਾ ਦਿੱਤਾ ਗਿਆ ਅਤੇ ਲਖਪਤ ਰਾਏ ਇਸ ਦਾ ਦੀਵਾਨ ਬਣਿਆ।ਦੀਵਾਨ ਲਖਪਤ ਰਾਏ ਵੀ ਲਾਹੌਰ ਦਾ ਸੂਬੇਦਾਰ ਬਣਨਾ ਚਾਹੁੰਦਾ ਸੀ। ਉਸ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਅੰਦਰ ਖਾਤੇ ਗੱਠਜੋੜ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਇਸ ਗੱਲ ਦਾ ਪਤਾ ਮੀਰ ਮਨੂੰ ਨੂੰ ਲੱਗਾ ਤਾਂ ਉਸ ਨੇ ਲਖਪਤ ਰਾਏ ਨੂੰ ਹਟਾ ਕੇ ਕੌੜਾ ਮੱਲ ਨੂੰ ਆਪਣਾ ਦੀਵਾਨ ਨਿਯੁਕਤ ਕਰ ਲਿਆ।ਦੀਵਾਨ ਕੌੜਾ ਮੱਲ ਸਿੱਖਾਂ ਦਾ ਵੀ ਹਿਤੈਸ਼ੀ ਸੀ ਅਤੇ ਗੁਰੂ-ਘਰ ਪ੍ਰਤੀ ਸ਼ਰਧਾ ਵੀ ਰੱਖਦਾ ਸੀ। ਇਸ ਨੇ ਪਹਿਲਾਂ ਵੀ ਕਈ ਵਾਰ ਅੰਦਰ ਖਾਤੇ ਸਿੱਖਾਂ ਦੀ ਮਦਦ ਕੀਤੀ ਸੀ।

ਅਕਤੂਬਰ 1748 ਈ: ਨੂੰ ਸਿੰਘਾਂ ਦੇ ਜਥੇ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲੀ 'ਤੇ ਇਕੱਠੇ ਹੋਏ। ਮੀਰ ਮਨੂੰ ਨੇ ਸਿੱਖਾਂ ਨੂੰ ਖਤਮ ਕਰਨ ਦਾ ਇਹ ਸੁਨਹਿਰੀ ਮੌਕਾ ਜਾਣ ਕੇ ਭਾਰੀ ਫੌਜਾਂ ਲੈ ਕੇ ਸ੍ਰੀ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ। ਪੰਜ ਸੌ ਦੇ ਲੱਗਭਗ ਸਿੰਘ ਸ੍ਰੀ ਦਰਬਾਰ ਸਾਹਿਬ ਨੇੜੇ ਰਾਮਰੌਣੀ ਦੀ ਕੱਚੀ ਗੜੀ ਵਿਚ ਜਾ ਕੇ



ਦੁਸ਼ਮਣ ਦੇ ਮੁਕਾਬਲੇ ਲਈ ਡਟ ਗਏ। ਮੀਰ ਮਨੂੰ ਨੇ ਰਾਮਰੌਣੀ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਲਿਆ। ਦੋ ਮਹੀਨੇ ਦੇ ਲੱਗਭਗ ਘੇਰਾ ਰਿਹਾ ਤਾਂ ਗੜੀ ਅੰਦਰੋਂ ਦਾਣਾ ਪੱਠਾ ਖਤਮ ਹੋਣਾ ਸ਼ੁਰੂ ਹੋ ਗਿਆ। ਸਿੰਘ ਅਤੇ ਘੋੜੇ ਭੁੱਖ ਅਤੇ ਫੌਜਾਂ ਦਾ ਮੁਕਾਬਲਾ ਕਰਦੇ ਸ਼ਹੀਦ ਹੋਣ ਲੱਗੇ। ਦੋ ਮਹੀਨੇ ਦੀ ਲੜਾਈ ਵਿਚ ਦੋ ਸੌ ਦੇ ਲੱਗਭਗ ਸਿੰਘ ਸ਼ਹੀਦ ਹੋ ਗਏ। ਬਾਕੀ ਦੇ ਤਿੰਨ ਸੌ ਦੇ ਸਿੰਘਾਂ ਨੇ ਵੈਰੀ ਨਾਲ ਮੁਕਾਬਲਾ ਕਰ ਕੇ ਸ਼ਹੀਦ ਹੋਣ ਦਾ ਮਤਾ ਪਕਾ ਲਿਆ।

ਦੀਵਾਨ ਕੌੜਾ ਮੱਲ ਚਾਹੁੰਦਾ ਸੀ ਕਿ ਗੜੀ ਵਿਚ ਘਿਰੇ ਸਿੰਘ ਕਿਸੇ ਨਾ ਕਿਸੇ ਤਰਾਂ ਬਚ ਜਾਣ। ਇਸੇ ਵੇਲੇ ਖ਼ਬਰ ਆਈ ਕਿ ਅਹਿਮਦ ਸ਼ਾਹ ਅਬਦਾਲੀ ਫਿਰ ਤੋਂ ਭਾਰਤ 'ਤੇ ਹਮਲਾ ਕਰਨ ਲਈ ਮਾਰੋ-ਮਾਰ ਕਰਦਾ ਆ ਰਿਹਾ ਹੈ। ਇਸ ਦੇ ਨਾਲ ਹੀ ਦਿੱਲੀ ਤੋਂ ਖ਼ਬਰ ਆ ਗਈ ਕਿ ਵਜ਼ੀਰ ਸਫ਼ਦਰ ਜੰਗ, ਸ਼ਾਹ ਨਿਵਾਜ਼ ਨੂੰ ਮੁਲਤਾਨ ਦਾ ਗਵਰਨਰ ਬਣਾ ਕੇ ਭੇਜਿਆ ਜਾ ਰਿਹਾ ਹੈ। ਦੀਵਾਨ ਕੌੜਾ ਮੱਲ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਮੀਰ ਮਨੂੰ ਨੂੰ ਸਲਾਹ ਦਿੱਤੀ ਕਿ ਸਿੰਘਾਂ ਨਾਲ ਸੁਲਹਾ ਕਰ ਲਈ ਜਾਵੇ ਤਾਂ ਜੋ ਆਉਣ ਵਾਲੀਆਂ ਔਕੜਾਂ ਵਿੱਚ ਇਨਾਂ ਦੀ ਮਦਦ ਲਈ ਜਾ ਸਕੇ। ਮੀਰ ਮਨੂੰ ਨੇ ਸਲਾਹ ਮੰਨ ਕੇ ਰਾਮਰੌਣੀ ਦਾ ਘੇਰਾ ਉਠਾ ਲਿਆ ਅਤੇ ਸਿੰਘਾਂ ਨੂੰ ਪਰਗਣਾ ਪੱਟੀ ਦੇ ਮਾਮਲੇ ਵਿੱਚੋਂ ਅੱਧਾ ਜਾਗੀਰ ਵਜੋਂ ਦੇਣਾ ਮੰਨ ਲਿਆ ਅਤੇ ਸ੍ਰੀ ਦਰਬਾਰ ਸਾਹਿਬ ਦੇ ਪੁਰਾਣੇ ਬਾਰਾਂ ਪਿੰਡਾਂ ਦਾ ਜ਼ਬਤ ਹੋਇਆ ਮਾਮਲਾ ਵੀ ਬਹਾਲ ਕਰ ਦਿੱਤਾ। ਸਿੰਘਾਂ ਨੇ ਛੋਟੇ ਘੱਲੂਘਾਰੇ ਦੇ ਦੋਸ਼ੀ ਦੀਵਾਨ ਲਖਪਤ ਰਾਏ ਦੀ ਮੰਗ ਕੀਤੀ ਤਾਂ ਦੀਵਾਨ ਕੌੜਾ ਮੱਲ ਨੇ ਲਖਪਤ ਰਾਏ ਨੂੰ ਸਿੰਘਾਂ ਦੇ ਹਵਾਲੇ ਕਰ ਦਿੱਤਾ। ਸਿੰਘਾਂ ਨੇ ਲਖਪਤ ਰਾਏ ਨੂੰ ਕੁੰਭੀ ਨਰਕ ਦੀ ਸਜ਼ਾ ਦਿੱਤੀ। ਇਸ ਤਰਾਂ ਦਾ ਨਰਕ ਭੋਗਦਾ ਹੋਇਆ ਦੀਵਾਨ ਲਖਪਤ ਰਾਏ ਨਰਕਾਂ ਨੂੰ ਰਵਾਨਾ ਹੋ ਗਿਆ। ਇਸ ਘਟਨਾ ਦਾ ਜ਼ਿਕਰ ਕਰਦਿਆਂ ਸ. ਰਤਨ ਸਿੰਘ ਭੰਗੂ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿਚ ਲਿਖਦੇ ਹਨ :-

ਚੌਪਈ :-

ਤੂੰ ਨਹਿ ਟਲਿਓਂ ਉਸ ਦਿਨ ਮਾਰੇ, ਤੈਂ ਯੌਂ ਕੀਨੇ ਬਹੁਤ ਅਖਾਰੇ।
ਐਸੀ ਐਸੀ ਔਰ ਸੁਨਾਈ, ਉਨ ਸਿੰਘਨ ਸਯੋਂ ਜੈਸੀ ਕਮਾਈ।
ਘੱਲੂਘਾਰੋ ਜੈਸ ਕਰਾਯੋ, ਬੈਠੇ ਗਰੀਬ ਸਿਖ ਘਰੋਂ ਮ੍ਰਵਾਯੋ।
ਗੁਰ ਕੋ ਨਾਮ ਤੈ ਕਹਣ ਹਟਾਯੋ, ਪੋਥੀ ਗ੍ਰੰਥ ਤੈਂ ਖੂਹ ਡੁਬਾਯੋ।

ਕੁੰਭੀ ਨਰਕ ਦੀ ਸਜ਼ਾ ਅਨੁਸਾਰ ਦੋਸ਼ੀ ਨੂੰ ਇਕ ਛੋਟੇ ਜਿਹੇ ਕਮਰੇ ਵਿਚ ਬੰਦ ਕਰ ਦਿੱਤਾ ਜਾਂਦਾ ਸੀ ਅਤੇ ਛੱਤ ਵਿਚ ਛੋਟਾ ਜਿਹਾ ਸੁਰਾਖ ਕਰ ਕੇ ਲੋਕਾਂ ਨੂੰ ਹੁਕਮ ਦੇ ਦਿੱਤਾ ਜਾਂਦਾ ਸੀ ਕਿ ਉਹ ਜੰਗਲ-ਪਾਣੀ ਉਸ ਸੁਰਾਖ 'ਚ ਹੀ ਕਰਨ।

ਯੌ ਕਹਿ ਦੀਨੀ ਮੁਸ਼ਕਨ ਚੜਾਇ, ਸਿਹਤ ਖਾਨੇ ਮੈਂ ਦਯੋ ਗਿਰਾਇ।
ਸਿੱਖਨ ਤੇ ਤਿਸ ਸੀਸ ਹਗਾਯੋ, ਔਰ ਲੋਕਨ ਤੇ ਸੀਸ ਮੁਤਾਯੋ।

ਮਈ 1749 ਈ: ਵਿਚ ਸ਼ਾਹ ਨਿਵਾਜ਼ ਨੇ ਮੁਲਤਾਨ 'ਤੇ ਕਬਜ਼ਾ ਕਰ ਲਿਆ। ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਰਾਹੀਂ ਸਿੰਘਾਂ ਦੀ ਮਦਦ ਹਾਸਲ ਕਰ ਕੇ ਮੁਲਤਾਨ 'ਤੇ ਹਮਲਾ ਬੋਲ ਦਿੱਤਾ। 10 ਹਜ਼ਾਰ ਸਿੰਘਾਂ ਨਾਲ ਦੀਵਾਨ ਕੌੜਾ ਮੱਲ ਮੁਲਤਾਨ ਫਤਿਹ ਕਰਨ ਲਈ ਗਿਆ। ਇਸ ਲੜਾਈ ਵਿੱਚ ਸਿੰਘਾਂ ਹੱਥੋਂ ਸ਼ਾਹ ਨਿਵਾਜ਼ ਮਾਰਿਆ ਗਿਆ। ਜਿਤਨੀ ਦੇਰ ਦੀਵਾਨ ਕੌੜਾ ਮੱਲ ਜ਼ਿੰਦਾ ਰਿਹਾ ਉਤਨੀ ਦੇਰ ਸਿੰਘ ਮੁਗ਼ਲਾਂ ਦੀ ਕਰੋਪੀ ਤੋਂ ਬਚੇ ਰਹੇ। ਇਕ ਦਿਨ ਇਕ ਜਨੂੰਨੀ ਮੁਗ਼ਲ ਕਸੂਰ ਦੇ ਵਜੀਦ ਖ਼ਾਨ ਨੇ ਦੀਵਾਨ ਕੌੜਾ ਮੱਲ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਇਸ ਤੋਂ ਬਾਅਦ ਸਿੱਖਾਂ 'ਤੇ ਮੀਰ ਮਨੂੰ ਦਾ ਕਹਿਰ ਫਿਰ ਤੋਂ ਸ਼ੁਰੂ ਹੋ ਗਿਆ। ਮਾਝੇ, ਮਾਲਵੇ ਅਤੇ ਪਹਾੜੀ ਇਲਾਕਿਆਂ ਵਿਚ ਫਿਰ ਤੋਂ ਸਿੰਘਾਂ ਦੀ ਭਾਲ ਸ਼ੁਰੂ ਹੋ ਗਈ। ਜੇਕਰ ਕੋਈ ਸਿੰਘ ਫੜਿਆ ਜਾਂਦਾ ਤਾਂ ਇਕ ਹੀ ਸ਼ਰਤ ਹੁੰਦੀ ਸੀ ਇਸਲਾਮ ਧਾਰਨ ਜਾਂ ਮੌਤ। ਸਮਕਾਲੀ ਇਤਿਹਾਸਕਾਰਾਂ ਅਨੁਸਾਰ ਸਿੰਘਾਂ ਨੇ ਤਰਾਂ-ਤਰਾਂ ਦੇ ਤਸੀਹੇ ਝੱਲਦਿਆਂ ਆਪਣੇ ਧਰਮ ਨੂੰ ਕਾਇਮ ਰੱਖਿਆ। ਜਿਉਂ-ਜਿਉਂ ਮੀਰ ਮਨੂੰ ਦੀ ਸਖਤੀ ਵਧਦੀ ਜਾਂਦੀ ਸੀ, ਉਸ ਨਾਲ ਸਿੰਘਾਂ ਦਾ ਜੋਸ਼ ਹੋਰ ਵੀ ਵਧਦਾ ਜਾਂਦਾ ਸੀ। ਉਸ ਸਮੇਂ ਸਿੱਖਾਂ ਵਿਚ ਇਹ ਕਹਾਵਤ ਸ਼ੁਰੂ ਹੋ ਗਈ ਕਿ :-

ਮਨੂੰ ਆਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ।
ਜਿਉਂ ਜਿਉਂ ਸਾਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।

ਸਿੱਖਾਂ ਦੇ ਸਿਰਾਂ ਦੇ ਮੁੱਲ ਗਸ਼ਤੀ ਫੌਜਾਂ ਵੱਲੋਂ ਮਾਰ-ਧਾੜ ਇਹ ਨਿੱਤ ਦਾ ਕਰਮ ਹੋ ਗਿਆ ਸੀ। ਜਦੋਂ ਮੀਰ ਮਨੂੰ ਨੇ ਦੇਖਿਆ ਕਿ ਸਿੱਖਾਂ ਦਾ ਮੁਕਾਬਲਾ ਕਰਨਾ ਕੋਈ ਸੌਖੀ ਗੱਲ ਨਹੀਂ ਹੈ ਤਾਂ ਉਸ ਨੇ ਮਨ ਵਿਚ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਸੋਚੀ। ਇਸ ਕਾਰਜ ਲਈ ਉਸ ਨੇ ਸਿੱਖਾਂ ਦੀ ਪਨੀਰੀ ਤਕ ਨੂੰ ਖਤਮ ਕਰਨ ਦੀਆਂ ਯੋਜਨਾਵਾਂ ਬਣਾਈਆਂ। ਜਦੋਂ ਇਸ ਨੂੰ ਮਾਲੂਮ ਹੋਇਆ ਕਿ ਸਿੱਖ ਬੀਬੀਆਂ ਤਾਂ ਜਨਮ ਤੋਂ ਹੀ ਬੱਚਿਆਂ ਨੂੰ ਧਰਮ 'ਤੇ ਕੁਰਬਾਨ ਹੋਣ ਦੀ ਸਿੱਖਿਆ ਲੋਰੀਆਂ ਦੇ ਰੂਪ ਵਿਚ ਹੀ ਦੇਣੀ ਸ਼ੁਰੂ ਕਰ ਦਿੰਦੀਆਂ ਹਨ ਤਾਂ ਉਹ ਬਹੁਤ ਪ੍ਰੇਸ਼ਾਨ ਹੋਇਆ। ਮੀਰ ਮਨੂੰ ਨੇ ਪਿੰਡ-ਪਿੰਡ ਹੁਕਮ ਭੇਜ ਦਿੱਤੇ ਕਿ ਜਿਸ ਇਸਤਰੀ ਉੱਪਰ ਵੀ ਸਿੱਖ ਹੋਣ ਦਾ ਸ਼ੱਕ ਹੋਵੇ ਉਸ ਨੂੰ ਫੜ ਕੇ ਲਾਹੌਰ ਭੇਜ ਦਿੱਤਾ ਜਾਵੇ ਅਤੇ ਸਿੱਖ ਬੱਚਿਆਂ ਨੂੰ ਭਾਵੇਂ ਉਹ ਦੁੱਧ ਪੀਂਦੇ ਹੀ ਕਿਉਂ ਨਾ ਹੋਣ ਕਤਲ ਕਰਨ ਤੋਂ ਸੰਕੋਚ ਨਾ ਕੀਤਾ ਜਾਵੇ।

ਮੀਰ ਮਨੂੰ ਦਾ ਹੁਕਮ ਪਹੁੰਚਦਿਆਂ ਹੀ ਪੰਜਾਬ ਦੇ ਪਿੰਡਾਂ ਵਿੱਚ ਸਿੱਖਾਂ ਦਾ ਸ਼ਰ-ਏ-ਆਮ ਕਤਲ-ਏ-ਆਮ ਸ਼ੁਰੂ ਹੋ ਗਿਆ। ਇਸ ਨੇ ਆਪਣੇ ਨਾਇਬ ਮੋਮਨ ਖਾਂ ਨੂੰ ਆਦੇਸ਼ ਜਾਰੀ ਕੀਤੇ ਕਿ ਸਿੱਖਾਂ ਦੇ ਬੱਚੇ ਅਤੇ ਇਸਤਰੀਆਂ ਨੂੰ ਗ੍ਰਿਫ਼ਤਾਰ ਕਰ ਕੇ ਲਿਆਂਦਾ ਜਾਵੇ ਤਾਂ ਕਿ ਇਨਾਂ ਦੇ ਘਰ ਬੱਚਾ ਹੀ ਪੈਦਾ ਨਾ ਹੋ ਸਕੇ। ਗਸ਼ਤੀ ਫੌਜਾਂ ਪਿੰਡ-ਪਿੰਡ ਗਸ਼ਤ ਕਰਨ ਲੱਗੀਆਂ ਅਤੇ ਸਰਕਾਰ ਦੇ ਮੁਖ਼ਬਰ ਸਿੱਖ ਬੀਬੀਆਂ ਨੂੰ ਫੜਾ ਕੇ ਇਨਾਮ ਪ੍ਰਾਪਤ ਕਰਨ ਲੱਗ ਪਏ। ਨਾਇਬ ਮੋਮਨ ਖਾਂ ਨੇ ਥਾਂ-ਥਾਂ ਤੋਂ ਸਿੱਖ ਬੀਬੀਆਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਭੇਜਣਾ ਸ਼ੁਰੂ ਕਰ ਦਿੱਤਾ।

**ਬਾਕੀ ਸਫ਼ਾ 30 'ਤੇ**

## ਇਤਿਹਾਸ ਬਾਰੇ ਜਾਣਕਾਰੀ

**ਲੜੀ ਨੰਬਰ-6**



**ਅਸਿਸਟੈਂਟ ਪ੍ਰੋ. ਗਗਨਦੀਪ ਕੌਰ ਧਾਲੀਵਾਲ**

**ਇਤਿਹਾਸ ਲੜੀ ਨੰਬਰ - 5**

- 29 ਮਾਰਚ 1552 ਈ. ਵਿੱਚ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ ਸਮਾ ਗਏ ਸਨ।
- 29 ਮਾਰਚ 1657 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਪ੍ਰਚਾਰ ਦੌਰੇ ਦੌਰਾਨ ਮਾਇਆਪੁਰੀ ਵਿਖੇ ਗਏ ਸਨ।
- 29 ਮਾਰਚ 1682 ਈ. ਨੂੰ ਭਾਈ ਨੰਦ ਲਾਲ ਜੀ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚੱਕ ਨਾਨਕੀ (ਅਨੰਦਪੁਰ) ਵਿਚ ਸਨ, ਉਦੋਂ ਉਥੇ ਗਏ ਸਨ।
- 29 ਮਾਰਚ 1689 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਤੋਂ ਨਵੰਬਰ, 1688 ਵਿੱਚ ਚੱਕ ਨਾਨਕੀ ਵਿਖੇ ਵਾਪਿਸ ਪਰਤੇ ਸਨ। ਉੱਥੇ ਬਿਲਾਸਪੁਰ ਦੀ ਰਾਣੀ ਚੰਪਾ ਆਪਣੇ ਪੁੱਤਰ ਭੀਮ ਚੰਦ ਨਾਲ ਹਾਜ਼ਰ ਹੋਈ।
- 29 ਮਾਰਚ 1748 ਈ. ਨੂੰ ਸਰਬੱਤ ਖਾਲਸਾ ਦਾ ਇੱਕ ਅਹਿਮ ਇਕੱਠ ਅਕਾਲ ਤਖਤ ਸਾਹਿਬ 'ਤੇ ਹੋਇਆ ਅਤੇ ਦਲ ਖਾਲਸਾ ਦੀ ਸਥਾਪਨਾ ਕੀਤੀ ਗਈ। 65 ਜਥਿਆਂ ਨੂੰ 11 ਮਿਸਲਾਂ ਵਿੱਚ ਵੰਡਣ ਦਾ ਗੁਰਮਤਾ ਪਾਸ ਕੀਤਾ।
- 29 ਮਾਰਚ 1761 ਈ. ਨੂੰ ਅਹਿਮਦ ਸਾਹ ਦੁਰਾਨੀ ਸਰਹਿੰਦ ਪੁੱਜਾ ਸੀ।
- 29 ਮਾਰਚ 1849 ਈ. ਨੂੰ ਗੁਜਰਾਤ ਦੀ ਹਾਰ ਮਗਰੋਂ ਚਤਰ ਸਿੰਘ ਅਤੇ ਸ਼ੇਰ ਸਿੰਘ ਨੇ 14 ਮਾਰਚ, 1849 ਦੇ ਦਿਨ ਹਥਿਆਰ ਸੁੱਟ ਦਿੱਤੇ ਸਨ।
- ਹਥਿਆਰ ਸੁੱਟਣ ਤੋਂ 15 ਦਿਨਾਂ ਬਾਅਦ, 29 ਮਾਰਚ, 1849 ਨੂੰ ਲਾਰਡ ਡਲਹੌਜੀ ਨੇ ਪੰਜਾਬ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰ ਲਿਆ ਸੀ।
- 29 ਮਾਰਚ 1922 ਈ.ਨੂੰ ਛੇਵੇਂ ਮਤੇ ਮੁਤਾਬਕ ਅਕਾਲੀ ਦਾ ਦਾ ਨਾਂ ਸ਼੍ਰੋਮਣੀ ਅਕਾਲੀ ਦਲ ਰੱਖਿਆ ਗਿਆ।
- 30 ਮਾਰਚ 1664 ਈ. ਨੂੰ ਸ੍ਰੀ ਗੁਰੂ ਹਰਿ ਕ੍ਰਿਸਨ ਜੀ ਜੋਤੀ ਜੋਤਿ ਸਮਾਏ।
- 30 ਮਾਰਚ 1689 ਈ. ਨੂੰ ਸ੍ਰੀ ਗੁਰੂ ਗੋਬਿੰਦ ਸਾਹਿਬ ਜੀ ਨੇ ਚੱਕ ਨਾਨਕੀ ਦੇ ਨੇੜੇ, ਕੇਸਗੜ ਵਾਲੀ ਜਗਾ, ਨਵੇਂ ਪਿੰਡ ਦੀ ਮੋੜੀ ਗੱਡੀ। ਸਾਰੇ ਨੂੰ ਅਨੰਦਪੁਰ ਸਾਹਿਬ ਆਖਿਆ ਜਾਂਦਾ ਹੈ।
- 30 ਮਾਰਚ 1747 ਈ. ਨੂੰ ਗੁਰੂ ਕਾ ਚੱਕ ਵਿੱਚ ਰਾਮ ਰੌਣੀ ਕਿਲੇ ਦੀ ਨੀਂਹ ਰੱਖੀ ਗਈ।
- 30 ਮਾਰਚ 1919 ਈ.ਨੂੰ ਮਹਾਤਮਾ ਗਾਂਧੀ ਜੀ ਨੇ ਸੁਤੰਤਰਤਾ ਸੰਗ੍ਰਾਮ ਦੌਰਾਨ ਰੌਲਟ ਐਕਟ ਦਾ ਵਿਰੋਧ ਕਰਨ ਦਾ ਐਲਾਨ ਕੀਤਾ।
- 30 ਮਾਰਚ 1947 ਈ. ਨੂੰ ਬ੍ਰਿਟਿਸ ਭਾਰਤ ਦਾ ਆਖਰੀ ਵਾਇਸਰਾਏ ਲਾਰਡ ਮਾਊਂਟਬੈਟਨ ਅਪਣਾ ਅਹੁਦਾ ਸੰਭਾਲਣ ਵਾਸਤੇ ਦਿੱਲੀ ਵਿਖੇ ਪੁੱਜੇ ਸਨ।

# ਬੋਲੇ ਸੋ ਨਿਹਾਲ



ਹੰਸਰਾਜ ਰਹਿਬਰ



ਅਨੁਵਾਦ : ਮਹਿੰਦਰ ਬੇਦੀ, ਜੈਤੋ
9417730600

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ : 27**

ਅਹਿਮਦ ਸ਼ਾਹ 1765 ਦੇ ਅੱਧ ਤਕ ਅਫ਼ਗਾਨਿਸਤਾਨ ਪਰਤ ਗਿਆ। ਖਾਲਸੇ ਨੇ 10 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਵਿਸਾਖੀ ਮਨਾਈ। ਵਿਸਾਖੀ ਦਾ ਇਹ ਜੋੜ ਮੇਲਾ ਅਸਲ ਵਿਚ ਫਤਿਹ ਦਿਵਸ ਸੀ ਤੇ ਇਸਦੀ ਸ਼ਾਨ ਹੀ ਨਿਰਾਲੀ ਸੀ। ਦੁਰਾਨੀ ਨੇ ਹਰਿਮੰਦਰ ਢਾਹ ਦਿੱਤਾ ਸੀ ਸਰੋਵਰ ਨੂੰ ਮਲਵੇ ਨਾਲ ਭਰਵਾ ਦਿੱਤਾ। ਇਸ ਦੇ ਬਾਵਜੂਦ ਸ਼ਰਧਾ, ਅਜ਼ਾਦੀ ਤੇ ਖ਼ੁਸ਼ੀਆਂ ਦਾ ਵਾਤਾਵਰਣ ਸੀ। ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸ਼ੁਕਰਚਕੀਆ, ਹਰੀ ਸਿੰਘ, ਝੰਡਾ ਸਿੰਘ, ਗੁਜਰ ਸਿੰਘ ਭੰਗੀ, ਜੈ ਸਿੰਘ ਤੇ ਸੋਭਾ ਸਿੰਘ ਕਨਈਆ ਆਦੀ ਸਾਰੇ ਸਰਦਾਰ ਹਾਜ਼ਰ ਸਨ। ਇਕ ਪਾਸੇ ਨੇਜਾ, ਖੰਡਾ, ਧਨੁਸ਼ ਤੇ ਤੀਰ ਤਲਵਾਰ ਆਦੀ ਯੁੱਧ-ਸ਼ਸ਼ਤਰਾਂ ਦੀ ਪ੍ਰਦਰਸ਼ਨੀ ਲਾਈ ਗਈ ਸੀ ਤੇ ਦੂਜੇ ਪਾਸੇ ਮਨਮੋਹਨ ਦੇ ਹੱਥ-ਚਿੱਤਰਾਂ ਦੀ। ਇਹਨਾਂ ਚਿੱਤਰਾਂ ਵਿਚ ਵੀ ਹਥਿਆਰ ਸਨ, ਘੋੜੇ ਸਨ ਤੇ ਮੌਤ ਨੂੰ ਮਸ਼ਕਰੀਆਂ ਕਰਦੇ ਦੁਸ਼ਮਣ ਨਾਲ ਜੂਝਨ ਵਾਲੇ ਬਹਾਦੁਰ ਯੋਧੇ ਸਨ। ਜੱਸਾ ਸਿੰਘ ਆਹਲੂਵਾਲੀਆ ਦੇ ਚਿੱਤਰ ਨਾਲ ਹੀ ਚੜ੍ਹਤ ਸਿੰਘ ਸ਼ੁਕਰਚਕੀਆ ਦਾ ਚਿੱਤਰ ਲੱਗਿਆ ਹੋਇਆ ਸੀ। ਉਸਦੇ ਇਕ ਹੱਥ ਵਿਚ ਧਨੁਸ਼, ਪਿੱਛੇ ਕਮਰਕਸੇ ਵਿਚ ਨੇਜਾ ਤੇ ਤਲਵਾਰ ਤੇ ਘੋੜਾ ਦੁਸ਼ਮਣ ਉੱਤੇ ਝਪਟ ਪੈਣ ਲਈ ਤਿਆਰ ਬਰ ਤਿਆਰ ਨਜ਼ਰ ਆ ਰਿਹਾ ਸੀ। ਤੀਜਾ ਕਲਪਣਾ ਚਿੱਤਰ ਬਾਬਾ ਦੀਪ ਸਿੰਘ ਦਾ ਸੀ-ਇਕ ਹੱਥ ਵਿਚ ਖੰਡਾ ਚੁੱਕੀ ਤੇ ਦੂਜੇ ਉਪਰ ਆਪਣਾ ਕੱਟਿਆ ਹੋਇਆ ਸਿਰ ਰੱਖੀ, ਉਹ ਆਪਣੀ ਸੁੱਖਣਾ ਪੂਰੀ ਕਰਨ ਖਾਤਰ, ਦੁਸ਼ਮਣ ਨਾਲ ਲੜਦਾ ਹੋਇਆ ਦਰਬਾਰ ਸਾਹਿਬ ਵਲ ਵਧ ਰਿਹਾ ਸੀ। ਇਹ ਚਿੱਤਰ ਇਕ ਕਤਾਰ ਵਿਚ ਸਨ ਤੇ ਦੂਜੀ ਕਤਾਰ ਵਿਚ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਦਸਾਂ ਗੁਰੂਆਂ ਦੇ ਚਿੱਤਰ ਰੱਖੇ ਹੋਏ ਸਨ। ਇਨਾਂ ਦੋਹਾਂ ਕਤਾਰਾਂ ਦੇ ਵਿਚਕਾਰ ਬੰਦਾ ਬਹਾਦੁਰ ਦਾ ਚਿੱਤਰ ਸੀ। ਹਰੇਕ ਚਿੱਤਰ ਦੀ ਆਪਣੀ ਵਿਸ਼ੇਸ਼ਤਾ ਸੀ।

ਪ੍ਰਦਰਸ਼ਨੀ ਦੇਖਣ ਲਈ ਲੋਕਾਂ ਦੀ ਖਾਸੀ ਭੀੜ ਜੁੜੀ ਹੋਈ ਸੀ, ਜਿਨਾਂ ਵਿਚ ਚਿੱਤਰਕਾਰ ਮਨਮੋਹਨ ਆਪ ਵੀ ਸੀ। ਆਏ ਲੋਕ ਚਿੱਤਰ ਦੇਖ ਰਹੇ ਸਨ ਤੇ ਉਨਾਂ ਬਾਰੇ ਮਨਮੋਹਨ ਨਾਲ ਗੱਲਬਾਤ ਵੀ ਕਰ ਰਹੇ ਸਨ। ਉਨਾਂ ਵਿਚ ਮਨਮੋਹਨ ਦਾ ਪੁਰਾਣਾ ਜਾਣੂ ਭੂਪ ਸਿੰਘ ਵੀ ਸੀ। ਭੂਪ ਸਿੰਘ ਦੇ ਨਾਲ ਇਕ ਹੋਰ ਆਦਮੀ ਵੀ ਨਜ਼ਰ ਆ ਰਿਹਾ ਸੀ, ਜਿਸਨੂੰ ਅਸੀਂ ਸ਼ਾਦ ਅਲੀ ਯਾਨੀ ਮੇਹਰ ਚੰਦ ਉਰਫ਼ ਮੇਹਰ ਅਲੀ ਦੇ ਨਾਂ ਨਾਲ ਜਾਣਦੇ ਹਾਂ। ਪਰ ਹੁਣ ਉਹ ਨਾ ਸ਼ਾਦ ਅਲੀ ਸੀ ਤੇ ਨਾ ਹੀ ਮੇਹਰ ਅਲੀ, ਸਿਰਫ ਮੇਹਰ ਚੰਦ ਸੀ।

‘ਕੀ ਇਹ ਗੁਰੂਆਂ ਦੇ ਚਿੱਤਰ ਵੀ ਤੁਸਾਂ ਆਪ ਈ ਬਣਾਏ ਨੇ ?’ ਮੇਹਰ ਚੰਦ ਨੇ ਚਿੱਤਰਕਾਰ ਨੂੰ ਪੁੱਛਿਆ।

‘ਨਹੀਂ ਜੀ,” ਮਨਮੋਹਨ ਨੇ ਜਵਾਬ ਦਿੱਤਾ, ‘ਇਹ ਹੋਰ ਕਲਾਕਾਰਾਂ ਦੀਆਂ ਕਿਰਤਾਂ ਨੇ। ਮੈਂ ਤਾਂ ਬਸ ਸੰਗ੍ਰਿਹ ਹੀ ਕੀਤਾ ਏ। ‘ਖ਼ੁਦ ਚਿੱਤਰ ਹੀ ਦੱਸ ਰਹੇ ਨੇ ਬਈ ਇਹ ਇਹਨਾਂ ਦੀ ਕਲਾ-ਕਿਰਤ ਨਹੀਂ,’ ਭੂਪ ਸਿੰਘ ਨੇ ਇਕ ਨਜ਼ਰ ਗੁਰੂ-ਚਿੱਤਰਾਂ ਵੱਲ ਦੇਖਿਆ। ਫੇਰ ਦੂਜੀ ਕਤਾਰ ਵੱਲ ਨਜ਼ਰ ਭੂਆਂ ਦੇ ਕਿਹਾ, ‘ਇਨਾਂ ਦੀ ਕਲਮ ਦੀ ਤੋਰ ਈ ਵੱਖਰੀ ਏ ਤੇ ਭਾਵਨਾਵਾਂ ਦਾ ਪ੍ਰਗਟਾਅ ਵੀ।’ ਭੂਪ ਸਿੰਘ ਨੇ ‘ਭਾਵਨਾਵਾਂ’ ਉੱਤੇ ਖਾਸਾ ਜ਼ੋਰ ਦਿੱਤਾ ਸੀ।

‘ਇੰਜ ਕਹੀਏ ਕਿ ਗੁਰੂਆਂ ਦੇ ਚਿੱਤਰ ਬਨਾਉਣ ਵਾਲੇ ਅਤੀਤ ਦੇ ਚਿਤੇਰੇ ਨੇ ਤੇ ਤੁਸੀਂ ਸਾਡੇ ਇਸ ਯੁੱਗ ਦੇ...ਜਿਸ ਵਿਚ ਯੁੱਧ ਦੀ ਭਾਵਨਾ ਸਰਵਉੱਚ ਤੇ ਪ੍ਰਬਲ ਹੈ ?’ ਮੇਹਰ ਚੰਦ ਨੇ ਗੱਲ ਨਾਲ ਗੱਲ ਮੇਲੀ।

ਚਿੱਤਰਕਾਰ ਨੇ ਮੁਸਕਰਾਉਂਦਿਆਂ ਹੋਇਆਂ ਆਪਣਾ ਹੱਥ ਮੇਹਰ ਚੰਦ ਵਲ ਵਧਾਅ ਦਿੱਤਾ ਤੇ ਮੇਹਰ ਚੰਦ ਨੇ ਵੀ ਪੂਰੀ ਗਰਮ ਜੋਸ਼ੀ ਨਾਲ ਹੱਥ ਮਿਲਾਇਆ।

‘ਮੈਂ ਈਹਦੇ ਨਾਲ ਤੁਹਾਡੀ ਜਾਣ ਪਛਾਣ ਕਰਾ ਦਿਆਂ।’ ਭੂਪ ਸਿੰਘ ਨੇ ਮਨਮੋਹਨ ਨੂੰ ਕਿਹਾ।

‘ਜ਼ਰੂਰ, ਜ਼ਰੂਰ...’

‘ਈਹਦਾ ਨਾਂ ਮੇਹਰ ਚੰਦ ਏ ਤੇ ਇਹ ਮੇਰਾ ਛੋਟਾ ਭਰਾ ਏ।’

‘ਮੁਆਫ਼ ਕਰਨਾ, ਇਨਾਂ ਦੀ ਸ਼ਕਲ ਤੁਹਾਡੇ ਨਾਲ ਨਹੀਂ ਮਿਲਦੀ।’ ਚਿੱਤਰਕਾਰ ਉਨਾਂ ਦੋਹਾਂ ਵੱਲ ਡੂੰਘੀਆਂ ਨਜ਼ਰਾਂ ਨਾਲ ਦੇਖ ਰਿਹਾ ਸੀ।

‘ਇਹ ਵੀ ਤੁਸੀਂ ਠੀਕ ਆਖਿਆ,’ ਭੂਪ ਸਿੰਘ ਨੇ ਉਤਰ ਦਿੱਤਾ, ‘ਅਸਲ ਵਿਚ ਇਹ ਮੇਰਾ ਗੁਰ ਭਾਈ ਏ। ਅਸੀਂ ਅਲਹੋਲ ਮਕਤਬ ਵਿਚ ਪਲੇ ਹੋਏ ਹਾਂ।’

‘ਅਲਹੋਲ ਵਿਚ ? ਉੱਥੇ ਤਾਂ ਯਤੀਮ ਬੱਚੇ ਪਲਦੇ ਨੇ ?’ ਜਿਹੜੇ ਦਰਸ਼ਕ ਉਨਾਂ ਦੀਆਂ ਗੱਲਾਂ ਸੁਨਣ ਲਈ ਖਲੋਤੇ ਹੋਏ ਸਨ, ਉਨਾਂ ਵਿਚੋਂ ਕਿਸੇ ਨੇ ਕਿਹਾ ਸੀ।

‘ਹਾਂ, ਅਸੀਂ ਦੋਹੇਂ ਵੀ ਅਨਾਥ ਸਾਂ... ਪਰ ਹੁਣ ਅਨਾਥ ਨਹੀਂ, ਕਿਉਂਕਿ ਪੰਥ ਸਾਡਾ ਮਾਂ-ਬਾਪ ਏ।’ ਭੂਪ ਸਿੰਘ ਖੁੱਲ ਕੇ ਮੁਸਕਰਾਇਆ। ਮੇਹਰ ਚੰਦ, ਮਨਮੋਹਨ ਤੇ ਦਰਸ਼ਕ ਵੀ ਮੁਸਕਰਾਉਣ ਲੱਗੇ।

ਇਸ ਪਿੱਛੋਂ ਗੱਲ ਫੇਰ ਚਿੱਤਰਾਂ ਦੀ ਹੋਣ ਲੱਗੀ। ਭੂਪ ਸਿੰਘ ਤੇ ਮੇਹਰ ਚੰਦ ਇਕ ਗੱਲ ਉੱਤੇ ਇਕ ਮਤ ਸਨ ਕਿ ਮਨਮੋਹਨ ਨੂੰ ਘੋੜਿਆਂ ਦੇ ਹਾਵ ਭਾਵ ਦਰਸ਼ਾਉਣ ਵਿਚ ਪੂਰੀ ਮੁਹਾਰਤ ਹਾਸਿਲ ਹੈ, ਲੱਗਦਾ ਹੈ ਕਿ ਸਵਾਰ ਤੇ ਘੋੜਾ ਇਕ ਮਤ ਹੋ ਕੇ ਬਲਿਦਾਨ ਭਾਵਨਾ ਨਾ ਯੁੱਧ ਖੇਤਰ ਵਿਚ ਉਤਰੇ ਨੇ ਤੇ ਦੋਵੇਂ ਹੌਂਸਲੇ ਤੇ ਬਹਾਦੁਰੀ ਦੀ ਸਾਕਾਰ ਮੂਰਤ ਨੇ।

ਦੀਵਾਨ ਸਜਿਆ, ਗੁਰਬਾਣੀ ਦਾ ਪਾਠ ਹੋਇਆ, ਅਰਦਾਸ ਹੋਈ ਤੇ ਫੇਰ ਸਰਦਾਰ ਆਹਲਵਾਲੀਆ ਨੇ ਸੰਗਤਾਂ ਨੂੰ ਸੰਬੋਧਨ ਕੀਤਾ, ‘ਖਾਲਸਾ ਜੀ, ਇਹ ਵਿਸਾਖੀ ਦਾ ਦਿਹਾੜਾ ਇਕ ਯਾਦਗਾਰੀ ਦਿਹਾੜਾ ਹੈ। ਵਹਿਗੁਰੂ ਦੀ ਕਿਰਪਾ ਨਾਲ ਸਾਨੂੰ ਇਹ ਜਿੱਤ ਪ੍ਰਾਪਤ ਹੋਈ ਹੈ, ਇਸ ਲਈ ਸਾਨੂੰ ਅਕੱਥ ਕੁਰਬਾਨੀਆਂ ਦੇਣੀਆਂ ਪਈਆਂ ਨੇ। ਅਸਾਂ ਬਹੁਤ ਹੀ ਸ਼ਕਤੀਸ਼ਾਲੀ ਦੁਸ਼ਮਣ ਨੂੰ ਭਾਂਜ ਦਿੱਤੀ ਏ। ਪਰ ਇਸ ਨਾਲ ਸਾਡੇ ਅੰਦਰ ਹੰਕਾਰ ਦੀ ਭਾਵਨਾ ਨਹੀਂ ਪੈਦਾ ਹੋਣੀ ਚਾਹੀਦੀ। ਗੁਰੂ ਦੇ ਵਾਕ ‘ਮਨ ਨੀਵਾਂ ਮੱਤ ਉੱਚੀ’ ਨੂੰ ਚੇਤੇ ਰੱਖਦਿਆਂ ਹੋਇਆਂ, ਹੁਣ ਸਾਨੂੰ ਆਪਣੀ ਉਸ ਜਨਤਾ ਦੀ ਸੇਵਾ ਕਰਨੀ ਚਾਹੀਦੀ ਹੈ, ਜਿਸ ਨੇ ਸਾਡੀ ਖਾਤਰ ਦੁੱਖ ਝੱਲੇ ਨੇ, ਕਸ਼ਟ ਭੋਗੇ ਨੇ। ਇਸ ਵਿਚ ਅਸੀਂ ਜਾਤ-ਪਾਤ ਦਾ ਭੇਦ-ਭਾਵ ਨਹੀਂ ਵਰਤਣਾ। ਪੰਜਾਬ ਦੀ ਸਮੁੱਚੀ ਜਨਤਾ ਸਾਡੀ ਆਪਣੀ ਜਨਤਾ ਹੈ। ਅਸਾਂ ਸਾਰਿਆਂ ਨੂੰ ਰਾਹਤ ਪਹੁਚਾਉਣੀ ਹੈ ਤੇ ਸਰਿਆਂ ਦੇ ਜੀਵਨ ਨੂੰ ਸੁਖੀ ਬਨਾਉਣ ਦੇ ਯਤਨ ਕਰਨੇ ਨੇ। ਦਸਮ ਗੁਰੂ ਨੇ ਪੰਜਾਬ ਨੂੰ ਸੁਤੰਤਰ ਕਰਨ ਦਾ ਜਿਹੜਾ ਸੁਪਨਾ ਦੇਖਿਆ ਸੀ...ਉਸ ਸੁਪਨੇ ਤੇ ਉਸ ਅਜ਼ਾਦੀ ਦੇ ਅਰਥ ਸਿਰਫ ਇਹੀ ਸਨ।

ਦੀਵਾਨ ‘ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ’ ਦੇ ਜੈਕਾਰਿਆਂ ਨਾਲ ਗੂੰਜ ਉਠਿਆ।

ਜੱਸਾ ਸਿੰਘ ਦੀ ਉਮਰ ਹੁਣ ਪੰਜਾਹ ਦੇ ਲਗਭਗ ਸੀ। ਦਾੜੀ ਦੇ ਸਾਰੇ ਵਾਲ ਚਿੱਟੇ ਹੋ ਚੁੱਕੇ ਸਨ। ਚਿਹਰੇ ਉਪਰ ਇਕ ਅਨੂਠੀ ਆਭਾ ਸੀ, ਜਿਹੜੀ ਸੰਘਰਸ਼ ਦੀ ਭੱਠੀ ਵਿਚ ਤਪ ਕੇ ਆਈ ਸੀ। ਉਨਾਂ ਧੀਮੀ ਤੇ ਦਰਿੜ ਆਵਾਜ਼ ਵਿਚ ਆਪਣੀ ਗੱਲ ਜਾਰੀ ਰੱਖੀ, ‘ਇਸ ਸਮੇਂ ਸਾਡੇ ਸਾਹਮਣੇ ਦੋ ਹੀ ਮੁੱਖ ਕਾਰਜ ਨੇ-ਹਰਿਮੰਦਰ ਤੇ ਸਰੋਵਰ ਦਾ ਮੁੜ ਨਿਰਮਾਣ ਤੇ ਦੂਜਾ, ਲਾਹੌਰ ਨੂੰ ਮੁਕਤ ਕਰਵਾ ਕੇ ਉਸਨੂੰ ਸੁਤੰਤਰ ਪੰਜਾਬ ਦੀ ਸੁਤੰਤਰ ਰਾਜਧਾਨੀ ਬਨਾਉਣਾ।’

ਮਨਮੋਹਨ ਦੇ ਆਪਣੀ ਕਲਾ ਰਾਹੀਂ ਪੰਥ ਦੀ ਜਿਹੜੀ ਸੇਵਾ ਕੀਤੀ ਸੀ, ਉਸਦੀ ਸਲਾਘਾ ਕਰਦਿਆਂ ਹੋਇਆਂ, ਉਸਨੂੰ ਸਰੋਪਾ ਭੇਂਟ ਕੀਤਾ ਗਿਆ।

ਖਾਲਸੇ ਕੋਲ ਧਨ ਦੀ ਕਮੀ ਨਹੀਂ ਸੀ। ਹਰਿਮੰਦਰ ਤੇ ਸਰੋਵਰ ਦੇ ਮੁੜ ਨਿਰਮਾਣ ਕੰਮ ਉਸੇ ਦਿਨ ਆਰੰਭ ਕਰ ਦਿੱਤਾ ਗਿਆ ਤੇ ਗੁਰੂ ਗ੍ਰੰਥ ਸਾਹਿਬ ਦੇ ਰੋਜ਼ਾਨਾ ਪ੍ਰਕਾਸ਼ ਲਈ ਗ੍ਰੰਥੀ ਨਿਯੁਕਤ ਕਰ ਦਿੱਤੇ ਗਏ।

ਉਸ ਸਮੇਂ ਲਾਹੌਰ ਦਾ ਸੂਬੇਦਾਰ ਕਾਬੁਲੀ ਮੱਲ ਸੀ। ਉਹ ਸ਼ਹਿਰ ਨੂੰ ਆਪਣੇ ਭਾਣਜੇ ਅਮੀਰ ਸਿੰਘ ਦੇ ਹਵਾਲੇ ਕਰਕੇ ਆਪ ਦੋ ਹਜ਼ਾਰ ਡੋਗਰੇ ਭਰਤੀ ਕਰਨ ਲਈ ਗਿਆ ਹੋਇਆ ਸੀ। ਇਸ ਮੌਕੇ ਦਾ ਲਾਭ ਲੈਂਦਿਆਂ ਜੱਸਾ ਸਿੰਘ, ਜੈ ਸਿੰਘ, ਹਰੀ ਸਿੰਘ ਤੇ ਗੁਜਰ ਸਿੰਘ ਭੰਗੀ, ਦੋ ਹਜ਼ਾਰ ਸਵਾਰਾਂ ਨੂੰ ਨਾਲ ਲੈ ਕੇ, ਰਾਤੋ ਰਾਤ, ਬਾਗਵਾਨ ਪੁਰ ਜਾ ਪਹੁੰਚੇ। ਕਿਲੇ ਵਿਚ ਕੰਮ ਕਰਨ ਵਾਲੇ ਪੂਰਬੀਆਂ ਨਾਲ ਗੱਲਬਾਤ ਕੀਤੀ ਗਈ, ਪਰ ਉਹਨਾਂ ਗਦਾਰਾਂ ਵਾਲੀ ਭੂਮਿਕਾ ਨਿਭਾਉਣ ਤੋਂ ਸਾਫ ਇਨਕਾਰ ਕਰ ਦਿੱਤਾ। ਮੇਹਰ ਚੰਦ ਵੀ, ਜਿਹੜਾ ਕਿਲੇ ਦੇ ਅੰਦਰ ਬਾਹਰ ਦਾ ਸਾਰਾ ਹਾਲ ਜਾਣਦਾ ਸੀ, ਇਸ ਸਮੇਂ ਇਸ ਮੁਹਿੰਮ ਵਿਚ ਸ਼ਾਮਲ ਸੀ। ਉਸਨੇ ਜੱਸਾ ਸਿੰਘ ਨੂੰ ਕਿਹਾ, ‘ਬਾਗਵਾਨ ਪੁਰ ਵਿਚ ਗ਼ੁਲਾਮ ਰਸੂਲ, ਅਸ਼ਰਫ, ਬਾਕਰ, ਚੁੰਨੂੰ ਤੇ ਮੇਹਰ ਸੁਲਤਾਨ ਨਾਂ ਦੇ ਅਰਾਈਂ ਰਹਿੰਦੇ ਨੇ। ਉਹ ਕਿਲੇ ਵਿਚ ਮਾਲੀਗਿਰੀ ਕਰਨ ਜਾਂਦੇ ਨੇ। ਮੈਂ ਉਨਾਂ ਨੂੰ ਜਾਣਦਾ ਹਾਂ, ਉਹ ਪੰਜਾਬੀ ਨੇ ਤੇ ਪੰਜਾਬ ਨੂੰ ਪਿਆਰ ਵੀ ਕਰਦੇ ਨੇ, ਤੁਸੀਂ ਉਹਨਾਂ ਨਾਲ ਗੱਲ ਕਰਕੇ ਦੇਖੋ...’

‘ਠੀਕ ਹੈ। ਉਨਾਂ ਦਾ ਇਕ ਆਦਮੀ, ਜਿਹੜਾ ਉਨਾਂ ਦਾ ਮੁਖੀਆ ਹੋਏ, ਬੁਲਾਅ ਲਿਆਓ।’ ਸਰਦਾਰ ਨੇ ਆਗਿਆ ਦਿੱਤੀ।

ਮੇਹਰ ਚੰਦ ਅਰਾਈਆਂ ਦੇ ਮੁਖੀਏ ਗ਼ੁਲਾਮ ਰਸੂਲ ਨੂੰ ਬੁਲਾਅ ਲਿਆਇਆ ਤੇ ਉਸਨੂੰ ਸਰਦਾਰ ਕੋਲ ਛੱਡ ਕੇ ਆਪ ਉੱਥੋਂ ਟਲ ਗਿਆ।

‘ਤੁਹਾਡਾ ਨਾਂ ਕੀ ਏ ?’ ਜੱਸਾ ਸਿੰਘ ਨੇ ਪੁੱਛਿਆ।

‘ਗ਼ੁਲਾਮ ਰਾਸੂਲ ਜੀ।’ ਉਸਨੇ ਉਤਰ ਦਿੱਤਾ।

‘ਕੀ ਕੰਮ ਕਰਦੇ ਓ ?’

‘ਕਿਲੇ ’ਚ ਮਾਲੀ ਆਂ ਜੀ।’

‘ਕੀ ਤੁਸੀਂ ਸਾਡੀ ਕੁਝ ਮਦਦ ਕਰ ਸਕਦੇ ਓ ?’

‘ਕਿਉਂ ਨਹੀਂ ਜੀ। ਤੁਸੀਂ ਹਮੇਸ਼ਾ ਸਾਡੀ ਮਦਦ ਕਰਦੇ ਰਹੇ ਹੋ ਤੇ ਕਰ ਵੀ ਰਹੇ ਹੋ ਜੀ। ਜੇ ਅਸੀਂ ਵੀ ਤੁਹਾਡੀ ਕੋਈ ਮਦਦ ਕਰੀਏ ਤਾਂ ਸਾਨੂੰ ਬੜੀ ਖ਼ੁਸ਼ੀ ਹੋਏਗੀ ਜੀ।’ ਗ਼ੁਲਾਮ ਰਸੂਲ ਚਾਲੀ ਪੰਤਾਲੀ ਸਾਲ ਦੇ ਲਗਭਗ ਸੀ। ਸੰਘਣੀ ਕਾਲੀ ਦਾੜੀ, ਨਰੋਆ ਸਰੀਰ ਤੇ ਚਿਹਰੇ ਉੱਤੇ ਸੰਜੀਦਗੀ ਸੀ।

‘ਕਿਲਾ ਇਸ ਸਮੇਂ ਅਬਦਾਲੀ ਦੇ ਕਬਜੇ ਵਿਚ ਹੈ, ਉਸਨੂੰ ਆਜ਼ਾਦ ਕਰਵਾਉਣ ਵਿਚ ਸਾਨੂੰ ਤੁਹਾਡੀ ਮਦਦ ਦੀ ਲੋੜ ਹੈ।’

‘ਸਰਦਾਰ ਜੀ ਅਸੀਂ ਹਮੇਸ਼ਾ ਤੁਹਾਡੇ ਨਾਲ ਹਾਂ। ਜੋ ਕਹੋਗੇ, ਜਦੋਂ ਕਹੋਗੇ, ਕਰਨ ਲਈ ਤਿਆਰ ਹਾਂ।’ ਗ਼ੁਲਾਮ ਰਸੂਲ ਦੇ ਬਿਨਾਂ ਕਿਸੇ ਝਿਜਕ ਦੇ, ਦਰਿੜ ਆਵਾਜ਼ ਵਿਚ ਉਤਰ ਦਿੱਤਾ ਤੇ ਫੇਰ ਬੋਲਿਆ, ‘ਤੁਸੀਂ ਇਹ ਨਾ ਸਮਝਣਾ ਕਿ ਕਿਉਂਕਿ ਅਬਦਾਲੀ ਮੁਸਲਮਾਨ ਏਂ, ਇਸ ਲਈ ਅਸੀਂ ਉਸਦੇ ਨਾਲ ਹਾਂ। ਸਾਡੀ ਨਜ਼ਰ ਵਿਚ ਉਹ ਇਕ ਵਿਲਾਇਤੀ ਲੁਟੇਰ ਏ। ਲੁੱਟਮਾਰ ਕਰਨ ਆਉਂਦਾ ਹੈ ਤਾਂ ਕਿਸੇ ਹਿੰਦੂ-ਮੁਸਲਮਾਨ ਨੂੰ ਨਹੀਂ ਬਖ਼ਸ਼ਦਾ। ਹੁਣ ਖਾਲਸੇ ਨੇ ਉਸਦਾ ਮੂੰਹ ਤੋੜ ਜਵਾਬ ਦਿੱਤਾ ਤਾਂ ਲੁੱਟ ਦਾ ਨਾਂ ਜਿਹਾਦ ਰੱਖ ਲਿਆ। ਪੰਜਾਬ ਦੀ ਆਜ਼ਾਦੀ ਤੁਹਾਡੀ ਈ ਨਹੀਂ, ਸਾਡੀ ਵੀ ਆਜ਼ਾਦੀ ਹੈ।’

ਦੇਸ਼ ਭਗਤੀ ਦੀ ਭਾਵਨਾ ਵਿਚ ਡੁੱਬਿਆ ਗ਼ੁਲਾਮ ਰਸੂਲ ਉਬਲ ਪਿਆ ਤੇ ਜੱਸਾ ਸਿੰਘ ਹੈਰਾਨੀ ਨਾਲ ਉਹਦੇ ਮੂੰਹ ਵੱਲ ਵਿੰਹਦੇ ਰਹੇ।

‘ਦੱਸੋ ਸਾਡੇ ਲਈ ਕੀ ਹੁਕਮ ਏ ?’ ਗ਼ੁਲਾਮ ਰਸੂਲ ਨੇ ਸਰਦਾਰ ਨੂੰ ਚੁੱਪ ਦੇਖ ਕੇ ਪੁੱਛਿਆ।

‘ਅਸੀਂ ਚਾਹੁੰਦੇ ਹਾਂ ਕਿ ਸਾਡੀ ਫੌਜ ਕਾਬੁਲੀ ਮੱਲ ਦੇ ਵਾਪਸ ਆਉਣ ਤੋਂ ਪਹਿਲਾਂ ਹੀ ਕਿਲੇ ਵਿਚ ਦਾਖਲ ਹੋ ਜਾਵੇ।’

‘ਇਹ ਕੰਮ ਤਾਂ ਅੱਜ ਹੀ ਹੋ ਸਕਦਾ ਏ ਜੀ। ਅਸੀਂ ਰਾਤ ਨੂੰ ਕਿਲੇ ਦੀ ਕੰਧ ਵਿਚ ਅਜਿਹੇ ਥਾਂ ਪਾੜ ਪਾ ਦਿਆਂਗੇ ਕਿ ਕਿਸੇ ਪਤਾ ਈ ਨਾ ਲੱਗੇ।’

...ਤੇ ਗੁਲਾਮ ਰਸੂਲ ਤੇ ਉਸਦੇ ਸਾਥੀਆਂ ਨੇ ਕਿਲੇ ਦੀ ਕੰਧ ਵਿਚ ਏਡਾ ਪਾੜ ਪਾ ਦਿੱਤਾ ਕਿ ਹਰੀ ਸਿੰਘ ਤੇ ਗੁਜਰ ਸਿੰਘ ਭੰਗੀ ਤੇ ਹੋਰ ਸਰਦਾਰ ਸਹਿਜੇ ਹੀ ਕਿਲੇ ਵਿਚ ਪ੍ਰਵੇਸ਼ ਕਰ ਗਏ। ਇਹ ਵਿਸਾਖੀ ਬਦੀ 11 ਸੰਮਤ 1822 ਅਰਥਾਤ 6 ਅਪ੍ਰੈਲ 1765 ਦੀ ਗੱਲ ਹੈ। ਸਵੇਰੇ ਕਾਬੁਲੀ ਮੱਲ ਦੇ ਭਾਣਜੇ ਅਮੀਰ ਸਿੰਘ ਨੇ ਸ਼ਹਿਰ ਦੀਆਂ ਕੰਧਾਂ ਵੱਲੋਂ ਕੁਝ ਤੋਪ-ਗੋਲੇ ਦਾਗੇ ਪਰ ਤਾਰਾ ਸਿੰਘ ਮਜੰਗ ਵਾਲੇ ਕੁਲ ਪੰਜਾ ਘੋੜਸਵਾਰ ਨਾਲ ਲੈ ਕੇ ਉਸਦੀ ਅਣਮਣੀ ਫੌਜ ਨੂੰ ਭਜਾ ਦਿੱਤਾ ਤੇ ਅਮੀਰ ਸਿੰਘ ਤੇ ਕਾਬੁਲੀ ਮੱਲ ਦੇ ਜਵਾਈ ਜਗਨ ਨਾਥ ਨੂੰ ਗਿਰਫ਼ਤਾਰ ਕਰ ਲਿਆ। ਸ਼ਹਿਰ ਤੇ ਕਿਲੇ ਦੋਹਾਂ ਉਪਰ ਖਾਲਸੇ ਦਾ ਕਬਜ਼ਾ ਹੋ ਗਿਆ।

ਕੁਝ ਸਿੱਖ ਸੈਨਕਾਂ ਨੇ ਸ਼ਹਿਰ ਵਿਚ ਲੁੱਟ ਮਚਾ ਦਿੱਤੀ। ਇਹ ਦੇਖ ਕੇ ਸ਼ਹਿਰ ਦੇ ਪਤਵੰਤੇ ਸੱਯਦ ਮੀਰ ਨਾਥੂ, ਹਾਫਿਜ਼ ਕਾਦਿਰ ਬਖ਼ਸ਼, ਮੀਆਂ ਮੁਹੰਮਦ ਆਸ਼ਿਕ, ਚੌਧਰੀ ਰੂਪਾ ਲਾਲ, ਕਿਸ਼ਨ ਸਿੰਘ ਤੇ ਸਹਾਰਾ ਸਿੰਘ ਸਰਦਾਰਾਂ ਕੋਲ ਆਏ ਤੇ ਉਨਾਂ ਨੂੰ ਕਿਹਾ, ‘ਇਸ ਸ਼ਹਿਰ ਨੂੰ ‘ਕੋਠਾ ਗੁਰੂ’ ਕਿਹਾ ਜਾਂਦਾ ਹੈ। ਇੱਥੇ ਚੌਥੇ ਗੁਰੂ ਰਾਮਦਾਸ ਦਾ ਜਨਮ ਹੋਇਆ ਸੀ, ਇਸ ਲਈ ਇਸਦੀ ਰੱਖਿਆ ਕੀਤੀ ਜਾਏ ਤੇ ਇੱਥੇ ਕਿਸੇ ਕਿਸਮ ਦੀ ਗੜਬੜ ਨਾ ਹੋਏ।’

ਇਹ ਗੱਲ ਮੰਨ ਲਈ ਗਈ। ਸ਼ਹਿਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਤਾਂ ਕਿ ਬਾਹਰੋਂ ਲੁੱਟ ਮਚਾਉਣ ਵਾਲੇ ਅੰਦਰ ਨਾ ਆ ਸਕਣ ਤੇ ਸ਼ਹਿਰ ਵਿਚ ਡੌਂਡੀ ਪਿਟਵਾ ਦਿੱਤੀ ਗਈ ਕਿ ਜਿਹੜਾ ਕੋਈ ਲੁੱਟਮਾਰ ਕਰੇਗਾ, ਉਸਨੂੰ ਸਖ਼ਤ ਸਜ਼ਾ ਦਿੱਤੀ ਜਾਏਗੀ। ਹਰੀ ਸਿੰਘ ਤੇ ਝੰਡਾ ਸਿੰਘ ਨੇ ਸ਼ਹਿਰ ਦਾ ਚੱਕਰ ਲਾ ਕੇ ਅਮਨ ਬਹਾਲ ਕਰ ਦਿੱਤਾ।



# ‘ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥’

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

**ਭਾਗ-35**

**ਸੰਪਾਦਕ: ਸਰਬਜੀਤ ਕੌਰ ਸਰਬ**

ਜਗਤ ਇਕ ਵਹਾਓ ਹੈ । ਸਮਾਂ ਇਕ ਵੇਗ ਹੈ ,ਸਮੇਂ ਦੇ ਵੇਗ ਵਿਚ ਹੈ ਸਭ ਕੁਝ। ਸਮੇਂ ਦੇ ਵੇਗ ਵਿੱਚ ਅਤੇ ਵਹਾਓ ਵਿਚ ਸਭ ਕੁਝ ਵਹਿ ਰਿਹਾ ਹੈ। ਇਕ ਵਿਦਵਾਨ ਦਾ ਕਹਿਣਾ ਹੈ ਕਿ ਇਕੋ ਤੱਟ ’ਤੇ, ਇਕੋ ਨਦੀ ਦੇ ਵਿੱਚ ਅਸੀਂ ਦੁਬਾਰਾ ਨਹੀਂ ਲੰਘ ਸਕਦੇ । ਪਰ ਜੇ ਗਹਿਰਾਈ ਨਾਲ ਦੇਖਿਆ ਜਾਵੇ, ਇਕ ਨਦੀ ਵਿਚ ਇਕ ਤੱਟ ਤੋਂ ਜੋ ਇੱਕ ਕਦਮ ਵੀ ਨਦੀ ਵਿਚ ਰੱਖਿਆ ਹੈ, ਦੂਜਾ ਕਦਮ ਉਸ ਨਦੀ ਵਿੱਚ ਨਹੀਂ ਰੱਖ ਸਕਦੇ ਕਿਉਂਕਿ ਜਦ ਤੱਕ ਦੂਜਾ ਕਦਮ ਰੱਖਿਆ ਕਿੰਨਾ ਪਾਣੀ ਵਹਿ ਗਿਆ। ਦੂਜੇ ਕਦਮ ਦੇ ਲੰਘਦਿਆਂ ਹੀ ਨਦੀ ਤਾਂ ਲੰਘ ਗਏ ਵਹਾਓ ਹੋ ਗਿਆ। ਤੀਜਾ ਕਦਮ ਰੱਖਾਂਗੇ ਤਾਂ ਪਹਿਲਾਂ ਵਾਲੀ ਉਹ ਨਦੀ ਨਹੀਂ ਹੈ ਨਦੀ ਤਾਂ ਹਰ ਕਦਮ ਰੱਖਣ ਤੇ ਦੂਸਰੀ ਹੋਵੇਗੀ ਪਹਿਲੀ ਨਹੀਂ ਰਹੇਗੀ ।

**ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥**
**ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥38॥**
**ਪੰਨਾ 1428**

ਅਸੀਂ ਹਰ ਸਾਹ ਵਿਚ ਨਵਾਂ ਹੋਰ ਵੇਖਾਂਗੇ, ਅਗਰ ਵੇਖਣ ਦੀ ਸਮਰੱਥਾ ਹੋਵੇ ਦ੍ਰਿਸ਼ਟੀ ਹੋਵੇ । ਸਮੇਂ ਦਾ ਇਹ ਵਹਾਓ ਅਤੇ ਕਾਲ ਦਾ ਇਹ ਚੱਕਰ ਗਰਦਿਸ਼ ਅਕਾਲ ਦੇ ਹਾਦਸਿਆਂ ਵਿੱਚ ਹੈ। ਕਈ ਦਫ਼ਾ ਸਾਡੀ ਚਾਹਤ ਇਸ ਵਹਾਉਣ ਨਾਲ ਮੇਲ ਨਹੀਂ ਖਾਂਦੀ। ਸਾਡੀਆਂ ਕਾਮਨਾਵਾਂ ਇਸ ਵੇਗ ਨਾਲ ਮੇਲ ਨਹੀਂ ਖਾਂਦੀਆਂ। ਇਸੇ ਤਰਾਂ ਸਾਡੀ ਕਾਮਨਾ ਕੁਝ ਹੋਰ ਸੀ ਅਤੇ ਹੋਇਆ ਕੁਝ ਹੋਰ ਤੇ ਇਸ ਉੱਤੇ ਰੁਦਨ ਖੜੇ ਹੋ ਜਾਂਦੇ ਹਨ, ਰੋਣੇ ਖੜੇ ਹੋ ਜਾਂਦੇ ਨੇ । ਅੱਜ ਤੱਕ ਅਰਬਾਂ ਖਰਬਾਂ ਸਾਲਾਂ ਤੋਂ ਜਦੋਂ ਦਾ ਇਹ ਮਨੁੱਖੀ ਜੀਵਨ ਆਰੰਭਿਆ ਹੋਇਆ ਹੈ ਮਨੁੱਖ ਤਾਂ ਰੋਂਦਾ ਹੀ ਆਇਆ ਹੈ । ਦਾਰਸ਼ਨਿਕ ਅਜਿਹਾ ਕਹਿੰਦੇ ਨੇ ਕਿ ਸੱਤਾਂ ਸਮੁੰਦਰਾਂ ਵਿੱਚ ਇੰਨਾ ਪਾਣੀ ਨਹੀਂ ਹੈ ਜਿੰਨਾ ਮਨੁੱਖ ਦੀਆਂ ਅੱਖਾਂ ਵਿੱਚੋਂ ਨਿਕਲ ਚੁੱਕਿਆ ਹੈ ਅਤੇ ਅਜੇ ਵੀ ਨਿਕਲ ਰਿਹਾ ਹੈ। ਵਗਦੇ ਹੋਏ ਪਹਾੜਾਂ ਦੀ ਕੀ ਝਰਨੇ ਸੁੱਕ ਜਾਂਦੇ ਨੇ ਪਰ ਅੱਖਾਂ ਦੇ ਹੰਝੂ ਤਾਂ ਅਜੇ ਵੀ ਨਹੀਂ ਸੁੱਕੇ। ਜੇ ਆਦਿ ਮਨੁੱਖ ਬਹੁਤ ਰੋਇਆ ਹੈ ਤਾਂ ਅੱਜ ਦਾ ਵੀ ਮਨੁੱਖ ਰੋ ਰਿਹਾ ਹੈ ,ਘਰ-ਘਰ ਰੋਣਾ ਹੈ। ਰੋਣਾ ਕੀ ਹੈ, ਕੀ ਜੋ ਮੈਂ ਚਾਹਿਆ ਉਹ ਨਹੀਂ ਹੋਇਆ। ਮੈਂ ਮੰਗਿਆ ਕੁਝ ਹੋਰ ਸੀ ਤੇ ਹੋਇਆ ਕੁਝ ਹੋਰ। ਐਸਾ ਰੋਜ਼ ਹੋ ਰਿਹਾ ਹੈ, ਭਗਤ ਕਬੀਰ ਜੀ ਫੁਰਮਾਉਂਦੇ ਨੇ :-

**ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ ॥**
**ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ**
**॥219॥ ਪੰਨਾ 1376**

ਸੰਸਾਰ ਵਿੱਚ ਜੋ ਕੁਝ ਹੋ ਰਿਹਾ ਹੈ ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ। ਮੈਥੋਂ ਨਹੀਂ ਹੋ ਰਿਹਾ ਹੈ, ਮੈਂ ਤਾਂ ਸਿਰਫ਼ ਉਸ ਹੋਣੀ ਨਾਲ ਸਹਿਮਤ ਹੋਣਾ ਹੈ ।ਜੋ ਹੋਣੀ ਨਾਲ ਸਹਿਮਤ ਹੋ ਗਿਆ, ਪ੍ਰਮਾਤਮਾ ਨਾਲ ਸਹਿਮਤ ਹੋ ਗਿਆ ਅਤੇ ਜੋ ਪ੍ਰਮਾਤਮਾ ਨਾਲ ਸਹਿਮਤ ਹੋ ਗਿਆ ਸਮਝੋ ਪ੍ਰਮਾਤਮਾ ਨਾਲ ਜੁੜ ਗਿਆ ਹੈ। ਲੱਖਾਂ ਪੂਜਾ ਪਾਠ ਕਰੇ, ਇਬਾਦਤ ਕਰੇ ਰੋਜ਼ੇ ਰੱਖੇ ਵਰਤ ਰੱਖ ਕੇ ਤੀਰਥ ਯਾਤਰਾ ਦਾ ਰਟਨ ਕਰੇ ਅਤੇ ਅਨੰਤ ਦਾਨ ਕਰੇ, ਰੋਜ਼ ਦਾ ਸਤਿਸੰਗ ਕਰੇ, ਜਾਪ-ਤਾਪ ਕਰੇ ਅਗਰ ਇਹ ਹੋਣੀ ਨਾਲ ਸਹਿਮਤ ਨਹੀਂ ਤੇ ਅਜੇ ਪ੍ਰਮਾਤਮਾ ਤੋਂ ਕੋਸਾਂ ਦੂਰ ਹੈ। ਸਾਹਿਬ ਕਹਿੰਦੇ ਨੇ :-

**ਜੋ ਤੁਧੁ ਕਰਣਾ ਸੋ ਕਰਿ ਪਾਇਆ ॥**
**ਭਾਣੇ ਵਿਚਿ ਕੋ ਵਿਰਲਾ ਆਇਆ ॥**
**ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥**

ਹੋਣੀ ਨੂੰ ਤਾਂ ਕੋਈ ਵਿਰਲਾ ਹੀ ਕਬੂਲ ਕਰ ਸਕਦਾ ਹੈ, ਭਾਣੇ ਵਿੱਚ ਕੋਈ ਵਿਰਲਾ ਹੀ ਰਾਜ਼ੀ ਹੋ ਸਕਦਾ ਹੈ,



ਕਿਉਂਕਿ ਕਿ ਈਸ਼ਵਰ ਦਾ ਭਾਣਾ ਮੇਰੇ ਭਾਣੇ ਨਾਲ਼ ਮੇਲ ਨਹੀਂ ਕਰਦਾ ਹੈ। ਮੇਰੀ ਇੱਛਾ ਹੈ ਕਿ ਈਸ਼ਵਰ ਮੇਰੀ ਰਜਾ ਵਿੱਚ ਚੱਲੇ, ਅਗਰ ਉਹ ਮੇਰੀ ਰਜ਼ਾ ਵਿਚ ਨਹੀਂ ਹੈ ਮੈਂ ਉਸ ਨੂੰ ਸਿਜਦਾ ਕਿਉਂ ਕਰਾਂ। ਮੈਂ ਉਸ ਦੀ ਪ੍ਰੇਸਤਿਸ਼ ਕਿਉਂ ਕਰਾਂ ਅਗਰ ਮੇਰੀ ਰਾਜਾਂ ਵਿਚ ਚੱਲੇ ਤਾਂ ਮੇਰੀ ਸੀਮਾ ਵਿਚ ਹੈ ਤੇ ਫਿਰ ਪ੍ਰਮਾਤਮਾ ਦੀ ਕਰਨੀ ਸੀਮਾ ਨੂੰ ਛੂਹ ਜਾਂਦੀ ਹੈ। ਏਧਰੋਂ ਮੇਰੀ ਪਾਣੀ ਵਿੱਚ ਚੱਲੇ ਤੇ ਜਗਤ ਵਿਚ ਸਭ ਕੁਝ ਸੀਮਾ ਵਿਚ ਹੋ ਜਾਏਗਾ ਅਤੇ ਜਗਤ ਦੀ ਸਾਰੀ ਮਹਾਨਤਾ ਹੋ ਜਾਏਗੀ। ਇਸ ਤੋਂ ਠੀਕ ਹੈ ਕਿ ਮਨੁੱਖ ਉਸ ਪ੍ਰਭੂ ਦੀ ਰਜ਼ਾ ਵਿੱਚ ਰਾਜ਼ੀ ਹੋਵੇ ਮਨੁੱਖ ਉਸ ਦੇ ਭਾਣੇ ਵਿੱਚ ਰਾਜ਼ੀ ਹੋਵੇ।

ਜਗਤ ਵਿਚ ਸਭ ਕੁਝ ਹੋ ਰਿਹਾ ਹੈ, ਕੀਤਾ ਨਹੀਂ ਜਾ ਰਿਹਾ, ਇਹ ਹੋਣੀ ਹੈ ਜਗਤ ਦੇ ਵਿਚ, ਅਣਹੋਣੀ ਕੁਝ ਵੀ ਨਹੀਂ ਹੈ। ਰੋਣਾ ਕਿਸ, ਗੱਲ ਦਾ ਹੈ ਕਿ ਮੇਰੇ ਨਾਲ ਅਣਹੋਣੀ ਹੋ ਗਈ ਹੈ। ਜਦ ਕਿ ਗੁਰਬਾਣੀ ਕਹਿੰਦੀ ਹੈ, ਨਹੀਂ, ਇਹ ਹੋਣੀ ਹੋਈ ਹੈ, ਅਨਹੋਣੀ ਨਹੀਂ ਹੋਈ, ਰੋਣਾ ਉਦੋਂ ਹੋਵੇਗਾ ਕਿ ਜੋ ਮੈਂ ਚਾਹਿਆ ਸੀ, ਉਹ ਨਹੀਂ ਹੋਇਆ ਅਤੇ ਜੋ ਮੈਂ ਨਹੀਂ ਚਾਹੁੰਦਾ ਸੀ ਉਹ ਹੋ ਗਿਆ ਉਸ ਨੂੰ ਅਸੀਂ ਅਨਹੋਣੀ ਕਹਿੰਦੇ ਹਾਂ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸਲੋਕ :

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**
**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥51॥**
**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ**
**॥52॥ ਪੰਨਾ 1429**

ਸਤਿਗੁਰੂ ਜੀ ਕਹਿੰਦੇ ਨੇ ਕਿ ਚਿੰਤਾ ਦਾ ਤਾਂ ਕਰੋ ਜੇਕਰ ਅਣਹੋਣੀ ਹੁੰਦੀ ਹੋਵੇ, ਅਨਹੋਣੀ ਤਾਂ ਹੁੰਦੀ ਹੀ ਨਹੀਂ ਹੈ ਫਿਰ ਚਿੰਤਾ ਕਿਸ ਗੱਲ ਦੀ ਹੈ ।ਚਿੰਤਾ ਨੂੰ ਗਹਿਰਾਈ ਨਾਲ ਦੇਖੀਏ ਤਾਂ ਇਸ ਦੇ ਦੋ ਕਾਰਨ ਹਨ । ਪਹਿਲਾ, ਐਸਾ ਨਹੀਂ ਹੋਣਾ ਚਾਹੀਦਾ, ਦੂਜਾ : ਹੋਣਾ ਚਾਹੀਦਾ ਹੈ। ਇਹ ਦੋ ਕਾਰਨ ਜਿਨਾਂ ਨੇ ਦੁਨੀਆਂ ਨੂੰ ਚਿੰਤਤ ਕੀਤਾ ਹੋਇਆ ਹੈ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ ਕਿ ਜੋ ਹੁੰਦਾ ਹੈ ਉਹ ਹੁੰਦਾ ਹੈ ਜੋ ਨਹੀਂ ਹੁੰਦਾ ਉਹ ਨੀਂ ਹੁੰਦਾ ਤੈਨੂੰ ਚਿੰਤਾ ਫਿਰ ਕਿਹੜੀ ਬਣਦੀ ਹੈ ਕਿ ਚਿੰਤਾ ਕਾਹਦੀ । ਜਦੋਂ ਸਭ ਕੁਝ ਉਸ ਅਕਾਲ ਪੁਰਖ ਦੇ ਭਾਣੇ ਵਿੱਚ ਵਾਪਰਨਾ ਫਿਰ ਮਨੁੱਖ ਕਿਉਂ ਚਿੰਤਿਤ ਹੈ।




# ✪ ਕਹਾਣੀਆਂ ✪

## ਲੇਬਰ ਡੇਅ

ਸੇਠ ਜਨਕ ਰਾਜ ਦੀ ਪਹਿਲਾਂ ਕਰਿਆਨੇ ਦੀ ਛੋਟੀ ਜਿਹੀ ਦੁਕਾਨ ਸੀ ਪਰ ਹੁਣ ਦੁਕਾਨ ਨਹੀਂ ਰਹੀ ਸੀ ਸਗੋਂ ਸ਼ਹਿਰ ਦਾ ਇੱਕ ਵੱਡਾ ਸ਼ੋਅ ਰੂਮ ਬਣ ਗਿਆ ਸੀ ਜਿਸ ਵਿੱਚ ਘਰੇਲੂ ਵਰਤੋਂ ਦਾ ਲਗਪਗ ਹਰ ਕਿਸਮ ਦਾ ਸਾਮਾਨ ਸੀ। ਉਸ ਵਿੱਚ ਤਕਰੀਬਨ ਪੱਚੀ ਤੀਹ ਕਰਿੰਦੇ ਕੰਮ ਕਰਦੇ ਸਨ ਜਿਨਾਂ ਵਿੱਚ ਅਠਾਰਾਂ ਸਾਲ ਦੇ ਕਿਸ਼ੋਰ ਤੋਂ ਲੈ ਕੇ ਪੈਂਹਠ ਸੱਤਰ ਸਾਲ ਦੇ ਬਜ਼ੁਰਗ ਤੱਕ ਸ਼ਾਮਲ ਸਨ। ਸੇਠ ਦੇ ਨਾਲ ਉਸ ਦਾ ਪੁੱਤਰ ਵੀ ਬੈਠਦਾ ਸੀ ਪਰ ਉਹ ਦੋਵੇਂ ਪਿਓ ਪੁੱਤ ਤਾਂ ਅਲੱਗ ਬਣੇ ਕੈਬਿਨ ਵਿੱਚ ਹਿਸਾਬ ਕਿਤਾਬ ਕਰਨ ਵਾਲੇ ਕਰਮਚਾਰੀ ’ਤੇ ਨਿਗਾਹ ਰੱਖਦੇ ਸਨ। ਕਰਿੰਦਿਆਂ ਵਿੱਚ ਵੀ ਜਿਹੜੇ ਦਸ ਜਮਾਤਾਂ ਪੜ੍ਹੇ ਹੋਏ ਸਨ ਤੇ ਹੱਟੇ ਕੱਟੇ ਸਨ ਉਹ ਵਿਚਾਰੇ ਗ਼ਰੀਬ ਤੇ ਮਜਬੂਰ ਮਰੀਅਲ ਜਿਹੇ ਮਜ਼ਦੂਰਾਂ ’ਤੇ ਰੋਹਬ ਪਾ ਕੇ ਰੱਖਦੇ ਤੇ ਉਨਾਂ ਤੋਂ ਆਪਣੇ ਹਿੱਸੇ ਦਾ ਕੰਮ ਵੀ ਕਰਵਾਈ ਜਾਂਦੇ।

ਸੇਠ ਜਨਕ ਰਾਜ ਨੇ ਇੱਕ ਮਈ ਦੀ ਸ਼ਾਮ ਨੂੰ ਮਜ਼ਦੂਰਾਂ ਨੂੰ ਪਾਰਟੀ ਕੀਤੀ ਜਿਸ ਵਿੱਚ ਚਾਹ ਦੇ ਨਾਲ ਇੱਕ ਇੱਕ ਸਮੋਸਾ ਅਤੇ ਬਰਫ਼ੀ ਦਾ ਟੁਕੜਾ ਪੁਰਾਣੇ ਅਖ਼ਬਾਰਾਂ ’ਤੇ ਰੱਖ ਕੇ ਪਰੋਸੇ ਗਏ। ਉਪਰਲੇ ਦਰਜੇ ਦੇ ਕਰਮਚਾਰੀਆਂ ਨੂੰ ਤਾਂ ਸਮਝ ਸੀ ਪਰ ਵਿਚਾਰੇ ਹੇਠਲੇ ਪੱਧਰ ਦੇ ਮਜ਼ਦੂਰ ਇਸ ਗੱਲੋਂ ਅਣਜਾਣ ਸਨ ਕਿ ਅੱਜ ਉਨਾਂ ਦੇ ਮਾਲਕ ਨੇ ਕਿਹੜੀ ਖ਼ੁਸ਼ੀ ਵਿੱਚ ਪਾਰਟੀ ਦਿੱਤੀ। ਸੇਠ ਨੇ ਇਸ ‘ਪਾਰਟੀ’ ਵਿੱਚ ਸ਼ਹਿਰ ਦੇ ਕੁਝ ਪਤਵੰਤੇ ਸੱਜਣ ਵੀ ਬੁਲਾਏ। ਉਨਾਂ ਸਭ ਲਈ ਹੋਰ ਤਰਾਂ ਦੀਆਂ ਮਹਿੰਗੀਆਂ ਮਠਿਆਈਆਂ ਅਤੇ ਹੋਰ ਤਰਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਵੱਖਰੇ ਤੌਰ ’ਤੇ ਸਜਾ ਕੇ ਪਰੋਸੀਆਂ ਗਈਆਂ। ਕੁਝ ਪੱਤਰਕਾਰ ਬੁਲਾਏ ਗਏ। ਕੁਝ ਮਜ਼ਦੂਰਾਂ ਨੂੰ ਛੋਟੇ ਛੋਟੇ ਪੈਕੇਟ ਰੰਗਦਾਰ ਕਾਗਜ਼ ਵਿੱਚ ਲਪੇਟ ਕੇ ਵੰਡਦਿਆਂ ਦੀਆਂ ਫੋਟੋਆਂ ਖਿੱਚੀਆਂ ਗਈਆਂ। ਜਦ ਸਾਰੇ ਚਲੇ ਗਏ ਤਾਂ ਮੂਹਰਲੇ ਕਰਿੰਦਿਆਂ ਨੇ ਉਹ ਸਾਰੇ ਪੈਕੇਟ ਉਨਾਂ ਮਜ਼ਦੂਰਾਂ ਤੋਂ ਫੜ ਕੇ ਇੱਕ ਪਾਸੇ ਰੱਖ ਦਿੱਤੇ ਕਿਉਂਕਿ ਉਹ ਖਾਲੀ ਡੱਬਿਆਂ ’ਤੇ ਰੰਗਲਾ ਕਾਗਜ਼ ਚੜ੍ਹਾ ਕੇ ਸਿਰਫ਼ ਫੋਟੋਆਂ ਖਿਚਾਉਣ ਲਈ ਤਿਆਰ ਕੀਤੇ ਗਏ ਸਨ।

ਅਗਲੇ ਦਿਨ ਸੇਠ ਵੱਲੋਂ ਮਨਾਏ ਗਏ ‘ਲੇਬਰ ਡੇਅ’ ਦੀਆਂ ਖ਼ਬਰਾਂ ਅਖ਼ਬਾਰਾਂ ਦੇ ਪੰਨਿਆਂ ’ਤੇ ਫੋਟੋਆਂ ਸਮੇਤ ਛਪੀਆਂ। ਸੇਠ ਨੂੰ ਸਵੇਰ ਤੋਂ ਹੀ ਲੋਕਾਂ ਦੇ ਵਧਾਈਆਂ ਦੇ ਫੋਨ ਆਉਣੇ ਸ਼ੁਰੂ ਹੋ ਗਏ। ‘ਵਾਹ! ਜਨਕ ਰਾਜ ਜੀ, ਅੱਜ ਤਾਂ ਸਾਰੇ ਪਾਸੇ ਛਾਏ ਪਏ ਹੋ। ਮੁਬਾਰਕਾਂ ਜੀ, ਬਹੁਤ ਬਹੁਤ ਮੁਬਾਰਕਾਂ।’ ਸੇਠ ਨੂੰ ਉਸ ਦੇ ਇੱਕ ਹੋਰ ਸੇਠ ਮਿੱਤਰ ਦਾ ਫ਼ੋਨ ਆਇਆ। ਸੇਠ ਦਫ਼ਤਰ ਵਿੱਚ ਆਪਣੀ ਉੱਚੀ ਢੋਅ ਵਾਲੀ ਕੁਰਸੀ ’ਤੇ ਇਉਂ ਬੈਠਾ ਸੀ ਜਿਵੇਂ ਅੱਧਾ ਲੇਟਿਆ ਹੋਵੇ। ਮੂਹਰੇ ਸ਼ੀਸ਼ੇ ਵਾਲੇ ਚਮਕਦੇ ਮੇਜ਼ ਉੱਤੇ ‘ਲੇਬਰ ਡੇਅ’ ਦੇ ਜਸ਼ਨ ਦੀਆਂ ਫੋਟੋਆਂ ਵਾਲੇ ਅਖ਼ਬਾਰ ਪਏ ਸਨ। ਫੋਨ ਕੰਨ ਨੂੰ ਲਾਈ ਹੱਸਦਾ ਹੋਇਆ ਸੇਠ ਬੋਲਿਆ, ‘ਹਾ ਹਾ ਹਾ ਹਾ ਹਾ... ਭਾਈ ਸਾਹਿਬ ਜੀ... ਇਹ ਲੇਬਰ ਡੇਅ ਸਾਡੇ ਪੂਰਾ ਸਾਲ ਬਹੁਤ ਕੰਮ ਆਉਂਦੈ। ਹਾ ਹਾ ਹਾ... ਸਾਰੀ ਲੇਬਰ ਆਪਣੀ ਫੋਟੋ ਅਖ਼ਬਾਰ ਵਿੱਚ ਦੇਖ ਕੇ ਖ਼ੁਸ਼ ਹੋਈ ਪਈ ਐ। ਸਾਰਾ ਸਾਲ ਇਨਾਂ ਤੋਂ ਕੰਮ ਲੈਣ ਲਈ ਇੱਕ ਸਮੋਸਾ ਤੇ ਇਹ ਫੋਟੋ ਬਹੁਤ ਕੰਮ ਆਉਂਦੀ ਐ।’

‘ਹਾ ਹਾ ਹਾ ਹਾ... ਸਮਝ ਗਏ ਜਨਕ ਰਾਜ ਜੀ... ਤੁਹਾਡੀ

## ਮਜਬੂਰ ਦਿਵਸ

‘ਜਦੋਂ ਤੱਕ ਸ਼ੋਸ਼ਤ ਵਰਗ ਇਕੱਠਾ ਨੀਂ ਹੁੰਦਾ, ਇਹ ਭੇੜੀਏ ਸਾਡਾ ਕਿਰਤੀਆਂ ਦਾ ਖ਼ੂਨ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ।’ ਮੈਂ ਪੂਰੇ ਜੋਸ਼ ’ਚ ਮਜ਼ਦੂਰ ਦਿਵਸ ’ਤੇ ਆਪਣਾ ਭਾਸ਼ਣ ਖ਼ਤਮ ਕੀਤਾ ਤਾਂ ਤਾੜੀਆਂ ਦੀ ਗੜਗੜਾਹਟ ਨਾਲ ਸ਼ਹਿਰ ਦੀ ਅਨਾਜ ਮੰਡੀ ਦੇ ਮਹਿੰਗੇ ਹੋਟਲ ਦਾ ਪੂਰਾ ਏਸੀ ਹਾਲ ਕਾਫ਼ੀ ਦੇਰ ਤਕ ਗੂੰਜਦਾ ਰਿਹਾ। ਫੇਰ ਕਈਆਂ ਨੂੰ ਸਨਮਾਨਿਤ ਕੀਤਾ ਗਿਆ ਤੇ ਪ੍ਰੋਗਰਾਮ ਸਮਾਪਤ ਹੋ ਗਿਆ। ਬਸ ਅਸੀਂ ਯੂਨੀਅਨ ਦੇ ਪੰਜ-ਸੱਤ ਅਹੁਦੇਦਾਰ ਸਰਕਾਰੀ ਮੁਲਾਜ਼ਮ ਹੀ ਬਚੇ ਸਾਂ। ਹਰਜੀਤ ਬੋਲਿਆ, ‘ਯਾਰ, ਗਰਮੀ ਬਹੁਤ ਏ, ਆ ਜੋ ਬੀਅਰ-ਸ਼ੀਅਰ ਲਾਈਏ। ਕਰਿਆ ਕਰੋ ਯਾਰੋ ਖਰਚਾ। ਇੰਨੀਆਂ ਤਨਖ਼ਾਹਾਂ ਕਬਰ ’ਚ ਲੈ ਕੇ ਜਾਣੀਆਂ ਨੇ?’ ਅਸੀਂ ਸਾਰੇ ਹੀ ਹੱਸ ਪਏ। ਅਸਲ ’ਚ ਇਹ ਸਾਡੀ ਸਹਿਮਤੀ ਦਾ ਪ੍ਰਗਟਾਵਾ ਸੀ ਤੇ ਅਸੀਂ ਇਸੇ ਹੋਟਲ ’ਚ ਬਣੀ ਏਸੀ ਮਾਡਰਨ ਝੌਂਪੜੀ ਜਿਹੀ ’ਚ ਬਹਿ ਕੇ ਬਾਹਰਲੇ ਮੁਲਕ ਦੀ ਖ਼ਾਸ ਬੀਅਰਾਂ, ਮਹਿੰਗੀ ਸ਼ਰਾਬ ਆਦਿ ਪੀਣ ਵਿੱਚ ਰੁੱਝ ਗਏ।

ਚਲਦੇ ਪ੍ਰੋਗਰਾਮ ’ਚ ਮੈਨੂੰ ਮੇਰੇ ਆੜ੍ਹਤੀਏ ਦੇ ਮੁਨੀਮ ਚਿਮਨ ਦਾ ਫੋਨ ਆ ਗਿਆ, ‘ਮਾਸਟਰ ਜੀ, ਉਹ ਬਲਵੀਰ ਜਿਸ ਨੂੰ ਤੁਸੀਂ ਜਮੀਨ ਠੇਕੇ ’ਤੇ ਦਿੰਨੇ ਓ, ਉਹ ਸਾਰੀ ਫ਼ਸਲ ਵੇਚ ਗਿਆ ਸੀ। ਉਸ ਦਾ ਤੁਹਾਡੇ ਨਾਂ ਦਾ ਜੇ ਫਾਰਮ ਕੱਟਿਆ ਪਿਆ ਏ, ਹੋਰ ਕਿੱਧਰ ਟੈਕਸ ਦੇ ਯੱਭ ’ਚ ਪਵੋਗੇ, ਕਿੱਥੇ ਪੁਚਾਵਾਂ?’ ‘ਆਜਾ ਯਾਰ, ਮੰਡੀ ’ਚ ਆਹ ਹੋਟਲ ਦੇ ਬਾਹਰ, ਮੈਂ ਆ ਗਿਆ।’ ਮੈਂ ਖ਼ੁਸ਼ ਸੀ, ਨਾਲੇ ਪੁੰਨ ਤੇ ਨਾਲੇ ਫਲੀਆਂ ਜੋ ਮਿਲ ਰਹੇ ਸੀ। ਮੈਂ ਬਾਹਰ ਆਇਆ ਤਾਂ ਧੁੱਪ ਬੜੀ ਤੇਜ਼ ਸੀ। ਚਿਮਨ ਤੋਂ ਜੇ ਫਾਰਮ ਫੜ ਕੇ ਮੈਂ ਵਾਪਸ ਅੰਦਰ ਆਉਣ ਲੱਗਾ ਤਾਂ ਪਿੱਛੋਂ ਜਾਣੀ-ਪਛਾਣੀ ਆਵਾਜ਼ ਆਈ, ‘ਰਾਮ-ਰਾਮ ਭਾਈ ਜੀ।’ ਕਣਕ ਦੀਆਂ ਬੋਰੀਆਂ ਟਰੱਕ ’ਤੇ ਲੱਦਦਾ ਉਹ ਪਸੀਨੇ ਨਾਲ ਨਹਾਇਆ ਪਿਆ ਸੀ। ‘ਰਾਮ-ਰਾਮ, ਮਦਨ ਤੂੰ, ਕੀ ਗੱਲ ਮੰਡੀ ’ਚ ਲੱਗ ਗਿਆ ਏਂ?’ ਮੇਰਾ ਪੁਰਾਣਾ ਖੇਤ ਵਾਲਾ ਕਾਮਾ ਮਦਨ ਸੀ। ਜਦੋਂ ਮੈਂ ਵਾਹੀ ਆਪ ਕਰਦਾ ਸੀ ਉਦੋਂ ਮਦਨ ਨੇ ਕਈ ਸਾਲ ਸਾਡੇ ਖੇਤ ਲਾਏ ਸਨ। ‘ਮਦਨ, ਯਾਰ ਆਪਣਾ ਪਿੰਡ, ਆਪਣਾ ਈ ਹੁੰਦਾ ਏ। ਇੱਥੇ ਆਉਣ ਦੀ ਕੀ ਸੁੱਝੀ ਤੈਨੂੰ?’ ਬੀਅਰ ਦੇ ਸਰੂਰ ’ਚ ਮੇਰੀ ਪਿੰਡ ਵਾਲੀ ਸਰਦਾਰੀ ਜਾਗ ਗਈ।

‘ਬਾਈ ਜੀ, ਕੰਮ ਤਾਂ ਚਲੋ ਤੁਸੀਂ ਵੀ ਬੜਾ ਕਰਾਉਂਦੇ ਸੀ ਪਰ ਖੁੱਲਾ ਖਾਣ-ਪੀਣ ਤੇ ਨਕਦ ਦਿਹਾੜੀ ਮਿਲਦੀ ਸੀ ਤਾਂ ਚੰਗਾ ਟਾਈਮ ਪਾਸ ਸੀ। ਬਾਅਦ ’ਚ ਤੁਹਾਡੇ ਵੱਡੇ ਚੌਧਰੀਆਂ ਦੇ ਈ ਸ਼ਰੀਕੇ ’ਚ ਹੱਡ ਤੋੜ ਕੇ ਮਿਹਨਤ ਕਰਦਾ, ਸ਼ਾਮ ਨੂੰ ਪੈਸੇ ਮੰਗਦਾ ਤਾਂ ਕਹਿੰਦੇ ਕੱਲ, ਫੇਰ ਮੰਗਦਾ ਤਾਂ ਮੰਗਲਵਾਰ ਆਵੀਂ, ਮੰਗਲਵਾਰ ਜਾਂਦਾ ਤਾਂ ਫੇਰ ਕੱਲ ਤੇ ਅਖੀਰ ਕਿੰਨੇ ਹੀ ਘਰਾਂ ’ਚੋਂ ਅੱਧ-ਪਚੱਧ ਛੱਡ, ਗੰਦੀਆਂ ਗਾਲਾਂ ਖਾ ਕੇ ਨਿਕਲਦਾ। ਮੈਂ ਫੇਰ ਵੀ ਉੱਥੇ ਈ ਵਗਦਾ ਰਿਹਾ ਪਰ ਇੱਕ ਦਿਨ ਤੁਹਾਡੇ ਈ ਸ਼ਰੀਕ ਜੈਲੇ ਨੰਬਰਦਾਰ ਨੇ ਕੱਖ ਲੈਣ ਗਈ ਮੇਰੀ ਘਰਦੀ ਦਾ ਹੱਥ ਫੜ ਲਿਆ। ਭਾਵੇਂ ਅਸੀਂ ਜੈਲੇ ਦੀ ਸਾਡੇ ਕਿਰਤੀਆਂ ਦੇ ਕਦੇ ਕੋਈ ਪਿੰਡ-ਸ਼ਹਿਰ ਇਲਾਕੇ ਨੀਂ ਹੁੰਦੇ। ਸਾਡੇ ਤਾਂ ਬੱਸ ਵਿਹੜੇ-ਮੁਹੱਲੇ ਈ ਹੁੰਦੇ ਨੇ। ਮੈਂ ਫੇਰ ਸ਼ਹਿਰ ਆ ਗਿਆ। ਹਾਲ ਤਾਂ ਭਾਵੇਂ ਇੱਥੇ ਵੀ ਠੀਕ-ਠਾਕ ਈ ਏ ਪਰ ਚਲੋ ਗੱਡੀ ਚੱਲੀ ਆਉਂਦੀ ਏ। ਮਾਸਟਰ, ਮਹਿਸੂਸ ਨਾ ਕਰੀਂ, ਹੈ ਤਾਂ ਭਾਵੇਂ ਉਹ ਤੇਰੇ ਈ ਚਾਚੇ-ਤਾਏ ਪਰ ਅਜਿਹੇ ਭੇੜੀਏ ਸਾਡਾ ਖ਼ੂਨ ਆਖਰ ਕਦੋਂ ਤੱਕ ਚੂਸਦੇ ਰਹਿਣਗੇ, ਚੂਸਦੇ ਰਹਿਣਗੇ, ਚੂਸਦੇ ਰਹਿਣਗੇ?’ ਉਸ ਦੀ ਗੱਲ ਖ਼ਤਮ ਹੋਣ ’ਤੇ ਭਾਵੇਂ ਇੱਕ ਵੀ ਤਾੜੀ ਨਹੀਂ ਵੱਜੀ ਪਰ ਇੰਝ ਲੱਗਿਆ ਜਿਵੇਂ ਕਿਸੇ ਨੇ ਮੇਰੇ ਮੂੰਹ ’ਤੇ ਕਰਾਰੀ ਚਪੇੜ ਮਾਰ ਦਿੱਤੀ ਹੋਵੇ। ਉਹ ਰਾਮ-ਰਾਮ ਕਰ ਕੇ ਫੇਰ ਬੋਰੀਆਂ ਲੱਦਣ ਲੱਗ ਗਿਆ। ਮੈਂ ਵਾਪਸ ਆ ਬੀਅਰ ਦਾ ਕੈਨ ਮੂੰਹ ਨੂੰ ਲਾਇਆ ਤਾਂ ਪਤਾ ਨਹੀਂ ਕਿਉਂ ਬੇਸਵਾਦ ਜਿਹਾ ਲੱਗ ਰਿਹਾ ਸੀ।

**ਅਸ਼ੋਕ ਸੋਨੀ**

## ਮਜ਼ਦੂਰ ਦਿਵਸ

‘ਹਾਂ ਬਈ ਦਾਣਾ ਮੰਡੀ ਚੱਲੇਂਗਾ?’ ਬੱਸ ਅੱਡੇ ਤੋਂ ਬਾਹਰ ਨਿਕਲਦਿਆਂ ਸੇਵਾ ਮੁਕਤ ਸਰਕਾਰੀ ਕਰਮਚਾਰੀ ਜਾਪਦੇ ਪਹਿਨੇ-ਪੱਚਰੇ ਵਿਅਕਤੀ ਨੇ ਰਿਕਸ਼ੇ ਵਾਲੇ ਨੂੰ ਪੁੱਛਿਆ।

‘ਜ਼ਰੂਰ ਚੱਲਾਂਗੇ ਜੀ। ਆਓ ਜੀ ਬੈਠੋ।’ ਰਿਕਸ਼ੇ ਵਾਲੇ ਨੇ ਸਵੇਰੇ ਸਵੇਰੇ ਸਵਾਰੀ ਮਿਲਣ ਦੀ ਖ਼ੁਸ਼ੀ ’ਚ ਉਤਸ਼ਾਹ ਨਾਲ ਜਵਾਬ ਦਿੱਤਾ।

‘ਕਿੰਨੇ ਪੈਸੇ ਲਵੇਂਗਾ?’

‘ਜਿੰਨੇ ਮਰਜ਼ੀ ਦੇ ਦਿਓ ਜੀ।’

‘ਫੇਰ ਵੀ ਦੱਸ ਤਾਂ ਸਹੀ। ਉੱਥੇ ਜਾ ਕੇ ਨਾ ਮਨਮਰਜ਼ੀ ਦੇ ਮੰਗ ਕੇ ਖੜਜੀਂ।’

‘ਤੀਹ ਦੇ ਦਿਓ ਜੀ।’

‘ਤੀਹ ਨੂੰ ਟਿਕਾਣਾ ਕੋਈ। ਪਤੰਦਰਾ ਕੱਪੜੇ ਹੀ ਲਾਹੁਣ ਬਹਿ ਗਿਆ। ਆਹ ਖੜੀ ਐ ਦਾਣਾ ਮੰਡੀ। ਮੈਂ ਤਾਂ ਤੁਰ ਕੇ ਕਿਹੜਾ ਨਾ ਚਲਾ ਜਾਵਾਂ ਗੱਲ ਕਰ ਗਰਮੀ ਹੈ ਈ ਬਾਹਲੀ ਅੱਜ।’

‘ਤੀਹ ਤਾਂ ਜਾਇਜ਼ ਈ ਨੇ ਜੀ।’

‘ਕੋਈ ਜਾਇਜ਼ ਨਹੀਂ। ਵੀਹ ਦੇਵਾਂਗਾ। ਮਨਜ਼ੂਰ ਐ ਤਾਂ ਚੱਲ। ਨਹੀਂ ਹੋਰ ਬਥੇਰੇ ਖੜ੍ਹੇ ਨੇ, ਮੈਂ ਕਿਸੇ ਹੋਰ ਨੂੰ ਪੁੱਛਾਂ।’

‘ਚੱਲ ਪੱਚੀ ਦੇ ਦਿਓ ਜੀ।’

‘ਉਏ ਯਾਰ ਮੇਰੇ ਨਾਲ ਸੌਦੇਬਾਜ਼ੀਆਂ ਜਿਹੀਆਂ ਨਾ ਕਰ। ਪੰਜ ਨਾ ਤੇਰੇ ਕੋਲ ਹੋਣੇ ਆ ਖੁੱਲੇ ਨਾ ਮੇਰੇ ਕੋਲ। ਵੀਹ ਦੇਊਂਗਾ। ਆ ਚੱਲੀਏ।’

‘ਚਲੋ ਆਓ ਬੈਠੋ ਜੀ।’

‘ਦਾਣਾ ਮੰਡੀ ’ਚ ਅੱਜ ਪ੍ਰੋਗਰਾਮ ਐ ਜੀ ਕੋਈ?’

‘ਥੋਡਾ ਮਜ਼ਦੂਰਾਂ ਦਾ ਈ ਪ੍ਰੋਗਰਾਮ ਐ ਮਿੱਤਰਾ। ਅੱਜ ਪਹਿਲੀ ਮਈ ਦਾ ਮਜ਼ਦੂਰ ਦਿਵਸ।’

‘ਉੱਥੇ ਕੀ ਹੋਣਾ ਜੀ ਅੱਜ?’

‘ਉੱਥੇ ਤੁਹਾਨੂੰ ਮਜ਼ਦੂਰਾਂ ਨੂੰ ਤੁਹਾਡੇ ਹੱਕਾਂ ਬਾਰੇ ਜਾਗਰੂਕ ਕਰਨ ਦੇ ਨਾਲ ਨਾਲ ਬਾਕੀ ਲੋਕਾਂ ਨੂੰ ਵੀ ਪ੍ਰੇਰਿਤ ਕੀਤਾ ਜਾਣਾ ਬਈ ਕਿਸੇ ਵੀ ਮਜ਼ਦੂਰ ਦਾ ਹੱਕ ਨਹੀਂ ਮਾਰਨਾ ਚਾਹੀਦਾ। ਮੈਂ ਸਾਰੇ ਪ੍ਰੋਗਰਾਮ ਦਾ ਸਟੇਜ ਸੈਕਟਰੀ ਆਂ।’

‘ਲਓ ਜੀ ਆ ਗਈ ਦਾਣਾ ਮੰਡੀ। ਔਹ ਸਾਹਮਣੇ ਲੱਗਦਾ ਪ੍ਰੋਗਰਾਮ।’ ਮੁੜਕੋ-ਮੁੜਕੀ ਹੋਇਆ ਰਿਕਸ਼ੇ ਵਾਲਾ ਬੋਲਿਆ।

‘ਹਾਂ ਉੱਥੇ ਈ ਐ ਪ੍ਰੋਗਰਾਮ। ਲਾਗੇ ਈ ਲੈ ਚੱਲ ਰਿਕਸ਼ਾ। ਅੱਜ ਤਾਂ ਗਰਮੀ ਬੜੀ ਐ।’

‘ਲਓ ਜੀ ਆ ਗਿਆ ਪ੍ਰੋਗਰਾਮ,’ ਗੇਟ ’ਤੇ ਰਿਕਸ਼ਾ ਰੋਕਦਿਆਂ ਰਿਕਸ਼ੇ ਵਾਲਾ ਚੜ੍ਹਿਆ ਸਾਹ ਸੰਭਾਲਦਾ ਬੋਲਿਆ।

‘ਆਹ ਲੈ ਬਈ ਆਪਣੇ ਵੀਹ ਰੁਪਏ।’

ਵੀਹ ਦਾ ਨੋਟ ਫੜਦਿਆਂ ਅਮੀਰਾਂ ਵੱਲੋਂ ਮਨਾਏ ਜਾਣ ਵਾਲੇ ਮਜ਼ਦੂਰ ਦਿਵਸ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰਦਾ ਰਿਕਸ਼ੇ ਵਾਲਾ ਹੋਰ ਸਵਾਰੀ ਦੀ ਉਡੀਕ ’ਚ ਪਤਾ ਨਹੀਂ ਕਦੋਂ ਫਿਰ ਬੱਸ ਅੱਡੇ ਸਾਹਮਣੇ ਆ ਖਲੋਤਾ।

**ਬਿੰਦਰ ਸਿੰਘ ਖੁੱਡੀ ਕਲਾਂ**

## ਭੁੱਖ

ਸੇਠ ਜੀ ਧੁੱਪ ਸੇਕ ਰਹੇ ਸਨ। ਉਨਾਂ ਨੇ ਆਪਣਾ ਖਾਣਾ ਵੀ ਉੱਥੇ ਹੀ ਮੰਗਵਾ ਲਿਆ ਸੀ। ਵੱਡੀ ਸਾਰੀ ਥਾਲ਼ੀ ਵਿੱਚ ਦੋ ਰੋਟੀਆਂ, ਦਾਲ਼, ਸਬਜ਼ੀ, ਰਾਇਤਾ, ਆਚਾਰ, ਸਲਾਦ, ਖੀਰ ਵਗੈਰਾ ਦੀਆਂ ਦਸ ਕੌਲੀਆਂ ਸਨ। ਇੰਨੇ ਨੂੰ ਉਨਾਂ ਦੇ ਪੁਰਾਣੇ ਪਿੰਡ ਦਾ ਇੱਕ ਮੁੰਡਾ ਆ ਗਿਆ। ਉਹਨੇ ਸੇਠ ਜੀ ਦੇ ਪੈਰ ਛੂਹੇ ਅਤੇ ਆਪਣੀ ਜਾਣਕਾਰੀ ਦਿੰਦਿਆਂ ਕਿਹਾ, ‘ਪਿਤਾ ਜੀ ਨੇ ਤੁਹਾਡੇ ਕੋਲ ਇੱਕ ਕੰਮ ਲਈ ਭੇਜਿਆ ਹੈ। ਤੁਹਾਡੀ ਸਿਫ਼ਾਰਿਸ਼ ਚਾਹੀਦੀ ਹੈ।’

ਉਹਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਸੇਠ ਜੀ ਨੇ ਪੁੱਛਿਆ, ‘ਰੋਟੀ ਖਾਵੇਂਗਾ?’

ਮੁੰਡਾ ਭੁੰਜੇ ਬਹਿੰਦਿਆਂ ਬੋਲਿਆ, ‘ਤੁਰਦੇ ਸਮੇਂ ਮਾਂ ਨੇ ਚਾਰ ਰੋਟੀਆਂ ਬੰਨ ਦਿੱਤੀਆਂ ਸਨ। ਉਹ ਬੱਸ ਅੱਡੇ ਦੇ ਬੈਂਚ ’ਤੇ ਬਹਿ ਕੇ ਖਾ ਕੇ ਹੀ ਆਇਆ ਹਾਂ।’

‘ਠੀਕ ਹੈ, ਮੈਂ ਖਾਣਾ ਖਾ ਲਵਾਂ। ਫਿਰ ਤੇਰੀ ਗੱਲ ਸੁਣਦਾ ਹਾਂ।’ ਸੇਠ ਜੀ ਨੇ ਖਾਣਾ ਸ਼ੁਰੂ ਕੀਤਾ। ਉਨਾਂ ਨੇ ਵੇਖਿਆ ਕਿ ਮੁੰਡੇ ਦੀਆਂ ਨਜ਼ਰਾਂ ਉਨਾਂ ਦੀ ਥਾਲੀ ਵੱਲ ਹਨ ਅਤੇ ਕੁਝ ਕਹਿਣਾ ਚਾਹੁੰਦਾ ਹੈ। ਉਨਾਂ ਪੁੱਛਿਆ, ‘ਕੁਝ ਕਹਿਣਾ ਹੈ?’

‘ਤੁਸੀਂ ਬੁਰਾ ਨਾ ਮੰਨਣਾ। ਲੱਗਦਾ ਹੈ, ਸੇਠਾਣੀ ਜੀ ਨੂੰ ਚੰਗੀ ਤਰਾਂ ਰੋਟੀ ਬਣਾਉਣੀ ਨਹੀਂ ਆਉਂਦੀ। ਘੱਟੋ-ਘੱਟ ਮੇਰੀ ਮਾਂ ਵਰਗੀ ਤਾਂ ਬਿਲਕੁਲ ਨਹੀਂ।’

‘ਇਹ ਤੂੰ ਕੀ ਕਹਿ ਰਿਹੈਂ? ਮੇਰੀ ਸੇਠਾਣੀ ਦੇ ਖਾਣੇ ਦੀ ਸਾਰੇ ਤਾਰੀਫ਼ ਕਰਦੇ ਹਨ।’ ‘ਵੇਖੋ, ਮੇਰੀ ਮਾਂ ਦੀਆਂ ਬਣਾਈਆਂ ਇੰਨੀਆਂ ਹੀ ਰੋਟੀਆਂ ਮੈਂ ਚਟਣੀ ਜਾਂ ਉਸ ਤੋਂ ਬਿਨਾਂ ਹੀ ਗੜੱਪ-ਗੜੱਪ ਖਾ ਜਾਂਦਾ ਹਾਂ। ਤੁਹਾਨੂੰ ਇਨਾਂ ਪਤਲੀਆਂ-ਪਤਲੀਆਂ ਦੋ ਰੋਟੀਆਂ ਨੂੰ ਨਿਗਲਣ ਲਈ ਦਸ ਚੀਜ਼ਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ...।’

**ਗੋਵਿੰਦ ਸ਼ਰਮਾ**

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

## ਇਹ ਘਰ ਉਨਾਂ ਦੇ

ਬੰਦ ਦਰਵਾਜ਼ੇ, ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ,
ਨਾ ਡੰਗਰ ਨਾ ਖੁਰਲੀ ਛੱਡੀ
ਛੱਡਣੇ ਕੀ ਸੀ ਘਰ ਦੇ ਜੀਅ ,
ਕਿਸੇ ਦਾ ਲੱਭਿਆ ਪੁੱਤ ਨਾ ਮੁੜ ਕੇ
ਕਿਸੇ ਦਾ ਪਿਉ, ਮਾਂ ਤੇ ਧੀ,
ਬਚਦੇ ਰੁਲੇ ਕਚਿਹਰੀਆਂ ਦੇ ਵਿੱਚ
ਮੁੜ ਆਉਂਦੇ ਸੁਣਕੇ ਹਾਕਾਂ ਨੂੰ,
ਬੰਦ ਦਰਵਾਜ਼ੇ , ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ,
ਕਿਸੇ ਦੇ ਰਹਿ ਗਏ ਬਲਦ ਜੁੜੇ ਹੀ
ਕੋਈ ਲਾਹ ਲਿਆ ਕੋਠੇ ਤੋਂ,
ਕਰਤੀ ਵਿਧਵਾ, ਚਮਕ ਲਹੀ ਨਾ
ਅਜੇ ਚੁੰਨੀ ਵਾਲੇ ਗੋਟੇ ਤੋਂ,
ਕੋਈ ਵਿਲਕੇ ਸੱਥਰ ਉੱਤੇ
ਲੈ ਕੇ ਬੁੱਕਲ ਵਿੱਚ ਜਵਾਕਾਂ ਨੂੰ,
ਬੰਦ ਦਰਵਾਜ਼ੇ, ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ,
ਸਿਰ ਦਸਤਾਰ ਤੇ ਖੁੱਲੀ ਦਾਹੜੀ
ਵਜਾ ਬਹੁਤ ਸੀ ਚੁੱਕਣੇ ਲਈ,
ਕਈਆਂ ਨੂੰ ਸੀ ਕਹਿ ਕੇ ਲੈ ਗਏ
ਲੈ ਚੱਲੇ ਕੁਝ ਪੁੱਛਣੇ ਲਈ,
ਨਾ ਜਿਉਂਦੇ ਨਾ ਲਾਸ਼ ਹੀ ਮੋੜੀ
ਥੋਰੇ ਕਿੱਥੇ ਸਾਂਭਤੇ ਰਾਤਾਂ ਨੂੰ,
ਬੰਦ ਦਰਵਾਜ਼ੇ, ਸੁੰਨੀਆਂ ਦੇਹਲੀਆਂ
ਖਾ ਗਈ ਸਿਉਂਕ ਚੁਗਾਠਾਂ ਨੂੰ,
ਇਹ ਘਰ ਉਨਾਂ ਦੇ, ਨਹਿਰਾਂ ਕੰਢੇ
ਖਤਮ ਜੋ ਕਰਤੇ ਰਾਤਾਂ ਨੂੰ,

**ਰਜਿੰਦਰ ਸਿੰਘ**

## 2. ਤੇਰੀ ਸੋਚ ਤੋਂ ਕਿਤੇ....... ਪਰੇ !

ਮੈਂ ਆਪਣੀਆਂ ਆਂਦਰਾਂ 'ਚੋਂ ਤੈਨੂੰ ਸਿਰਜਿਆ,
ਜੰਮਿਆ ਪਾਲਿਆ,
ਹੱਡੀਆਂ ਖੋਰ ਤੈਨੂੰ ਦੁੱਧ ਪਿਲਾਇਆ,
ਵੱਡਿਆਂ ਕੀਤਾ,
ਫਿਰ ਵੀ ਮੈਂ ਤੇਰੇ ਮੇਚ ਨਾ ਆਈ।
ਮੈਂ ਝੋਲੀ ਅੱਡ ਅੱਡ ਮੰਗੀਆਂ ਦੁਆਵਾਂ,
ਤੇਰੀ ਲੰਬੀ ਉਮਰ ਦੀਆਂ,
ਕਿਉਂਕਿ ਭੈਣਾਂ ਨੂੰ ਵੀਰ ਹਮੇਸ਼ਾ ਹੱਸਦੇ ਸੋਹਣੇ ਲੱਗਦੇ ਨੇ,
ਚਿੱਟੀਆਂ ਚਿੱਟੀਆਂ ਪੱਗਾਂ ਵਾਲੇ,
ਪਰ ਅਫ਼ਸੋਸ, ਮੈਂ ਫਿਰ ਵੀ ਤੇਰੇ ਮੇਚ ਨਾ ਆਈ।
ਮੈਂ ਹਮੇਸ਼ਾ ਤੇਰੇ ਨਾਲ ਚੱਲੀ ਕਦੇ ਮਹਿਬੂਬ ਬਣਕੇ,
ਕਦੇ ਤੇਰੀ ਹਮਸਫ਼ਰ ਬਣਕੇ,
ਪਰ ਤੂੰ, ਤੂੰ ਮੈਨੂੰ ਆਖ਼ਰੀ ਹੱਦ ਤੱਕ ਵਰਤਿਆ,
ਕਿਸੇ ਸ਼ੈਅ ਦੀ ਤਰਾਂ,
ਪਰ ਅਜੇ ਵੀ ਮੈਂ ਕਿਸੇ ਜਗਾ ਮੇਚ ਨਾ ਆਈ।
ਆਪਣੇ ਛੋਟੇ ਛੋਟੇ ਕੋਮਲ ਹੱਥਾਂ ਨਾਲ,
ਮੈਂ ਤੇਰੇ ਅੱਥਰੂ ਪੂੰਝੇ,
ਧੀਆਂ ਹੀ ਤਾਂ ਬਾਬਲ ਦੇ ਦੁੱਖ ਵੰਡਾਉਂਦੀਆਂ ਨੇ,
ਖ਼ੈਰ ਮੰਗਦੀਆਂ ਨੇ,
ਖੈਰ....ਇੱਥੇ ਵੀ ਮੈਂ ਤੇਰੇ ਮੇਚ ਨਾ ਆਈ।
ਮੇਰੇ ਬੁੱਢੇ ਹੱਥਾਂ ਨੇ ਤੇਰੇ ਦੋਹਤਿਆਂ ਪੋਤਿਆਂ ਨੂੰ,
ਕੀਤੀਆਂ ਹੱਥੀਂ ਛਾਵਾਂ,
ਬੁੱਢੇ ਵੇਲੇ ਵੀ ਮੈਂ ਪਤੀ, ਪੁੱਤਰ, ਪੋਤੇ ਦੀ,
ਚਿੰਤਾ ਵਿੱਚ ਹੀ ਰਹੀ,
ਪਰ ਤੇਰੇ ਮੇਚ ਆਉਣਾ ਮੇਰੇ ਲੇਖਾਂ ਵਿੱਚ ਹੀ ਨਹੀਂ ਹੈ ਸ਼ਾਇਦ।
ਹਾਂ ਸੱਚ, ਮੈਂ ਤੇਰੇ ਮੇਚ ਆ ਹੀ ਨਹੀਂ ਸਕਦੀ,
ਕਿਉਂਕਿ ਰੱਬ ਨੇ ਮੈਨੂੰ ਆਪਣੇ ਮੇਚ ਦੀ ਜੋ ਬਣਾ ਲਿਆ ਹੈ,
ਮੈਂ ਤੇਰੀ ਪਹੁੰਚ ਤੋਂ ਬਹੁਤ ਦੂਰ ਹਾਂ,
ਤੇਰੀ ਸੋਚ ਤੋਂ ਕਿਤੇ....... ਪਰੇ।
ਤੂੰ ਤੇ ਤੇਰਾ ਅਹਿਮ ਕਦੇ ਵੀ ਮੇਰੇ ਤੀਕ ਨਾ ਪਹੁੰਚੇ ਨੇ,
ਨਾ ਕਦੇ ਪਹੁੰਚਣਗੇ।

**'ਅੰਜੂ ਥਾਪਰ'**

## 3. ਨਿੱਕੇ ਨਿੱਕੇ ਬੱਚੇ

ਨਿੱਕੇ-ਨਿੱਕੇ ਬੱਚੇ ਸੱਚੀ ਬੜੇ ਹੀ ਪਿਆਰੇ ਸੀ
ਮੰਗਣੇ ਤੋਂ ਸੀ ਝਕਦੇ ਥੋੜੀ ਮਜ਼ਬੂਰੀ ਦੇ ਓਹ ਮਾਰੇ ਸੀ।
ਮੈਨੂੰ ਕੋਲ ਆਕੇ ਲੱਗੇ ਕਹਿਣ ਲੋੜ ਪੰਜ ਕੁ ਰੁਪਇਆਂ ਦੀ
ਮੰਗਿਆਂ ਸੀ ਜਦ ਮੈਥੋਂ ਥੋੜੇ ਜਹਿ ਉਦਾਸ ਸੀ।
ਪਰ ਮੰਗ ਹੀ ਓਹ ਬੈਠੇ ਜਿਵੇਂ ਬੜੀ ਉਨਾਂ ਆਸ ਸੀ।
'ਮੈਂ ਵੀ ਥੋੜਾ ਢਿੱਲਾ ਸੀ, ਕਿਹਾ ਥੋੜੀ ਦੇਰ ਰੁਕ ਜਾਉ
ਓਸ ਟਾਈਮ ਲੱਗਾ ਜਿਵੇਂ ਬੜੇ ਹੀ ਓਹ ਖਾਸ ਸੀ
ਮੈਂ ਵੀ ਕਿਹਾ ਰੁਕੋ ਥੋੜਾ ਲੈ ਕੇ ਮੈਂ ਆਉਨਾ ਹਾਂ।
ਰੁਕੇ ਨਹੀਂ ਸੀ ਪਰ ਉਥੋਂ ਚਲੇ ਓਹ ਗਏ ਸੀ
ਪਤਾ ਸੀਗਾ ਮੈਨੂੰ ਕਿਉਂ ਪੰਜ ਕੁ ਓਹ ਮੰਗਦੇ।
ਭੋਹਲੇ ਜਹੇ ਸੀ ਚਿਹਰੇ ਓਹ ਦਿਲ ਨੂੰ ਸੀ ਡੰਗਦੇ
ਸੋਚ ਕੇ ਮੈਂ ਆਇਆ ਚੱਲ ਫ਼ੇਰ ਕੀ ਓਹ ਮੰਗਦੇ।
ਫ਼ੇਰ ਮੰਨੂ ਸੋਚਿਆ ਕਿਤੇ ਆਦਤ ਹੀ ਨਾ ਬਣ ਜਾਏ
ਕਹਿੰਦਾ ਸੀਗਾ ਦਿਲ ਚੱਲ ਉਥੋਂ ਨਾ ਓਹ ਚੱਲ ਜਾਏ।
ਮੈਂ ਪਹੁੰਚਿਆਂ ਜਦੋਂ ਉਥੇ ਪਰ ਓਹ ਨਹੀਂ ਥਿਆਏ
ਮੈਂ ਘਬਰਾਇਆ ਥੋੜਾ ਕਿ ਮੈਂ ਦਿੱਲ ਤਾਂ ਨਹੀਂ ਤੋੜ ਆਇਆ।
ਏਸੇ ਹੀ ਓਹ ਸੋਚ ਨੇ ਦਿੱਲ ਤੜਫ਼ਾਇਆ
ਆਸ ਸੀ ਬੜੀ ਓਹ ਚਿਹਰੇ ਅੱਗੇ ਆਏ।
ਕਿਉਂ ਦਿਲਾਂ ਉਨਾਂ ਨੂੰ ਤੂੰ ਲਾਰਾ ਐਵੇਂ ਲਾਇਆ
ਫ਼ੇਰ ਸਭ ਭੁੱਲ ਕੇ ਮੈਂ ਲੱਭਣੇ ਨੂੰ ਤੁਰਿਆ।
ਦਿੱਸਦੇ ਨਹੀਂ ਸੀ ਜਾਵੇ ਦਿਲ ਬੜਾ ਭਰਿਆ
ਫ਼ੇਰ ਕਹਿੰਦੀ ਰੂਹ ਉਨਾਂ ਖੁਦ ਹੀ ਤੂੰ ਲੱਭ ਲੈ।
ਭੋਲੇ-ਭੋਲੇ ਚਿਹਰੇ ਮੈਨੂੰ ਦਿਸੇ ਨਾ ਕੁਝ ਟਾਈਮ ਲਈ
ਵੱਢ-ਵੱਢ ਖਾਈ ਜਾਵੇ ਜੋ ਸੀ ਗੱਲ ਉਨਾਂ ਨੂੰ ਕਹੀ।
ਥੱਕ ਹਾਰ ਬੈਠ ਗਿਆ ਕਿਉਂ ਓਹ ਆਉਂਦੇ ਨਹੀਂ
ਜਿੱਥੇ ਸੀ ਮੈਂ ਕਿਹਾ ਰੁਕੋ ਕਿਉਂ ਓਹ ਥਿਆਉਂਦੇ ਨਹੀਂ।
ਮੈਂ ਬੈਠਾਂ ਸੀ ਉਡੀਕੀ ਜਾਵਾਂ ਕਿਉਂ ਓਹ ਆਉਂਦੇ ਨਹੀਂ
ਆਈ ਜਦੋਂ ਆਵਾਜ਼ ਮੈਥੋਂ ਰੁਕਿਆ ਗਿਆ ਨਾ।
ਮੈਂ ਦੇਖਿਆ ਜਦ ਸਾਹਮਣੇ ਦਿਲ ਝੂਮਣੇ ਸੀ ਲੱਗਿਆ
ਉਦੋਂ ਇੰਝ ਲੱਗਾ ਜਿਵੇਂ ਰੱਬ ਸੀ ਮੈਂ ਲੱਭਿਆ।
ਮੈਂ ਗਿਆ ਜਦੋਂ ਕੋਲ ਓਹ ਭੱਜੇ ਆਏ ਮੇਰੇ ਵੱਲ
ਖੁਸ਼ ਸੀ ਓਹ ਬੜੇ ਥੋੜਾ ਦੇਖਦੇ ਸੀ ਮੇਰੇ ਵੱਲ।
ਦੇ ਕੇ ਜਦੋਂ ਉਨਾਂ ਹੱਥ ਮੁੜ ਕੇ ਮੈਂ ਆਇਆ
ਪਹਿਲੀ ਵਾਰ ਲੱਗਾ ਜਿਵੇਂ ਰੱਬ ਨੂੰ ਮੈਂ ਪਾਇਆ।
ਰੇਹਾ ਨਹੀਉਂ ਗਿਆ ਮੈਨੂੰ ਰੱਜ ਕੇ ਰਵਾਇਆ
ਜ਼ਿੰਦਗੀ 'ਚ ਲੱਗਾ ਖੁਸ਼ੀ ਪਹਿਲੀ ਵਾਰ ਪਾਈ ਸੀ।

**ਦਿੱਲ ਸ਼ਾਇਰ ਅਮਨ**

## ਧਰਤੀ ਦਾ ਤਨ ਢੱਕਣ ਰੁੱਖ

ਸੂਰਜ ਰੋਹ ਵਿੱਚ ਆਇਆ ਹੋਇਐ,
ਹਰ ਬੂਟਾ ਤਰਿਹਾਇਆ ਹੋਇਐ।
ਪੰਛੀ ਪਿਆਸੇ ਪਿਆਸੇ ਨੇ,
ਹਰ ਚਿਹਰਾ ਮੁਰਝਾਇਆ ਹੋਇਐ।
ਸੂਰਜ ਰੋਹ ਵਿੱਚ ਆਇਆ ਹੋਇਐ,
ਖੇਤ ਤਾਂ ਹਾਲੇ ਵਾਹੁਣੇ ਨੇ।
ਝੋਨੇ ਵੀ ਹਾਲੇ ਲਾਉਣੇ ਨੇ,
ਏਸੇ ਧੁੱਪ ਵਿੱਚ ਸੜਨਾ ਹੈ।
ਕਿਸਾਨ ਨੇ ਧੁੱਪ ਵਿੱਚ ਮਰਨਾ ਹੈ,
ਸੂਰਜ ਰੋਹ ਵਿੱਚ ਆਇਆ ਹੋਇਐ।
ਢਾਵੇ ਦਿਨ ਪਰ ਬਿਤਾਉਣੇ ਪੈਣੇ,
ਛਾਵਾਂ ਲਈ ਰੁੱਖ ਲਾਉਣੇ ਪੈਣੇ।
ਹੋਰ ਆਸਰੇ ਸੱਭ ਨਕਲੀ ਨੇ,
ਰੁੱਖ ਮੁੜ ਕੇ ਗੱਲ ਲਾਉਣੇ ਪੈਣੇ।
ਮੇਰੇ ਘਰ ਵਿੱਚ ਰੁੱਖ ਬੜੇ ਨੇ,
ਨਿੰਮ, ਧਰੇਕਾਂ, ਤੂਤ ਖੜੇ ਨੇ।
ਬਹਿਣ ਲਈ ਮੰਜੇ ਡੱਠੇ ਨੇ,
ਠੰਡੇ ਪਾਣੀ ਲਈ, ਘੜੇ ਨੇ।
ਇਹ ਜੇਠ, ਹਾੜ ਤਾਂ ਕੱਟ ਲੈਣੇ ਨੇ,
ਸਾਵਣ ਦਾ ਇੰਤਜ਼ਾਰ ਕਰਾਂਗੇ।
ਹੋਰ ਨਵੇਂ ਕਈ ਰੁੱਖ ਲਾਵਾਂਗੇ,
ਅਗਲੀ ਵਾਰ ਬਹਾਰ ਕਰਾਂਗੇ।
ਸੂਰਜ ਦਾ ਰਾਹ ਡੱਕਣ ਰੁੱਖ,
ਧਰਤੀ ਦਾ ਤਨ ਢੱਕਣ ਰੁੱਖ।
ਪੰਛੀਆਂ ਨੂੰ ਵਸੇਬਾ ਦੇਵਣ,
ਬੰਦੇ ਦੀ ਪੱਤ ਰੱਖਣ ਰੁੱਖ।
ਸੂਰਜ ਦਾ ਰਾਹ ਡੱਕਣ ਰੁੱਖ,
ਧਰਤੀ ਦਾ ਤੰਨ ਢੱਕਣ ਰੁੱਖ।

**ਗਜਿੰਦਰ ਸਿੰਘ, ਦਲ ਖਾਲਸਾ**



# ਕਾਵਿ ਸੰਸਾਰ

## ਕਲਮ, ਤਾਂ ਕਲਮ
### ਮੈਂ ਹਾਲੇ ਤਲਵਾਰ ਵੀ ਉਠਾ ਸਕਦਾਂ

ਕਲਮ, ਤਾਂ ਕਲਮ
ਮੈਂ ਹਾਲੇ ਤਲਵਾਰ ਵੀ ਉਠਾ ਸਕਦਾਂ
ਉਮਰ ਦਾ ਕੀ ਹੈ
ਵਕਤ ਆਏ ਤੇ ਉਮਰ ਨੂੰ ਹਰਾ ਸਕਦਾਂ
ਗੁਰੂ ਦੀ ਕ੍ਰਿਪਾ ਨਾਲ
ਅੱਜ ਤੱਕ ਲੜਦਾ ਰਿਹਾ ਹਾਂ
ਗੁਰੂ ਦੀ ਕ੍ਰਿਪਾ ਨਾਲ
ਅੱਜ ਵੀ ਉਚੀ ਉਡਾਰੀ ਲਾ ਸਕਦਾਂ
ਜਜ਼ਬਾਤ ਤਾਂ ਬਹੁਤ ਕੁੱਝ ਕਰਨ ਨੂੰ ਕਹਿੰਦੇ ਨੇ
ਅਰਮਾਨ ਹਾਲੇ ਕਈ ਦਿੱਲ ਵਿੱਚ ਰਹਿੰਦੇ ਨੇ
ਇਹ ਠੀਕ ਹੈ
ਕਿ ਵਕਤ ਸਾਜ਼ਗਾਰ ਨਹੀਂ ਹੈ
ਪਰ ਵਕਤ ਸਾਹਮਣੇ ਝੁੱਕਣ ਲਈ
ਦਿੱਲ ਤਿਆਰ ਨਹੀਂ ਹੈ
ਕਲਮ, ਤਾਂ ਕਲਮ
ਮੈਂ ਹਾਲੇ ਤਲਵਾਰ ਵੀ ਉਠਾ ਸਕਦਾਂ

**ਗਜਿੰਦਰ ਸਿੰਘ ਦਲ ਖ਼ਾਲਸਾ**

## ਵਾਰਸ

ਬੁੱਲੇ ਵਰਗੇ ਬੈਠੇ, ਹੰਸ ਵਿਸਾਰ ਪੰਜਾਬੀ ਨੇ
ਵਾਰਸ, ਬੁੱਲੇ ਵਰਗੇ ਬੈਠੇ, ਹੰਸ ਵਿਸਾਰ ਪੰਜਾਬੀ ਨੇ।
ਕਿਸਰਾਂ ਆਖਾਂ ਮਾਂ ਬੋਲੀ ਦੇ 'ਬਰਖ਼ੁਦਾਰ' ਪੰਜਾਬੀ ਨੇ।
ਬਾਲਾਂ ਦੇ ਮੂੰਹ ਜਿਹੜੇ ਅੱਖਰ ਚੋਗੇ ਵਾਂਗੂੰ ਦੇਂਦੇ ਸਨ,
ਉਨਾਂ ਬਦਲੇ ਫੜ ਫੜ ਓਥੜ ਤੁੰਨਦੇ ਯਾਰ ਪੰਜਾਬੀ ਨੇ।
ਅੱਚਣਚੇਤੀ ਵੀ ਨਾ ਲਾਵੀਂ ਮੇਰੇ ਮੱਥੇ ਉਨਾਂ ਨੂੰ,
ਜਿਹੜੇ ਵੀ ਇਸ ਧਰਤੀ ਉੱਤੇ ਬਦਬੂਦਾਰ ਪੰਜਾਬੀ ਨੇ।
ਓਧਰ ਓਧਰ ਕਰਾਂ ਸਲਾਮਾਂ ਦਿਲ ਦੀ ਦੁਨੀਆਂ ਕਹਿੰਦੀ ਏ,
ਜਿੱਧਰ ਜਿੱਧਰ ਜਾਂਦੇ ਮੇਰੇ ਬਾਕਿਰਦਾਰ ਪੰਜਾਬੀ ਨੇ।
ਕੰਡ ਕਦੇ ਨਾ ਲੱਗੇ ਰੱਬਾ ਵਿਚ ਮੈਦਾਨੇ ਉਨਾਂ ਦੀ,
ਜਿਹੜੇ ਆਪਣੀ ਮਾਂ ਬੋਲੀ ਦੇ ਖ਼ਿਦਮਤਗਾਰ ਪੰਜਾਬੀ ਨੇ।
ਖ਼ਵਾਜਾ 'ਫ਼ਰੀਦ', ਮੁਹੰਮਦ, ਵਾਰਸ, ਨਾਨਕ, ਬੁੱਲਾ, ਬਾਹੂ, ਲਾਲ,
ਇਹ ਪੰਜਾਬੀ ਉੱਚੇ ਸੁੱਚੇ, ਇਹ ਸਰਦਾਰ ਪੰਜਾਬੀ ਨੇ।
ਆਪਣੀ ਬੋਲੀ ਬੋਲਣ ਵੇਲੇ ਜਿਹਨਾਂ ਦਾ ਸਾਹ ਘੁੱਟਦਾ ਏ,
'ਬਾਬਾ ਨਜਮੀ' ਦੇ ਦੇ ਫ਼ਤਵਾ, ਉਹ ਗ਼ੱਦਾਰ ਪੰਜਾਬੀ ਨੇ।

**ਬਾਬਾ ਨਜਮੀ**

## ਗੁੰਮਨਾਮ ਬੰਦੇ

ਓਏ ਗੁੰਮਨਾਮ ਜਹੇ ਬੰਦਿਆ
ਆਮ ਜਹੇ ਬੰਦਿਆ
ਬੇਨਾਮ ਜਹੇ ਬੰਦਿਆ
ਆਖਰ ਕਦੋਂ ਤੱਕ
ਗੁੰਡਿਆਂ ਚੋਰਾਂ ਡਾਕੂਆਂ ਕਾਤਿਲਾਂ ਭੰਡਾ
ਸੌ ਦੀ ਇਕ ਕਹਾਂ
ਗੰਦੀ ਗਾਲ ਵਰਗੇ ਨੇਤਾਵਾਂ ਦੀਆਂ ਰੈਲੀਆਂ ਵਿਚ
ਤਾੜੀਆਂ ਮਾਰ ਮਾਰ
ਉਂਗਲਾਂ ਦੇ ਪੋਟੇ ਜਖਮੀ ਕਰੇਂਗਾ
ਆਖਰ ਕਦੋਂ ਤੱਕ
ਚਿੱਥ ਖੜਿੱਥੇ ਲੋਕ ਤੰਤਰ ਦੀ
ਹਾਮੀ ਭਰੇਂਗਾ
ਕਦੋਂ ਤੱਕ ਡੰਗਰ ਬੁੱਧੀ ਦੇ
ਇਨਕਲਾਬ ਕਹਿਣ ਤੇ
ਜਿੰਦਾਬਾਦ ਜਿੰਦਾਬਾਦ ਕਰੇਂਗਾ
ਕਿਓਂ ਜਨਮ ਦਰ ਜਨਮ
ਅੰਨੇ ਖੂਹ 'ਚ ਡਿੱਗ ਮਰੇਂਗਾ
ਯਾਦ ਰੱਖ
ਤਾੜੀਆਂ ਮਾਰ ਮਾਰ ਜਖਮੀ ਹੋਏ ਹੱਥ
ਪੰਜ ਸਾਲ ਲਈ ਜੁੜੇ ਰਹਿਣਗੇ
ਤਾੜੀਆਂ ਮਾਰ ਮਾਰ ਜ਼ਖਮੀ ਹੋਏ ਹੱਥਾਂ ਨੂੰ
ਜਿੰਦਾਬਾਦ ਜਿੰਦਾਬਾਦ ਕਰਦੀ ਸੰਘੀ ਨੂੰ
ਭਾਸ਼ਣਾਂ ਦੇ ਸ਼ੋਰ ਸੁਣ
ਭਾਂ ਭਾਂ ਕਰਦੇ ਕੰਨਾਂ ਨੂੰ ਕੌਣ ਸਮਝਾਏਗਾ
ਤੇਰਾ ਦੁਰਲੱਭ ਜਨਮ
ਲੋਕਤੰਤਰ ਦੀ ਨੀਂਹ ਵਿਚ
ਇੱਟ ਬਣ ਦੱਬਿਆ ਜਾਏਗਾ

**ਸਰਵਜੀਤ ਬਾਬਾ**

## ਭੰਡਾ ਭੰਡਾਰੀਆ

ਭੰਡਾ ਭੰਡਾਰੀਆ ਦਸਦਾ ਏ ਭਾਰ।
ਇੱਕ ਮੁੱਠੀ ਚੱਕ ਲਓ, ਦੂਜੀ ਤਿਆਰ।
ਫ਼ਸਲਾਂ ਦੇ ਵਿੱਚ ਜ਼ਹਿਰਾਂ ਰਲੀਆਂ
ਤੇ ਜ਼ਹਿਰੀ ਹੋਇਆ ਪਾਣੀ।
ਨਸ਼ਿਆਂ ਖਾ ਲਏ ਗੱਭਰੂ ਸਾਰੇ
ਪਿੰਡ ਪਿੰਡ ਦੀ ਇਹੋ ਕਹਾਣੀ।
ਸ਼ਰਮ ਹਯਾ ਦੇ ਗਹਿਣੇ ਲਾਹ ਕੇ
ਸੁੱਟਦੀ ਜਾਂਦੀ ਹੈ ਮੁਟਿਆਰ...
ਭੰਡਾ ਭੰਡਾਰੀਆ ਦਸਦਾ ਏ ਭਾਰ...
ਇੱਜਤ, ਏਕਾ, ਪਿਆਰ ਨੇ ਭੁੱਲੇ
ਭੁੱਲਗੇ ਲੋਕੀਂ ਭਾਈਚਾਰਾ।
ਬੇਈਮਾਨ ਤੇ ਹੋਏ ਮਤਲਬੀ
ਰੱਖਦੇ ਝੂਠਾ ਲਾ ਕੇ ਲਾਰਾ।
ਪਹਿਲਾਂ ਵਰਗਾ ਪਿਆਰ ਰਿਹਾ ਨਾ
ਅੱਜਕਲ ਭੈਣ ਭਰਾ ਵਿਚਕਾਰ..
ਭੰਡਾ ਭੰਡਾਰੀਆ...।
ਦੇਸ਼ ਦਾ ਬੇੜਾ ਗ਼ਰਕ ਹੋ ਗਿਆ
ਨੇਤਾ ਲੁੱਟ ਕੇ ਖਾਈ ਜਾਂਦੇ।
ਵੋਟਾਂ ਲੈਂਦੇ ਵੰਡੀਆਂ ਪਾ ਕੇ
ਆਪਸ ਵਿੱਚ ਲੜਾਈ ਜਾਂਦੇ।
ਓਹਦਾ ਹੀ ਢਿੱਡ ਪੂਰਾ ਆਉਂਦਾ
ਏਥੇ ਜੋ ਵੀ ਬਣੇ ਨਵੀਂ ਸਰਕਾਰ...
ਭੰਡਾ ਭੰਡਾਰੀਆ.....।
ਭ੍ਰਿਸ਼ਟਾਚਾਰ ਤੇ ਰਿਸ਼ਵਤਖੋਰੀ
ਉੱਤੋਂ ਮਾਰੇ ਬੇਰੁਜ਼ਗਾਰੀ।
ਲੀੜੇ ਲਾਹ ਲੈਂਦੀ ਮਹਿੰਗਾਈ
ਬੰਦਾ ਵੜਦਾ ਜਦੋਂ ਬਾਜ਼ਾਰੀ।
ਹੱਥ ਜੇਬ ਵਿੱਚ ਜਦ ਵੀ ਪਾਵੇ
ਖੁਦ ਤੋਂ ਹੁੰਦਾ, ਸ਼ਰਮੋ-ਸ਼ਾਰ...
ਭੰਡਾ ਭੰਡਾਰੀਆ...।
ਬੇਈਮਾਨ ਸਰਕਾਰਾਂ ਕਰਕੇ
ਸਾਰਾ ਸਿਸਟਮ ਹੋਇਆ ਗੰਦਾ।
ਆਮ ਬੰਦੇ ਦੇ ਸਮਝ ਨਾ ਆਵੇ
ਐਸਾ ਚਲ ਪਿਆ ਗੋਰਖ ਧੰਦਾ।
ਸੱਚ ਨੂੰ ਰੱਖਣ ਚਾੜ ਕੇ ਸੂਲੀ
ਝੂਠ ਦੀ ਕਰਦੇ ਜੈ ਜੈ ਕਾਰ..
ਭੰਡਾ ਭੰਡਾਰੀਆ...।
ਮਾੜੀਆਂ ਖਾਧ ਖੁਰਾਕਾਂ ਕਰਕੇ
ਭੈੜੇ ਭੈੜੇ ਚੱਲ ਪਏ ਰੋਗ।
ਬੜੇ ਇਲਾਜ ਮਹਿੰਗੇ 'ਗੁਰਸੇਵਕ'
ਆਮ ਬੰਦਾ ਰਿਹਾ ਕਸ਼ਟ ਹੀ ਭੋਗ।
ਫ਼ਸਲਾਂ ਤੇ ਨਸਲਾਂ ਦੋਵੇਂ ਹੀ
ਜ਼ਹਿਰਾਂ ਦਾ ਹੋ ਗਈਆਂ ਸ਼ਿਕਾਰ...
ਭੰਡਾ ਭੰਡਾਰੀਆ ਦਸਦਾ ਏ ਭਾਰ।
ਇੱਕ ਮੁੱਠੀ ਚੁੱਕ ਲਓ ਦੂਜੀ ਤਿਆਰ।

**ਗੁਰਸੇਵਕ ਸਿੰਘ ਚਾਨੀ**
**ਮੋ. 94643-12812**

# ਸਰਾਪ ਜਾਂ ਵਰਦਾਨ

ਹਰਵਿੰਦਰ ਸਿੰਘ ਭੱਟੋਂ
ਮੋ. 94640-00070

ਕੁਝ ਦਿਨ ਪਹਿਲਾਂ 10+2 ਦੇ ਉਨਾਂ ਵਿਦਿਆਰਥੀਆਂ ਨੂੰ ਪੁੱਛਿਆ, ਜਿਨਾਂ ਦੇ ਫ਼ਾਈਨਲ ਪੇਪਰ ਸ਼ੁਰੂ ਹੋਣ ਵਾਲੇ ਸੀ, ਕਿੱਥੇ ਦਾਖਲਾ ਲੈਣਾ ਬਈ ਅਗਲੇ ਸਾਲ। ਫੇਰ ਤਾਂ ਸਿਰਫ ਪੰਜ-ਚਾਰ ਨੂੰ ਛੱਡ ਕੇ ਸਭ ਨੇ ਜਬਾਬ ਦਿੱਤਾ, ਜੀ ਕੈਨੇਡਾ ਜਾਂ ਆਸਟ੍ਰੇਲੀਆ..ਮੈਂ ਹਰ ਸਾਲ ਦੀ ਤਰਾਂ ਇਸ ਵਾਰ ਵੀ ਕਿਹਾ ਕਿ ਇੱਥੇ ਵੀ ਬਹੁਤ ਵਧੀਆ ਕੋਰਸ ਨੇ, ਯੂਨੀਵਰਸਿਟੀਆਂ ਨੇ, ਚੰਗੇ ਬੱਚਿਆਂ ਨੂੰ ਜ਼ਰੂਰ ਵਧੀਆ ਨੌਕਰੀ ਵੀ ਮਿਲਦੀ ਹੈ, ਪਰ ਹੁੰਗਾਰਾ ਨਹੀਂ ਭਰਿਆ ਬਹੁਤਾ ਉਨਾਂ ਨੇ।

ਇਸ ਸਾਲ ਨਹੀਂ ਪਿਛਲੇ ਕਈ ਸਾਲਾਂ ਤੋਂ ਇਹੀ ਰੁਝਾਨ ਹੈ ਬੱਚਿਆਂ ਦਾ ਵੀ, ਮਾਪਿਆਂ ਦਾ ਵੀ। ਅੱਜ ਤੋਂ ਅੱਠ-ਦੱਸ ਸਾਲ ਪਹਿਲਾਂ ਵਿਦਿਆਰਥੀਆਂ ਨੇ ਪੁੱਛਣਾ ਸਰ ਅਸੀਂ ਪੰਜਾਬ ਯੂਨੀਵਰਸਿਟੀ ਕਿਹੜੇ ਕੋਰਸ ਵਿੱਚ ਦਾਖਲਾ ਲਈਏ। ਪੰਜਾਬੀ ਯੂਨੀਵਰਸਿਟੀ ਜਾਂ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਲੇ ਦਾ ਪਤਾ ਕਰ ਦੇਵੋ, ਪਰ ਹੁਣ ਕੋਈ ਨਹੀਂ ਆਉਂਦਾ ਪੁੱਛਣ। ਖਾਸ ਕਰ ਸਾਇੰਸ ਤੇ ਕਾਮਰਸ ਵਾਲੇ ਤਾਂ ਬਿਲਕੁਲ ਵੀ ਨਹੀਂ ਇੱਧਰ ਦਾਖਲਾ ਲੈ ਕੇ ਰਾਜ਼ੀ। ਮੈਂ ਪੰਜ ਸੱਤ ਸਾਲ ਪਹਿਲਾਂ ਪਾਸ ਹੋਏ ਉਨਾਂ ਵਿਦਿਆਰਥੀਆਂ ਦੀਆਂ ਕਹਾਣੀਆਂ ਸੁਣਾ ਕੇ ਪ੍ਰੇਰਦਾ ਹਾਂ। ਜਿਹੜੇ ਇੱਥੇ ਹੀ ਪੜ ਕੇ ਚੰਗੇ ਅਹੁਦਿਆਂ 'ਤੇ ਲੱਗੇ ਨੇ ਪਰ ਲੱਗਦਾ ਕੁਝ ਅਸਰ ਨਹੀਂ ਕਰਦਾ।

ਦੋ ਕੁ ਦਿਨ ਪਹਿਲਾਂ ਮੇਰੇ ਇੱਕ ਅਜ਼ੀਜ਼ ਮਿੱਤਰ ਨੇ ਗੱਲ ਸੁਣਾਈ ਕਿ ਉਹਦੇ ਵੱਡੇ ਭੈਣ ਜੀ




ਕੈਨੇਡਾ ਤੋਂ ਮਿਲਣ ਆਏ ਸੀ ਤੇ ਉਨਾਂ ਵਾਪਸ ਜਾਣਾ ਸੀ ਤੇ ਉਹਨੇ ਵਾਪਸੀ ਲਈ ਗੁਆਂਢੀ ਪਿੰਡ ਦੇ ਇੱਕ ਵੀਰ ਨਾਲ ਸੰਪਰਕ ਕੀਤਾ ਜਿਸ ਕੋਲ ਚਾਰ ਇਨੋਵਾ ਗੱਡੀਆਂ ਨੇ। ਉਹ ਇਨੋਵਾ ਗੱਡੀਆਂ ਵਾਲਾ ਵੀਰ ਮੇਰੇ ਮਿੱਤਰ ਨੂੰ ਕਹਿੰਦਾ ਕਿ ਪਿਛਲੇ ਕਿ ਪਿਛਲੇ ਇੱਕ ਮਹੀਨੇ ਵਿੱਚ ਅਸੀਂ ਏਨੇ ਬੱਚਿਆਂ ਨੂੰ ਬਾਹਰਲੇ ਮੁਲਕ ਜਾਣ ਲਈ ਜਹਾਜ਼ ਚੜਾ ਕੇ ਆਏ ਹਾਂ ਕਿ ਸਾਡੇ ਪਿਛਲੇ ਸਾਰੇ ਰਿਕਾਰਡ ਟੁੱਟ ਗਏ। ਉਹ ਇਨੋਵਾ ਵਾਲਾ ਵੀਰ ਕਹਿੰਦਾ ਕਿ ਯਾਰ ਇਸ ਹਿਸਾਬ ਨਾਲ ਤਾਂ ਇੱਥੇ ਕੋਈ ਬੱਚਾ ਰਹਿਣਾ ਹੀ ਨਹੀਂ.. ਪਤਾ ਨਹੀਂ ਕਿੰਨਿਆਂ ਘਰਾਂ ਨੂੰ ਜਿੰਦੇ ਲੱਗ ਜਾਣੇ ਨੇ।

ਅੱਜ ਫੇਰ ਇੱਕ ਮਿੱਤਰ ਨੇ ਦਿੱਲੀ ਏਅਰ ਪੋਰਟ ਤੋਂ ਫੋਟੋਆਂ ਖਿੱਚ ਕੇ ਪਾਈਆਂ ਕਿ ਯਾਰ ਇੱਦਾਂ ਲੱਗਦਾ ਸਾਰਾ ਪੰਜਾਬ ਹੀ ਆਪਣੇ ਬੱਚਿਆਂ ਨੂੰ ਬਹਾਰਲੇ ਮੁਲਕੀ ਤੋਰਨ ਲਈ ਆਇਆ ਹੋਵੇ। ਇਹ ਦੇਖਕੇ ਤੇ ਸੁਣ ਕੇ ਮਨ ਸੋਚੀਂ ਪੈ ਗਿਆ, ਲੱਗਦਾ ਸਰਾਪ ਲੱਗ ਗਿਆ ਕੋਈ ਸਾਡੇ ਪੰਜਾਬ ਨੂੰ, ਮੋਹ ਹੀ ਟੁੱਟ ਗਿਆ ਯਾਰ, ਸਾਡੀ ਨਵੀਂ ਪੀੜੀ ਤੇ ਉਨਾਂ ਦੇ ਮਾਪਿਆਂ ਦਾ ਇੱਥੋਂ ਦੀ ਧਰਤੀ ਨਾਲੋਂ ਹਰੇਕ ਨੂੰ ਕਾਹਲੀ ਆ ਕਦੋਂ ਜਾਈਏ ਇੱਥੋਂ, ਜਿਹੜੇ ਕੁਝ ਸਾਲ ਪਹਿਲਾਂ ਚਲੇ ਗਏ ਉੱਧਰ ਸੈੱਟ ਹੋਣ ਸਾਰ ਉਹ ਇੱਧਰਲੇ ਘਰ ਘਾਟ, ਜ਼ਮੀਨਾਂ ਵੇਚ ਵੱਟ ਕੇ ਬਾਹਰ ਲੈ ਜਾਂਦੇ ਹਨ। ਭਾਵੇਂ ਬੇਹਤਰ ਜ਼ਿੰਦਗੀ ਦੀ ਭਾਲ ਵਿੱਚ ਪਰਵਾਸ ਕਰਨ ਵਿੱਚ ਪੰਜਾਬੀਆਂ ਦੀ ਮੁੱਢੋਂ ਰੁਚੀ ਰਹੀ ਹੈ। ਪਹਿਲਾਂ ਵੀ ਬਾਹਰਲੇ ਮੁਲਕਾਂ ਵਿੱਚ ਪੰਜਾਬੀ ਜਾਂਦੇ ਸੀ..ਵੱਸਦੇ ਸੀ..ਪਰ ਆਪਣੀਆਂ ਜੜਾਂ ਨਾਲ ..ਪਿੰਡ ਸ਼ਹਿਰ ਨਾਲ ਜੁੜੇ ਰਹਿੰਦੇ ਸੀ। ਇੱਥੇ ਆਉਂਦੇ ਸੀ ਸੋਹਣੇ ਮਕਾਨ ਬਣਾਉਂਦੇ ਸੀ, ਜ਼ਮੀਨਾਂ ਪਲਾਟ ਖਰੀਦਦੇ ਸੀ, ਅੱਜ ਤੋਂ ਪੰਦਰਾਂ ਵੀਹ ਸਾਲਾਂ ਪਹਿਲਾਂ ਇੱਥੋਂ ਗਏ ਇਸ ਧਰਤੀ ਨਾਲ ਮੋਹ ਰੱਖਦੇ ਸੀ..ਇੱਥੇ ਮੁੜ ਆਉਣਾ ਲੋਚਦੇ ਸੀ, ਪਰ ਹੁਣ ਤਾਂ ਇੱਥੇ ਸਭ ਕੁਝ ਵੇਚ ਵੱਟ ਕੇ ਮੁੜ ਕੇ ਕਦੀ ਨਾ ਮੁੜਨ ਵਾਲਾ ਰੁਝਾਨ ਚੱਲ ਪਿਆ ਹੈ।

ਇਹ ਇੱਕ ਕੌੜੀ ਸਚਾਈ ਹੈ ਕਿ ਸਾਡੇ ਪੰਜਾਬ ਦੀ ਹਾਲਾਤ ਹਰ ਖੇਤਰ ਵਿੱਚ ਹੀ ਪਿਛਲੇ ਪੰਦਰਾਂ ਵੀਹਾਂ ਸਾਲਾਂ ਤੋਂ ਬਹੁਤ ਮਾੜੀ ਹੋ ਗਈ ਹੈ। ਕਰਜ਼ੇ ਤੇ ਨਸ਼ੇ ਵਿੱਚ ਡੁੱਬੇ ਇਸ ਰਾਜ ਵਿੱਚ ਮਾਪਿਆਂ ਤੇ ਬੱਚਿਆਂ ਨੂੰ ਚੰਗੇ ਭਵਿੱਖ ਦੀ ਕਿਰਨ ਦੂਰ ਦੂਰ ਤੱਕ ਨਜ਼ਰ ਨਹੀਂ ਆਉਂਦੀ, ਪੜ ਲਿਖ ਕੇ ਵੀ ਰੁਜ਼ਗਾਰ ਨਹੀਂ ਮਿਲਦਾ, ਮਾਪੇ ਕਰਨ ਵੀ ਤਾਂ ਕੀ ਕਰਨ? ਸ਼ਾਇਦ ਪੰਜਾਬ ਦੀ ਬਦਕਿਸਮਤੀ ਹੈ ਕਿ ਸਾਨੂੰ ਰਾਜਨੀਤਿਕ ਦੂਰ-ਅੰਦੇਸ਼ ਤੇ ਨਿਰ-ਸੁਆਰਥ ਲੀਡਰਸ਼ਿਪ ਨਹੀਂ ਮਿਲੀ।

ਪਰ ਜਿਵੇਂ ਹਰੀ ਕ੍ਰਾਂਤੀ ਆਉਣ ਵੇਲੇ ਵੀ ਤਾਂ ਸਾਨੂੰ ਲੱਗਿਆ ਸੀ ਕਿ ਹੁਣ ਤਾਂ ਅਸੀਂ ਸਾਡੀ ਪੁਰਾਤਨ ਕੁਦਰਤੀ ਖੇਤੀ ਛੱਡ ਕੇ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਨਾਲ ਮਣਾਂ ਮੂੰਹੀ ਫ਼ਸਲ ਪੈਦਾ ਕਰ ਕੇ ਖੂਹਾਂ ਨੂੰ ਛੱਡ ਕੇ ਧੜਾਧੜ ਧਰਤੀ ਦੀ ਹਿੱਕ ਪਾੜ ਕੇ ਟਿਊਬਵੈਲ ਲਾ ਕੇ, ਅਸੀਂ ਦਿਨਾਂ ਵਿੱਚ ਅਮੀਰ ਹੋ ਗਏ ਹਾਂ। ਪਰ ਉਸਦੇ ਮਾੜੇ ਨਤੀਜੇ ਹੁਣ ਸਾਹਮਣੇ ਆਏ ਨੇ ਚਾਲੀ ਸਾਲ ਬਾਅਦ '10-15 ਫੁੱਟ ਵਾਲਾ 130-140 ਫੁੱਟ 'ਤੇ ਪਹੁੰਚ ਗਿਆ ਹੈ। ਸ਼ਾਇਦ ਇਸ ਤੋਂ ਵੀ ਨੀਵਾਂ ਬਹੁਤੇ ਇਲਾਕਿਆਂ ਵਿੱਚ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਕਾਰਨ ਧਰਤੀ, ਪਾਣੀ ਅੰਨ ਸਭ ਪਲੀਤ ਹੋ ਗਏ ਹਨ। ਹਰ ਚੌਥੇ ਬੰਦੇ ਨੂੰ ਕੈਂਸਰ ਹੋਣ ਲੱਗ ਗਿਆ ਹੈ, ਅਖਬਾਰ ਹਰ ਰੋਜ਼ ਕਰਜ਼ੇ ਕਾਰਨ ਕੀਤੀਆਂ ਆਤਮ ਹੱਤਿਆਵਾਂ ਨਾਲ ਭਰੇ ਹੁੰਦੇ ਨੇ।

ਸ਼ਾਇਦ ਇਸ ਪਰਵਾਸ ਦੇ ਚੰਗੇ ਮਾੜੇ ਨਤੀਜੇ ਵੀ ਹਾਲੇ ਆਉਣ ਵਾਲਾ ਸਮਾਂ ਹੀ ਤੈਅ ਕਰੇਗਾ। ਹਜ਼ਾਰਾਂ ਘਰਾਂ ਨੂੰ ਲੱਗੇ ਤਾਲਿਆਂ ਨੂੰ ਕੌਣ ਖੋਲੇਗਾ? ਉਜੜਨ ਵਾਲਿਆਂ ਦੀ ਜਗਾ ਬਾਹਰਲੇ ਸੂਬਿਆਂ ਤੋਂ ਆ ਕੇ ਵਸੇ ਪਰਵਾਸੀ ਇੱਥੇ ਕਿਸ ਤਰਾਂ ਵਿਚਰਨਗੇ? ਪਰ ਉਦੋਂ ਨੂੰ ਪਤਾ ਨਹੀਂ ਕੋਈ ਮੌਕਾ ਹੋਵੇਗਾ ਇਸ ਨੂੰ ਠੀਕ ਕਰਨ ਦਾ ਜਾਂ ਨਹੀਂ, ਕਿਤੇ ਪਛਤਾਵਾ ਹੀ ਨਾ ਰਹਿ ਜਾਵੇ ਪੱਲੇ।

---

# ਜਿਸ ਦੇਸ਼ ਵਿੱਚ ਮੇਰੀ ਕੌਮ ਗੁਲਾਮ ਹੈ ਉਸ ਵਿੱਚ ਮੇਰੀ ਮਿੱਟੀ ਵੀ ਨਹੀਂ ਜਾ ਸਕਦੀ : ਭਾਈ ਗਜਿੰਦਰ ਸਿੰਘ ਦਲ ਖਾਲਸਾ



ਕਰਨੈਲ ਸਿੰਘ ਪੰਜੋਲੀ

'ਅੱਜ ਦੇ ਯੁੱਗ ਵਿੱਚ ਗਜਿੰਦਰ ਸਿੰਘ ਵਰਗਾ ਸਿਦਕੀ ਸਿੱਖ ਕੋਈ ਨਹੀਂ ਹੋ ਸਕਦਾ' ਇਹ ਸ਼ਬਦ ਮੈਨੂੰ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਜਥੇਦਾਰ ਹਰਚਰਨ ਸਿੰਘ ਮੋਹਾਲੀ ਦੇ ਪਿੰਡ ਤੋਂ ਮੁੜਨ ਵੇਲੇ ਕਾਰ ਵਿੱਚ ਆਖੇ ਸਨ। ਪੰਥਕ ਮਸਲਿਆਂ ਉੱਤੇ ਮੈਂ ਅਕਸਰ ਹੀ ਜਥੇਦਾਰ ਟੌਹੜਾ ਨਾਲ ਗੱਲ ਛੇੜ ਲੈਂਦਾ ਸਾਂ। ਮੈਂ ਕਿਹਾ, 'ਪ੍ਰਧਾਨ ਜੀ, ਕਿਸੇ ਤਰੀਕੇ ਆਪਾਂ ਗਜਿੰਦਰ ਸਿੰਘ ਨੂੰ ਜਲਾਵਤਨੀ ਵਿਚੋਂ ਵਾਪਸ ਨਹੀਂ ਲਿਆ ਸਕਦੇ?' ਟੌਹੜਾ ਸਾਹਿਬ ਕਹਿਣ ਲੱਗੇ, 'ਲਿਆ ਤਾਂ ਸਕਦੇ ਹਾਂ ਪਰ ਹੁਣ ਉਹ ਆਏਗਾ ਨਹੀਂ।' ਮੈਂ ਕਿਹਾ, 'ਯਤਨ ਤਾਂ ਕਰ ਕੇ ਵੇਖੋ।' ਮੈਨੂੰ ਕਹਿਣ ਲੱਗੇ ਕਿ ਇੱਕ ਵਾਰ ਮੈਂ ਮਨ ਬਣਾਇਆ ਕਿ ਜੇ ਪੰਥ ਚਾਹੇ ਤਾਂ ਗਜਿੰਦਰ ਸਿੰਘ ਨੂੰ ਪਟਿਆਲ਼ੇ ਤੋਂ ਪਾਰਲੀਮੈਂਟ ਦੀ ਚੋਣ ਲੜਾ ਲਈਏ। ਪੰਥ ਤੋਂ ਪ੍ਰਵਾਨਗੀ ਲੈ ਕੇ ਮੈਂ ਲਾਲ ਕ੍ਰਿਸ਼ਨ ਅਡਵਾਨੀ ਨਾਲ ਗੱਲ ਕੀਤੀ ਕਿ ਪੰਥ ਗਜਿੰਦਰ ਸਿੰਘ ਨੂੰ ਜਲਾਵਤਨੀ ਤੋਂ ਵਾਪਸ ਲਿਆਉਣਾ ਚਾਹੁੰਦਾ ਹੈ। ਅਡਵਾਨੀ ਸਾਹਿਬ ਨੇ ਕਿਹਾ ਕਿ 'ਲੈ ਆਓ ਸਰਕਾਰ ਨੂੰ ਕੀ ਇਤਰਾਜ਼ ਹੈ? ਆਪਣੇ ਜੁਰਮ ਦੀ ਸਜ਼ਾ ਤਾਂ ਉਹ ਭੁਗਤ ਹੀ ਚੁੱਕਾ ਹੈ'। ਟੌਹੜਾ ਸਾਹਿਬ ਕਹਿਣ ਲੱਗੇ ਕਿ ਮੈਂ ਅਮਰੀਕਾ ਦੇ ਇੱਕ ਸੱਜਣ ਨੂੰ ਕਿਹਾ ਕਿ ਭਾਈ ਗਜਿੰਦਰ ਸਿੰਘ ਹੋਰਾਂ ਨਾਲ ਗੱਲ ਕਰਕੇ ਵੇਖੋ ਕਿ ਜੇ ਵਾਪਸ ਆਉਣਾ ਚਾਹੁੰਦੇ ਹਨ ਤਾਂ ਉਨਾਂ ਨੂੰ ਪਟਿਆਲ਼ੇ ਤੋਂ ਪਾਰਲੀਮੈਂਟ ਦੀ ਚੋਣ ਲੜਾਈ ਜਾ ਸਕਦੀ ਹੈ। ਟੌਹੜਾ ਸਾਹਿਬ ਕਹਿਣ ਲੱਗੇ ਕਿ ਉਸ ਸਿੰਘ ਨੂੰ ਸਰਦਾਰ ਗਜਿੰਦਰ ਨੇ ਜੋ ਜਵਾਬ ਦਿੱਤਾ, ਸੁਣਕੇ ਸ਼ਰਧਾ ਅਤੇ ਸਤਿਕਾਰ ਨਾਲ ਗਜਿੰਦਰ ਸਿੰਘ ਅੱਗੇ ਮੇਰਾ ਸਿਰ ਝੁਕ ਗਿਆ। ਟੌਹੜਾ ਸਾਹਿਬ ਕਹਿਣ ਲੱਗੇ ਕਿ ਗਜਿੰਦਰ ਸਿੰਘ ਨੇ ਉਸ ਸਿੰਘ ਨੂੰ ਕਿਹਾ ਕਿ ਟੌਹੜਾ ਸਾਹਿਬ ਦਾ ਧੰਨਵਾਦ, ਪਰ ਉਨਾਂ ਨੂੰ ਕਹਿਣਾ ਕਿ ਜਿਸ ਦੇਸ਼ ਵਿੱਚ ਮੇਰੀ ਕੌਮ ਗੁਲਾਮ ਹੈ ਉਸ ਵਿੱਚ ਮੇਰੀ ਮਿੱਟੀ ਵੀ ਨਹੀਂ ਜਾ ਸਕਦੀ। ਟੌਹੜਾ ਕਹਿਣ ਲੱਗੇ ਕਿ ਗਜਿੰਦਰ ਸਿੰਘ ਵਰਗਾ ਸਿੱਦਕੀ ਸਿੱਖ ਅੱਜ ਦੇ ਯੁੱਗ ਵਿੱਚ ਮਿਲਣਾ ਮੁਸ਼ਕਲ ਹੈ।



ਹਰਫ਼ਾਂ ਦੇ ਨੂਰ

---

# ਬੁਝਾਰਤਾਂ



ਤਸਵਿੰਦਰ ਸਿੰਘ ਬੜੈਚ
ਮੋਬਾ-7527931887

1. ਚਾਰ ਉਂਗਲਾਂ ਦੀ ਲੱਕੜੀ, ਸੱਭੇ ਉਹਦੇ ਮੁੱਠ,
ਬੁੱਝਣੀ ਏ ਤਾਂ ਬੁੱਝ, ਨਹੀਂ ਐਥੋਂ ਉਠ।
2. ਆਠ ਕਾਠ ਦਾ ਪਿੰਜਰਾ, ਉਸਤਾਦਾਂ ਘੜਿਆ,
ਜਲ ਵਿਚ ਮਾਰੇ ਟੁੱਭੀਆਂ, ਵਿਚਕਾਰੋਂ ਫੜਿਆ।
3. ਤਿੰਨ ਅੱਖਰਾਂ ਦਾ ਮੇਰਾ ਨਾਮ, ਇਧਰ ਉਧਰ ਇਕ ਸਮਾਨ।
4. ਬਾਤ ਪਾਵਾਂ ਬਤੌਲੀ ਪਾਵਾਂ, ਬਾਤ ਬੜੀ ਚੰਗੀ ਹੈ,
ਕੁੱਪ ਦੇ ਅੰਦਰ ਮਾਉਂ ਵੜਿਆ, ਪੂਛ ਓਸ ਦੀ ਨੰਗੀ ਹੈ।
5. ਅੱਖਾਂ ਗਹਿਰੀਆਂ ਥੋਥੜ ਮੂੰਹ, ਮੈਂ ਕੀ ਜਾਣਾ ਬੈਠੀ ਤੂੰ।
6. ਦੋ ਨਾਰਾਂ ਇਕ ਮਰਦ ਵਲਿਆ, ਤਨ ਮਨ ਉਸ ਦਾ ਤੀਰਾਂ ਸਲਿਆ,
ਨਾਰੀ ਬਹਿ ਕੀਤੇ ਜੋ ਲੇਖੇ, ਆਉਂਦੀ ਜਾਂਦੀ ਮੁੜ-ਮੁੜ ਦੇਖੇ।
7. ਢਾਲ ਪੋਸ਼ ਸਿਪਾਹੀ, ਸ਼ਕਲ ਨਿਰਾ ਕੱਦੂ,
ਜ਼ਮੀਨ 'ਤੇ ਚੱਲੇ ਜੂੰ ਦੀ ਤੋਰ, ਵਿਚ ਪਾਣੀ ਤੇਜ਼ ਭੱਜੂ।
8. ਇਕ ਚੀਜ਼ ਹੈ ਐਸੀ ਡਿੱਠੀ, ਸਿਰ ਮੂੰਹ ਨਾ ਕੋ,
ਹਰ ਇਕ ਆਦਮੀ ਕਰਦਾ, ਨਾਲ ਉਸ ਦੇ ਮੋਹ,
9. ਚੱਪਾ ਕੁ ਲੱਕੜ ਤਰਖਾਣ ਦੇ ਹੱਥ, ਚਰਖਾ ਘੜਿਆ ਤਿੰਨ ਸੌ ਸੱਠ,
ਅਜੇ ਵੀ ਲੱਕੜੀ ਤਰਖਾਣ ਦੇ ਹੱਥ।
10. ਛੰਨੇ ਵਰਗੀ ਗੋਲ, ਖਾਣਾ ਰੱਖਦੀ ਗੋਦ।

ਉੱਤਰ-(1) ਕੰਘੀ, (2) ਡੋਲ, (3) ਡਾਲਡਾ (4) ਕੜਛੀ, (5) ਡੇਲੇ, (6) ਤਾਣਾ, (7) ਕੱਛੂਕੁੰਮਾ, (8) ਮਾਇਆ, (9) ਤੇਸਾ, (10) ਥਾਲੀ।

---

# ਮੈਂ ਬਹੁਤ ਬੁਰਾ ਹਾਂ ਮਾਂ



ਵਿਸ਼ਾਲ ਕੁਮਾਰ
(ਗਾਜ਼ੀਪੁਰ)

ਹਾਂ, ਮੈਂ ਬਹੁਤ ਬੁਰਾ ਹਾਂ। ਤੁਸੀਂ ਸੋਚਦੇ ਹੋਵੋਗੇ ਕਿ ਮੈਂ ਆਪਣੇ ਆਪ ਨੂੰ ਇਹ ਕਿਉਂ ਕਹਿ ਰਿਹਾ ਹਾਂ? ਇਹਦੇ ਬਾਰੇ ਹੀ ਅੱਜ ਗੱਲ ਕਰਾਂਗੇ, ਪੜੋ ਫ਼ੇਰ ਅੱਗੇ। ਮੈਂ ਜਦੋਂ ਦੁਨੀਆਂ 'ਚ ਆਇਆ ਮਾਂ ਨੇ ਪਹਿਲੀ ਵਾਰ ਉਂਗਲ ਫੜਕੇ ਤੁਰਨਾ ਸਿਖਾਇਆ, ਉਸੇ ਮਾਂ ਨੇ ਪਹਿਲੀ ਵਾਰ ਰੋਟੀ ਦੀ ਇੱਕ ਇੱਕ ਬੁਰਕੀ ਮੇਰੇ ਮੂੰਹ ਵਿਚ ਪਾਈ। ਜਦੋਂ ਵੀ ਮੇਰੇ ਸੱਟ ਲੱਗੀ ਤਾਂ ਉਸੇ ਮਾਂ ਨੇ ਮੇਰੇ ਮੱਲਮ ਪੱਟੀ ਵੀ ਕੀਤੀ ਤੇ ਦਰਦ ਵੀ ਸਭ ਤੋਂ ਜ਼ਿਆਦਾ ਉਸੇ ਦੇ ਹੋਇਆ। ਮਾਂ ਸ਼ਬਦ ਲਿਖਣ ਪੜਨ 'ਚ ਛੋਟਾ ਲੱਗ ਸਕਦਾ ਪਰ ਦੁਨੀਆਂ ਵਿਚ ਸੱਭ ਤੋਂ ਵੱਡਾ ਦਰਜਾ ਰੱਖਦਾ ਹੈ। ਮੇਰੀ ਮਾਂ ਤੇ ਪਿਤਾ ਜੀ ਨੇ ਮੈਨੂੰ ਪੜਾਉਣ 'ਚ ਵੀ ਕੋਈ ਕਸਰ ਨਹੀਂ ਛੱਡੀ ਪਰ ਮੈਂ ਆਪ ਹੀ ਪੜਨ ਤੋਂ ਕੰਨੀਂ ਕਤਰਾਉਂਦਾ ਰਿਹਾ ਤੇ ਦੋਸ਼ ਉਲਟਾ ਉਨਾਂ ਨੂੰ ਹੀ ਦਿੰਦਾ ਰਿਹਾ। ਮੈਂ ਉਸੇ ਰੱਬ ਵਰਗੀ ਮਾਂ ਨੂੰ ਇੱਕ ਵਾਰ ਨਹੀਂ ਅਨੇਕਾਂ ਵਾਰ ਗਾਲਾਂ ਵੀ ਕੱਢਦਾ ਰਿਹਾ ਕਿਉਂਕਿ ਮੈਂ ਬਹੁਤ ਗ਼ੁੱਸੇਖ਼ੋਰ ਹਾਂ ਤੇ ਝੱਟ ਹੀ ਗੁੱਸੇ ਵਿਚ ਆ ਜਾਂਦਾ ਹਾਂ। ਇੱਕ ਦਿਨ ਮੈਂ ਬਹੁਤ ਨਿਰਾਸ਼ ਸੀ ਕਿਉਂਕਿ ਮੈਨੂੰ ਕੋਈ ਰਾਹ ਨਹੀਂ ਸੀ ਮਿਲ ਰਿਹਾ, ਕੋਈ ਨੌਕਰੀ ਨਹੀਂ ਸੀ। ਉਮਰ ਬੀਤ ਰਹੀ ਸੀ ਤੇ ਜ਼ਿੰਦਗੀ ਤੋਂ ਨਿਰਾਸ਼ ਆ ਚੁੱਕਿਆ ਸੀ। ਮਾਂ ਨੂੰ ਜਾ ਕੇ ਕਿਹਾ ਮੈਂ ਸੁਸਾਈਡ ਕਰਨ ਜਾ ਰਿਹਾਂ। ਤੁਸੀਂ ਸੋਚ ਸਕਦੇ ਹੋ ਉਸ ਸਮੇਂ ਮਾਂ 'ਤੇ ਕੀ ਬੀਤੀ ਹੋਵੇਗੀ। ਜਦੋਂ ਮੇਰੀ ਇਹ ਗੱਲ ਮੇਰੀ ਮਾਂ ਨੇ ਸੁਣੀ, ਉਹ ਤਾਂ ਹੱਕੀ ਬੱਕੀ ਰਹਿ ਗਈ ਤੇ ਰੋਣ ਲੱਗ ਗਈ, ਪਰ ਜੋ ਰੋਂਦੀ ਰੋਂਦੀ ਮਾਤਾ ਨੇ ਮੈਨੂੰ ਜਵਾਬ ਦਿੱਤਾ ਉਹ ਸੁਣ ਕੇ ਮੈਂ ਕਦੇ ਵੀ ਹੁਣ ਸੁਸਾਈਡ ਕਰਨ ਬਾਰੇ ਨਹੀਂ ਸੋਚਦਾ। ਉਹ ਜਵਾਬ ਸੀ, 'ਸੁਸਾਈਡ ਤਾਂ ਕਾਇਰ ਕਰਦੇ ਨੇ ਕੀ ਤੂੰ ਕਾਇਰ ਐਂ, ਕੀ ਤੂੰ ਕੁੱਝ ਗਲਤ ਕੰਮ ਕੀਤਾ?' ਇਹਨਾਂ ਬੋਲਾਂ ਨੇ ਮੈਨੂੰ ਚੀਰ ਕੇ ਰੱਖ ਦਿੱਤਾ, ਉਸ ਤੋਂ ਬਾਅਦ ਮੈਂ ਇਸ ਬਾਰੇ ਕਦੇ ਵੀ ਨਹੀਂ ਸੋਚਿਆ 'ਤੇ ਹੋਰਾਂ ਨੂੰ ਵੀ ਸੁਝਾਅ ਦਿੰਦਾ ਸੀ ਕਿ ਸੁਸਾਈਡ ਕਿਸੇ ਚੀਜ਼ ਦਾ ਹੱਲ ਨਹੀਂ। ਲੜੋ, ਜੋ ਸਾਨੂੰ ਸਾਡੇ ਗੁਰੂਆਂ ਨੇ ਸਿਖਾਇਆ। ਜਦੋਂ ਮੈਂ 8ਵੀਂ ਜਾਂ 9ਵੀਂ 'ਚ ਪੜਦਾ ਹੋਵਾਂਗਾ ਉਸ ਸਮੇਂ ਦੀ ਗੱਲ ਹੈ ਮੇਰੀ ਮਾਂ ਮੱਝਾਂ ਵਾਲੇ ਵਾੜੇ 'ਚ ਮੱਝਾਂ ਨੂੰ ਘਾਹ ਕੱਖ ਪਾ ਕੇ ਗੋਹਾ ਕੂੜਾ ਚੁੱਕ ਰਹੀ ਸੀ। ਸਾਡੇ ਵਾੜੇ 'ਚ ਨਵਾਂ-ਨਵਾਂ ਗੇਟ ਲੱਗਿਆ ਸੀ, ਮੈਂ ਪੱਥਰ ਮਾਰ ਰਿਹਾ ਸੀ ਬਾਹਰ ਖੜਾ ਗੇਟ ਦੇ ਉਪਰਿਓ ਤੇ ਉਹਨਾਂ ਪੱਥਰਾਂ 'ਚੋਂ ਇੱਕ ਮੇਰੀ ਮਾਂ ਦੇ ਜਾ ਵੱਜਾ। ਉਹ ਉਹਨਾਂ ਦੇ ਸਿਰ 'ਚ ਵੱਜਾ ਸੀ, ਉਸ ਸਮੇਂ ਮਾਤਾ ਨੂੰ ਦਰਦ ਤਾਂ ਹੋਇਆ ਪਰ ਉਹ ਦਰਦ ਲਕੋ ਲਿਆ। ਪਰ ਉਹ ਵੱਜਿਆ ਪੱਥਰ ਅੱਜ ਵੀ ਮਾਤਾ ਨੂੰ ਬਹੁਤ ਨੁਕਸਾਨ ਪਹੁੰਚਾ ਰਿਹਾ ਹੈ, ਉਸਦੀ ਵਜਾ ਨਾਲ ਅੱਜ ਵੀ ਮੇਰੀ ਮਾਂ ਦੀ ਉਸ ਜਗਾ ਬਹੁਤ ਭਿਆਨਕ ਦਰਦ ਹੁੰਦਾ ਹੈ। ਉਸ ਸਮੇਂ ਮੈਨੂੰ ਅਹਿਸਾਸ ਹੁੰਦਾ ਹੈ ਕਿ ਮੈਂ ਕਿਹੋ ਜਿਹਾ ਕਲਜੁਗੀ ਪੁੱਤ ਹਾਂ, ਮਾਂ ਨੂੰ ਸਕੂਨ ਤਾਂ ਕੀ ਦੇਣਾ ਸੀ ਮੈਂ ਹਮੇਸ਼ਾ ਦਰਦ ਹੀ ਦਿੱਤਾ। ਪਰ ਜਦੋਂ ਹੁਣ ਮੈਂ ਬਾਹਰ ਨੌਕਰੀ ਕਰ ਰਿਹਾ ਹਾਂ ਤਾਂ ਫੋਨ 'ਤੇ ਗੱਲ ਕਰਦੇ ਸਮੇਂ ਜੇ ਮੇਰੀ ਆਵਾਜ਼ ਵੀ ਮਾਂ ਨੂੰ ਥੋੜੀ ਖ਼ਰਾਬ ਸੁਣੇ ਤਾਂ ਝੱਟ ਹੀ ਆਖ ਦਿੰਦੀ ਹੈ, 'ਬਿਮਾਰ ਹੈਂ ਨਾ ਤੂੰ?' ਤੇ ਫੇਰ ਵਾਰ ਵਾਰ ਫੋਨ ਕਰਕੇ ਪੁੱਛਦੀ ਹੈ ਕਿ ਠੀਕ ਹੈਂ ਨਾ, ਧਿਆਨ ਰੱਖਿਆ ਕਰ ਆਪਣਾ, ਕੁੱਛ ਖਾ ਪੀ ਵੀ ਲਿਆ ਕਰ, ਕੰਜੂਸੀ ਨਾ ਕਰਿਆ ਕਰ। ਫ਼ੇਰ ਮੈਂ ਸੋਚਦਾ ਹੁੰਨਾ ਕਿੰਨੀ ਭੋਲੀ ਹੈ ਮੇਰੀ ਮਾਂ, ਮੇਰੇ ਵੱਲੋਂ ਦਿੱਤੇ ਦਰਦ ਬੜੀ ਛੇਤੀ ਭੁੱਲ ਜਾਂਦੀ ਹੈ। ਮੈਂ ਬਹੁਤ ਕੋਸ਼ਿਸ਼ ਕਰਦਾਂ ਘਰੇ ਜਾ ਕੇ ਮੁਆਫੀ ਮੰਗਣ ਦੀ ਪਰ ਕਦੇ ਹਿੰਮਤ ਨਹੀਂ ਜੁਟਾਅ ਪਾਇਆ ਕਿ ਕਹਿ ਸਕਾਂ, 'ਮਾਂ ਮੁਆਫ਼ ਕਰੀਂ ਮੈਂ ਤੈਨੂੰ ਬਹੁਤ ਦਰਦ ਦਿੱਤੇ ਨੇ।' ਕਰਮ ਹੀ ਏਨੇ ਮਾੜੇ ਕੀਤੇ ਨੇ ਕਿ ਅੱਖ ਵੀ ਮਿਲਾਈ ਨਹੀਂ ਜਾਂਦੀ। ਸ਼ਾਇਦ ਜੇ ਮੇਰੀ ਮਾਂ ਪੜੇ ਇਸ ਨੂੰ 'ਤੇ ਮੁਆਫ਼ ਹੀ ਕਰ ਦਵੇ। ਅੰਤ 'ਚ ਇੱਕ ਹੀ ਗੱਲ ਕਹਿਣੀ ਚਾਹੁੰਦਾ ਹਾਂ, ਮਾਵਾਂ ਨੂੰ ਕਦੇ ਵੀ ਦੁੱਖ ਨਾ ਦਿਓ ਕਿਉਂਕਿ ਦੁੱਖ ਤਾਂ ਉਨਾਂ ਨੇ ਬਹੁਤ ਦੇਖੇ ਹੁੰਦੇ ਨੇ ਬਲਕਿ ਸੁੱਖ ਕਿਵੇਂ ਦੇਣਾ ਉਸ ਵੱਲ ਧਿਆਨ ਦਿਓ।

# ਸੁੱਤੇ ਸ਼ਹਿਰ ਦਾ ਸਫ਼ਰ

ਪੁਸਤਕ :- ਸੁੱਤੇ ਸ਼ਹਿਰ ਦਾ ਸਫ਼ਰ
ਲੇਖਕ :- ਪ੍ਰੋ. ਜਸਵੰਤ ਸਿੰਘ ਗੰਡਮ
ਪ੍ਰਕਾਸ਼ਕ :- ਪੰਜਾਬੀ ਵਿਰਸਾ ਟਰੱਸਟ (ਰਜਿ.) ਫਗਵਾੜਾ
ਕੀਮਤ :- 200 ਰੁਪਏ
ਸਫ਼ੇ :- 144



**- ਗੁਰਮੀਤ ਸਿੰਘ ਪਲਾਹੀ**
**9815802070**

ਕਾਲੇ ਰੰਗ ਦੀ ਕੈਨਵਸ ਉਤੇ ਰੰਗੀਲਾ ਫੁੱਲ- ਪ੍ਰੋ. ਜਸਵੰਤ ਸਿੰਘ ਗੰਡਮ ਦੀ ਵਾਰਤਕ ਪੁਸਤਕ 'ਸੁੱਤੇ ਸ਼ਹਿਰ ਦਾ ਸਫ਼ਰ'

ਟਰਾਟਸਕੀ ਲੈਨਿਨ ਦੀ ਸਾਹਿਤ ਬਾਰੇ ਕੀਤੀ ਟਿੱਪਣੀ ਕਿ 'ਸਾਹਿਤ ਸਮਾਜ ਦਾ ਸ਼ੀਸ਼ਾ ਹੈ' ਨੂੰ ਅੱਗੇ ਤੋਰਦਾ ਹੋਇਆ ਕਹਿੰਦਾ ਹੈ ਕਿ ਸਾਹਿਤ ਸ਼ੀਸ਼ੇ ਵਿਚੋਂ ਸਮਾਜਕ ਵਿਵਸਥਾ ਦੀ ਸਥਿਤੀ ਨੂੰ ਦੇਖਕੇ ਉਸ ਵਿਚਲੇ ਚਿੱਬਾਂ ਨੂੰ ਠੀਕ ਕਰਨ ਲਈ ਇੱਕ ਹਥੌੜਾ ਵੀ ਹੈ।

ਪ੍ਰੋ. ਜਸਵੰਤ ਸਿੰਘ ਗੰਡਮ ਦੀ ਪੁਸਤਕ 'ਸੁੱਤੇ ਸ਼ਹਿਰ ਦਾ ਸਫ਼ਰ' ਕਾਲੇ ਰੰਗ ਦੀ ਕੈਨਵਸ ਉਤੇ ਰੰਗੀਲੇ ਫੁੱਲ ਦੀ ਤਰਾਂ ਹੈ, ਜਿਹੜੀ ਮਨੁੱਖੀ ਹੋਂਦ ਦੇ ਖ਼ਤਰੇ ਦੀ ਸਥਿਤੀ ਨੂੰ ਸਮਝਕੇ ਅਤੇ ਉਸ ਖ਼ਤਰੇ ਤੋਂ ਮੁਕਤ ਹੋਣ ਦੇ ਸੰਭਾਵੀ ਅਤੇ ਸੰਭਵ ਯਤਨਾਂ ਪ੍ਰਤੀ ਸੁਚੇਤ ਕਰਦੀ ਹੈ। ਅੱਜ ਮਾਨਵ ਆਪਣੀ ਬੁਨਿਆਦੀ ਹੋਂਦ ਅਤੇ ਸਿਰਜਨਾਤਮਿਕ ਸ਼ਕਤੀ ਦੇ ਨੁਕਤੇ ਤੋਂ ਭਟਕ ਗਿਆ ਹੈ। ਪ੍ਰੋ. ਗੰਡਮ ਨੇ ਇਸ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਸਥਿਤੀ ਦੇ ਅੰਦਰ ਅਤੇ ਬਾਹਰ ਪ੍ਰਵੇਸ਼ ਕਰਦਿਆਂ ਵਾਪਰਦੀਆਂ ਵਿਸੰਗਤੀਆਂ ਨੂੰ ਸਮਝਿਆ ਹੈ ਅਤੇ ਜੁਗਤੀ ਨਾਲ ਆਪਣੇ ਵੱਖੋ-ਵੱਖਰੇ ਲੇਖਾਂ ਵਿਚ, ਕਿਧਰੇ ਗੁਰਬਾਣੀ ਦਾ ਓਟ ਆਸਰਾ ਲੈ ਕੇ, ਕਿਧਰੇ ਵਿਅੰਗਮਈ ਕਟਾਖ਼ਸ਼ਾਂ ਨਾਲ ਇਹਨਾ ਗੈਰ-ਕੁਦਰਤੀ, ਬੇਢੰਗੇ, ਕੁਢੱਬੇ, ਕਰੂਪ, ਕਰੂਰ, ਕਮੀਨਗੀ ਦੀ ਹੱਦ ਤੱਕ ਪਸਰੇ ਮਨੁੱਖੀ ਵਰਤਾਰਿਆਂ ਨੂੰ ਆਪਣੀ ਲੇਖਣੀ ਦਾ ਵਿਸ਼ਾ ਬਣਾਇਆ ਹੈ।

ਪ੍ਰੋ. ਗੰਡਮ ਦਾ ਲਿਖਣ ਢੰਗ ਨਿਵੇਕਲਾ ਹੈ। ਉਹ ਆਪਣੀ ਤਿਰਛੀ-ਤਿੱਖੀ ਕਲਮ ਨਾਲ ਮਾਨਵੀ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਕਰਕੇ ਸ਼ੈਤਾਨੀ ਅਤੇ ਹੈਵਾਨੀ ਜਿਊਣ-ਮੁੱਲਾਂ, ਲੁੱਟ, ਗੁੰਡਾਦਰਦੀ, ਕਾਮ, ਭੋਗ, ਰੋਗ, ਜਹਾਲਤ,




ਅਨਿਆ, ਸੀਨਾ-ਜੋਰੀ, ਦਲਾਲੀ, ਰਿਸ਼ਵਤਖੋਰੀ, ਲੁੱਚੇ ਵਿਵਹਾਰ, ਬਲਾਤਕਾਰ, ਭੁੱਖਮਰੀ ਚੀਕ ਪੁਕਾਰ ਨੂੰ ਬੇਖ਼ੌਫ-ਬਿਨਾਂ ਝਿਜਕ ਆਪਣੇ ਲੇਖਾਂ ਵਿਚ ਵਰਨਣ ਕਰਦਾ ਹੈ। ਉਹ ਗਤੀ-ਹੀਣ, ਭਾਵ-ਹੀਣ, ਅਣਖ-ਹੀਣ, ਗਿਆਨ-ਹੀਣ, ਬਲ-ਹੀਣ, ਕਾਰਕ-ਹੀਣ ਲੋਕਾਂ ਤੇ ਕਟਾਖਸ਼ ਕਰਦਾ ਹੈ ਅਤੇ ਵਿਭਚਾਰੀ, ਭਰਿਸ਼ਟ ਹੋ ਚੁੱਕੇ ਸਮਾਜਿਕ ਸਰੋਕਾਰਾਂ ਦੀ ਸੜਾਂਦ, ਜਿਸਨੇ ਸਮਾਜ ਨੂੰ ਸੁੰਨ ਕਰਕੇ ਰੱਖ ਦਿੱਤਾ ਹੈ, ਦੇ ਪਰਖੱਚੇ ਉਡਾਉਂਦਾ ਹੈ। ਉਸ ਕੋਲ ਵਿਚਾਰਾਂ ਦੀ ਕਮੀ ਨਹੀਂ। ਉਸ ਦੇ ਲੇਖ ਆਮ ਲੋਕਾਂ ਦੀ ਨਾਬਰੀ, ਸੰਘਰਸ਼ੀ, ਕੁਰਬਾਨੀ ਦੇ ਗੁਸੈਲ ਰੱਸ ਨੂੰ ਸੇਧਤ ਕਰਨ ਵਾਲੇ ਹਨ। ਗਤੀਸ਼ੀਲ ਨਿਰੰਤਰ ਵਹਿੰਦੇ ਪਰਵਾਹ ਵਾਂਗਰ ਹਨ ਪ੍ਰੋ. ਜਸਵੰਤ ਸਿੰਘ ਗੰਡਮ ਦੇ ਲੇਖ, ਜੋ ਧੁੱਪ-ਛਾਂ, ਸੇਧ-ਵਲੇਵੇਂ, ਔੜਾਂ-ਬਰਸਾਤਾਂ, ਖੁਸ਼ੀਆਂ-ਗਮੀਆਂ, ਜਿੱਤਾਂ-ਹਾਰਾਂ ਦੀ ਗੱਲ ਨਿਰੰਤਰ ਗਤੀਸ਼ੀਲਤਾ ਨਾਲ ਕਰਦੇ ਹਨ। ਇਸ ਗਤੀਸ਼ੀਲਤਾ ਵਿਚ ਟਿਮਟਮਾਉਣ, ਉਗਣ, ਵਿਗਸਣ ਦੇ ਨਾਲ-ਨਾਲ ਸ਼ਬਦ, ਗ੍ਰੰਥ, ਸਮਾਜ, ਇਤਿਹਾਸ ਅਤੇ ਦਰਸ਼ਨ ਦੀ ਪਿਉਂਦ ਉਸਨੇ ਬਾ-ਖ਼ੂਬੀ ਲਗਾਈ ਹੈ। ਉਹ ਆਪਣੇ ਵਿਵੇਕ ਨਾਲ ਵਿਪਰੀਤ ਸਥਿਤੀਆਂ ਵਿਚ ਤਣਾਓ, ਟਕਰਾਓ ਨੂੰ ਵੀ ਸੂਖ਼ਮ ਢੰਗ ਨਾਲ ਆਪਣੀ ਲੇਖਣੀ 'ਚ ਪ੍ਰਗਟ ਕਰਦਾ ਹੈ ਅਤੇ ਪਾਠਕਾਂ ਉਤੇ ਬੋਝਲ ਸ਼ਬਦਾਂ ਦਾ ਭਾਰ ਨਹੀਂ ਪਾਉਂਦਾ।

ਪੰਜਾਬੀ ਵਿਰਸਾ ਟਰੱਸਟ (ਰਜਿ:) ਵਲੋਂ ਛਾਪੀ 144 ਸਫ਼ਿਆਂ ਦੀ ਇਸ ਪੁਸਤਕ ਵਿੱਚ ਲੇਖਕ ਦੇ 28 ਲੇਖ ਹਨ। ਇਨਾਂ ਲੇਖਾਂ ਨੂੰ ਲੇਖਕ ਨੇ ਤਿੰਨ ਭਾਗਾਂ, ਵਿਚਾਰਕ/ ਇਤਿਹਾਸਿਕ ਲੇਖ, ਵਿਅੰਗ ਲੇਖ ਅਤੇ ਅਨੁਵਾਦਿਤ ਕਹਾਣੀਆਂ/ਪੰਖ ਪਖੇਰੂ/ ਵਿਛੋੜੇ ਦੇ ਲੇਖ ਵਿਚ ਵੰਡਿਆ ਹੈ। 'ਸੁੱਤੇ ਸ਼ਹਿਰ ਦਾ ਸਫ਼ਰ', 'ਮੈਂ ਤੁਰਦਾ ਹਾਂ ਤਾਂ ਰਾਹ ਬਣਦੇ,' 'ਕੱਲਾ ਤਾਂ ਰੁੱਖ ਨਾ ਹੋਵੇ, 'ਸਾਡੇ ਪਿੰਡ ਦੇ ਤਿੰਨ ਸਿਆਣੇ, ਅਜੋਕੇ ਮਨੁੱਖੀ ਵਰਤਾਰੇ ਦੀ ਹੂਬਹੂ ਤਸਵੀਰ ਪੇਸ਼ ਕਰਦੇ ਹਨ, 'ਜ਼ਿੰਦਗੀ ਸਹਿਯੋਗ, ਸਹੂਲਤੀਅਤ, ਸਹਾਇਤਾ, ਸਨੇਹ ਅਤੇ ਸਾਂਝ ਦਾ ਨਾਮ ਹੈ। ਇਸ ਦੀ ਗੱਡੀ ਬਿਨਾਂ ਡਿਕੋ-ਡੋਲੇ ਚੱਲਦੀ ਰੱਖਣ ਲਈ ਨਿੱਕੇ-ਨਿੱਕੇ ਸਮਝੌਤੇ ਅਤੇ ਐਡਜਸਟਮੈਂਟਾਂ ਕਰਨੀਆਂ ਪੈਂਦੀਆਂ ਹਨ'। 'ਹਮਸਾਏ ਮਾਂ ਪਿਉ ਜਾਏ', 'ਜੇ ਮੋਟੇ ਹਾਂ ਤਾਂ ਮਰ ਜਾਈਏ', 'ਬੁੱਢਾ ਹੋਊ ਤੇਰਾ ਬਾਪ', 'ਹੱਸਦਿਆਂ ਦੇ ਘਰ ਵਸਦੇ', ਪੰਜਾਬੀ ਵਿਅੰਗਕਾਰੀ ਲੇਖਣੀ ਵਿਚ ਇੱਕ ਹਾਸਲ ਹਨ। 'ਉੱਚੇ ਕੱਦ-ਕਾਠ ਵਿਚ ਮੁਟਾਪਾ ਸਮਾ ਜਾਂਦੈ ਪਰ ਜੇ ਬੰਦਾ ਮੋਟਾ ਹੋਵੇ ਅਤੇ ਮਧਰਾ ਵੀ ਤਾਂ ਤੁਰਦਾ ਐਂ ਲਗਦੈ ਜਿਵੇਂ ਫੁੱਟਬਾਲ ਰੁੜਦਾ ਜਾ ਰਿਹਾ ਹੋਵੇ'।

'ਬੰਦਾ ਬੁੱਢਾ ਨਹੀਂ ਹੋਣਾ ਚਾਹੀਦਾ ਪਰ ਹੋ ਜਾਂਦੈ ਜਾਂ ਕਹਿ ਲਓ ਕਿ ਹੋਣਾ ਪੈਂਦਾ। ਬੁਢਾਪੇ ਤੋਂ ਬੰਦਾ ਐਂ ਡਰਦੈ ਜਿਵੇਂ ਮੌਤ ਤੋਂ, ਪਰ ਦੋਵੇਂ ਬਿਨਾਂ-ਬੁਲਾਏ ਆ ਜਾਂਦੇ ਹਨ'।

ਪ੍ਰੋ. ਜਸਵੰਤ ਸਿੰਘ ਗੰਡਮ ਵਲੋਂ ਵਿਸ਼ਵ ਪ੍ਰਸਿੱਧ ਕਹਾਣੀਆਂ ਚੈਖੋਵ ਦੀ ਕਹਾਣੀ 'ਰੁਦਨ/ਵੇਦਨਾ', 'ਜਾਮਣ ਦਾ ਦਰੱਖਤ(ਕ੍ਰਿਸ਼ਨ ਚੰਦਰ)', 'ਦੁਪਹਿਰ ਦੇ ਖਾਣੇ ਦੀ ਦਾਅਵਤ (ਵਿਲੀਅਮ ਸਮਰਸੈਟ ਮਾਨ)', 'ਸਿਆਣਿਆਂ ਦੇ ਤੋਹਫੇ (ਓ ਹੈਨਰੀ)' ਦਾ ਤਰਜ਼ਮਾ ਇਸ ਪੁਸਤਕ ਵਿੱਚ ਦਰਜ ਹੈ, ਜੋ ਉਸਦੀ ਆਪਣੀ ਲੇਖਣੀ ਵਾਂਗਰ ਇਸ ਪੁਸਤਕ ਦਾ ਵਾਹਵਾ ਰੌਚਕ ਹਿੱਸਾ ਹੈ। ਪੰਛੀਆਂ ਬਾਰੇ ਉਸਦੇ ਲੇਖ 'ਕੋਇਲਾਂ ਕੂਕਦੀਆਂ', 'ਪ੍ਰਦੇਸੀਆ ਘਰ ਆ', 'ਸਾਵਣ ਦੀਆਂ ਝੜੀਆਂ' ਦਾ ਅਮਰਦੂਤ-ਬਬੀਹਾ', 'ਪਰਿੰਦੇ ਪਰਤ ਆਉਣਗੇ' ਅਤੇ ਆਪਣੇ ਨਿੱਘੇ ਦੋਸਤ ਕੁਲਵਿੰਦਰ ਸਿੰਘ ਬਾਸੀ ਦਾ ਸਾਰਥਿਕ ਜੀਵਨ ਸਫ਼ਰ ਇਸ ਪੁਸਤਕ ਨੂੰ ਇੱਕ ਵੱਖਰੀ ਰੰਗਤ ਦਿੰਦਾ ਹੈ। ਲੇਖਕ ਦੇ ਆਪਣੇ ਸ਼ਬਦਾਂ ਵਿਚ 'ਇਸ ਪੁਸਤਕ ਵਿੱਚ ਵਿਚਾਰਕ ਵੰਨਗੀ, ਵਿਅੰਗਮਈ ਅਤੇ ਵਿਰਾਸਤੀ ਇਤਿਹਾਸਕ ਲੇਖ, ਪੰਛੀਆਂ ਬਾਰੇ ਰਚਨਾਵਾਂ, ਅਨੁਵਾਦਿਤ ਕਹਾਣੀਆਂ ਅਤੇ ਇੱਕ ਸਖੀ-ਦਿਲ ਇਨਸਾਨ ਦੇ ਤੁਰ ਜਾਣ ਬਾਰੇ ਲੇਖ ਸ਼ਾਮਲ ਹਨ'।

ਪ੍ਰੋ. ਜਸਵੰਤ ਸਿੰਘ ਗੰਡਮ ਦੀ ਪੁਸਤਕ ਪੰਜਾਬੀ ਆਲੋਚਕਾਂ ਦੀ ਪਾਰਖੂ-ਅੱਖ ਦਾ ਧਿਆਨ ਮੰਗਦੀ ਹੈ। ਮੇਰੀ ਸਮਝ ਵਿੱਚ ਇਹ ਪੁਸਤਕ ਕਿਸੇ ਵੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਦੇ ਪਾਠ ਕਰਮ ਦਾ ਹਿੱਸਾ ਬਨਣ ਦਾ ਹੱਕ ਰੱਖਦੀ ਹੈ।

---

# ਪਹਿਲਾ ਪਾਣੀ ਜੀਉ ਹੈ

ਕਿਤਾਬ ਸਮੀਖਿਆ / ਗੁਰਮੀਤ ਸਿੰਘ ਪਲਾਹੀ
ਕਿਤਾਬ :- ਪਹਿਲਾ ਪਾਣੀ ਜੀਉ ਹੈ
ਲੇਖਕ :- ਡਾ: ਬਰਜਿੰਦਰ ਸਿੰਘ ਹਮਦਰਦ
ਪ੍ਰਕਾਸ਼ਕ :- ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ
ਕੀਮਤ :- 350 ਰੁਪਏ

ਡਾ: ਬਰਜਿੰਦਰ ਸਿੰਘ ਨੇ 'ਪਹਿਲਾ ਪਾਣੀ ਜੀਉ ਹੈ' ਕਿਤਾਬ ਵਿੱਚ ਪਾਣੀ ਬਾਰੇ ਖ਼ਾਸ ਤੌਰ 'ਤੇ ਪੰਜਾਬੀ ਦੇ ਪਾਣੀਆਂ ਬਾਰੇ 24-04-1986 ਤੋਂ 8.07.2021 ਦੌਰਾਨ ਲਿਖੇ 74 ਲੇਖ ਸ਼ਾਮਲ ਕੀਤੇ ਹਨ।

ਪੰਜਾਬ 'ਚ ਹੀ ਨਹੀਂ ਸਗੋਂ ਸਮੁੱਚੀ ਦੁਨੀਆ 'ਚ ਪਾਣੀ ਦਾ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਚਿੰਤਾਵਾਨ ਲੋਕ ਇਸ ਪ੍ਰਤੀ ਅਤਿ ਚਿੰਤਤ ਹਨ। ਅਮਰੀਕੀ ਰਾਕਟ ਵਿਗਿਆਨੀ ਈਲੋਨ ਮਸਲ ਦਾ ਕਹਿਣਾ ਹੈ ਕਿ ਭਵਿੱਖ 'ਚ ਉਹ ਲੋਕ ਅਮੀਰ ਨਹੀਂ ਹੋਣਗੇ ਜਿਹਨਾ ਕੋਲ ਤੇਲ ਹੋਏਗਾ, ਸਗੋਂ ਉਹ ਲੋਕ ਅਮੀਰ ਹੋਣਗੇ ਜਿਹਨਾ ਕੋਲ ਪਾਣੀ ਹੋਏਗਾ ਜਾਂ ਜਿਹਨਾ ਦੀ ਧਰਤੀ ਹੇਠ ਪਾਣੀ ਹੋਏਗਾ। ਕਿਸੇ ਹੋਰ ਚਿੰਤਕ ਦਾ ਕਹਿਣਾ ਹੈ ਕਿ ਵਿਸ਼ਵ ਵਿੱਚ ਅਗਲੇ ਯੁੱਧ ਦਾ ਕਾਰਨ ਪਾਣੀ ਹੋਏਗਾ।

ਹੱਥਲੀ ਕਿਤਾਬ ਵਿੱਚ 1986 ਤੋਂ ਪੈਦਾ ਹੋਏ ਸੂਬਿਆਂ 'ਚ ਪਾਣੀਆਂ ਦੀ ਵੰਡ ਅਤੇ "ਲਿੰਕ ਨਹਿਰ ਦੇ ਮਸਲੇ' ਤੋਂ ਲੈਕੇ ਪੰਜਾਬ ਨਾਲ ਕੇਂਦਰ ਵਲੋਂ ਕੀਤੀ ਗਈ ਕਾਣੀ ਵੰਡ ਦਾ ਜ਼ਿਕਰ ਤਾਂ ਡਾ: ਬਰਜਿੰਦਰ ਸਿੰਘ ਹਮਦਰਦ ਨੇ ਕੀਤਾ ਹੀ ਹੈ, ਪੰਜਾਬ 'ਚ ਹੋ ਰਹੀ ਪਾਣੀ ਦੀ ਅਤਿਅੰਤ ਵਰਤੋਂ, ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ, ਦਰਿਆਈ ਪਾਣੀਆਂ ਪ੍ਰਤੀ ਕੇਂਦਰ ਵਲੋਂ ਰਿਪੇਰੀਅਨ ਕਾਨੂੰਨ ਦੀ ਅਣਦੇਖੀ, ਸਿਆਸਤਦਾਨਾਂ ਵਲੋਂ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਈਮਾਨਦਾਰੀ ਨਾਲ ਹੱਲ ਨਾ ਕਰਨਾ ਆਦਿ ਵਿਸ਼ਿਆਂ ਨੂੰ ਗੰਭੀਰਤਾ ਨਾਲ ਛੋਹਿਆ ਹੈ।

ਡਾ: ਬਰਜਿੰਦਰ ਸਿੰਘ ਸੁਝਾਉਂਦੇ ਹਨ ਕਿ ਜੇਕਰ ਪੰਜਾਬ ਨੂੰ ਦਰਿਆਈ ਪਾਣੀਆਂ ਦਾ ਪੂਰਾ ਹਿੱਸਾ ਮਿਲੇ, ਖੇਤੀ ਖੇਤਰ 'ਚ ਇਸਦੀ ਦੁਰਵਰਤੋਂ ਨਾ ਹੋਵੇ, ਪੰਜਾਬ ਦੇ ਜਲ ਸਰੋਤਾਂ ਨੂੰ ਬਚਾਉਣ ਲਈ ਯੋਗ ਪ੍ਰਬੰਧ ਹੋਣ, ਪੰਜਾਬ ਦੇ ਲੋਕ ਘਰਾਂ ਵਿੱਚ ਵਰਤੋਂ ਵੇਲੇ ਵੀ ਪਾਣੀ ਦੀ ਅਹਿਮੀਅਤ ਸਮਝਣ ਤਾਂ ਪੰਜਾਬ ਮੁੜ ਖੁਸ਼ਹਾਲ ਹੋ ਸਕੇਗਾ, ਇਸ ਦੇ ਚਿਹਰੇ 'ਤੇ ਮੁੜ ਖੇੜਾ ਆ ਸਕੇਗਾ ਕਿਉਂਕਿ ਪਾਣੀਆਂ ਦੀ ਘਾਟ ਨੇ ਪੰਜਾਬ ਨੂੰ ਮਾਰੂਥਲ ਦੇ ਕੰਢੇ ਪਹੁੰਚਾ ਦਿੱਤਾ ਹੈ।"ਪੰਜਾਬ ਵਿੱਚ ਪਾਣੀ ਦੀਆਂ ਦੋ ਸਮੱਸਿਆਵਾਂ ਹਨ। ਇੱਕ ਤਾਂ ਬਹੁਤ ਸਾਰੇ ਇਲਾਕਿਆਂ ਵਿੱਚ ਧਰਤੀ ਹੇਠਲਾ ਪਾਣੀ ਲਗਾਤਾਰ ਥੱਲੇ ਡਿੱਗਦਾ ਜਾ ਰਿਹਾ ਹੈ। ਦੂਜੀ ਸਮੱਸਿਆ ਸੇਮ ਦੀ ਹੈ ਜੋ ਮੁੱਖ ਰੂਪ ਵਿੱਚ ਮਾਲਵੇ ਦੇ ਇਲਾਕੇ ਵਿੱਚ ਹੈ।"

176 ਸਫ਼ਿਆਂ ਦੀ ਕਿਤਾਬ "ਪਹਿਲਾ ਪਾਣੀ ਜੀਉ ਹੈ" ਵਿੱਚ ਪੰਜਾਬ ਦੇ ਪਾਣੀ ਦੇ ਸੰਕਟ ਨਾਲ-ਨਾਲ ਪਲੀਤ ਹੋ ਰਹੇ ਪਾਣੀ






ਅਤੇ ਵਾਤਾਵਰਨ ਸਬੰਧੀ ਵੀ ਲੋਕਾਂ ਨੂੰ ਚਿਤਾਰਿਆ ਹੈ ਅਤੇ ਸੁਚੇਤ ਕੀਤਾ ਹੈ। "ਬਿਨਾਂ ਸ਼ੱਕ ਜੇਕਰ ਪਾਣੀ ਦੀ ਸੰਭਾਲ ਪ੍ਰਤੀ ਅੰਦੋਲਨ ਚਲਾਕੇ ਲੋਕਾਂ ਨੂੰ ਪੂਰੀ ਤਰਾਂ ਸੁਚੇਤ ਨਾ ਕੀਤਾ ਗਿਆ ਤਾਂ ਹੋਣ ਵਾਲੇ ਇਸ ਵੱਡੇ ਨੁਕਸਾਨ ਲਈ ਅਸੀਂ ਸਾਰੇ ਭਾਗੀ ਹੋਵਾਂਗੇ"।

ਡਾ: ਹਮਦਰਦ ਦੀਆਂ ਪਾਣੀ ਸਬੰਧੀ ਲਿਖੀਆਂ ਗਈਆਂ ਲਗਾਤਾਰ ਲੇਖਣੀਆਂ ਲੋਕਾਂ ਨੂੰ ਸਮੇਂ-ਸਮੇਂ ਇਹ ਅਹਿਸਾਸ ਕਰਵਾਉਂਦੀਆਂ ਰਹੀਆਂ ਹੋਣਗੀਆਂ ਕਿ 'ਜਲ ਨਹੀਂ ਤਾਂ ਜਹਾਨ ਨਹੀਂ', 'ਜਲ ਹੀ ਜੀਵਨ ਹੈ', 'ਨਾ ਮਿਲੇਗੀ ਹਵਾ ਨਾ ਮਿਲੇਗਾ ਪਾਣੀ', 'ਨਹੀ ਤਾਂ ਬਹੁਤ ਦੇਰ ਹੋ ਜਾਵੇਗੀ', ਪਰ ਪੰਜਾਬ ਵਿੱਚ ਖੇਤੀ ਝੋਨੇ ਅਤੇ ਕਣਕ ਦੀ ਖੇਤੀ ਕਾਰਨ ਹਾਲਤ ਹੀ ਇਹੋ ਜਿਹੇ ਕਰ ਦਿੱਤੇ ਗਏ ਹਨ ਕਿ ਪੰਜਾਬ ਦੇ ਕਿਸਾਨ ਇਸ ਚੱਕਰ ਵਿੱਚੋਂ ਬਾਹਰ ਨਿਕਲ ਹੀ ਨਹੀਂ ਸਕੇ। ਫਸਲਾਂ ਦੀ ਵਿੰਭਨਤਾ,ਪਾਣੀ ਦੀ ਘੱਟ ਵਰਤੋਂ ਵਾਲਾ ਫਾਰਮੂਲਾ ਵੀ ਉਹਨਾ ਨੂੰ ਰਾਸ ਨਹੀਂ ਆਉਂਦਾ। ਸਿੱਟੇ ਵਜੋਂ ਪਾਣੀ ਦਾ ਸੰਕਟ ਵਧ ਰਿਹਾ ਹੈ। ਦਰਿਆਈ ਪਾਣੀਆਂ ਦੇ ਵਿਵਾਦ ਬਾਰੇ, ਪਾਣੀਆਂ ਤੇ ਰਾਜਨੀਤੀ ਬਾਰੇ ਤਾਂ ਡਾ: ਬਰਜਿੰਦਰ ਸਿੰਘ ਹੁਰਾਂ ਸਪਸ਼ਟ ਵਿਚਾਰ ਆਪਣੇ ਲੇਖਾਂ 'ਚ ਸਮੇਂ-ਸਮੇਂ ਪੇਸ਼ ਕੀਤੇ ਹੀ ਹਨ, ਪਰ ਨਾਲ ਦੀ ਨਾਲ ਸਿੰਧ ਜਲ ਸਮਝੌਤੇ ਅਤੇ ਭਾਰਤ-ਪਾਕਿ ਜਲ-ਵਿਵਾਦ ਸਬੰਧੀ ਪਾਕਿਸਤਾਨ ਦੀਆਂ ਚਾਲਾਂ ਤੋਂ ਵੀ ਲੇਖਕ ਨੇ ਭਾਰਤ ਸਰਕਾਰ ਨੂੰ ਸੁਚੇਤ ਕੀਤਾ ਹੈ।

ਡਾ: ਬਰਜਿੰਦਰ ਸਿੰਘ ਹੰਢਿਆ ਵਰਤਿਆ ਵਾਰਤਾਕਾਰ ਹੈ। ਨਿੱਤ ਅਜੀਤ ਅਖ਼ਬਾਰ ਦੀ ਸੰਪਾਦਕੀ ਲਿਖਕੇ ਅਤੇ ਗੂੜੇ ਵਿਚਾਰ ਪੇਸ਼ ਕਰਨ ਕਾਰਨ ਆਪਦਾ ਨਾਂਅ ਪੰਜਾਬੀ ਦੇ ਪ੍ਰਸਿੱਧ ਵਾਰਤਕ ਲਿਖਣ ਵਾਲਿਆਂ ਦੀ ਪਹਿਲੀ ਕਤਾਰ ਵਿੱਚ ਹੈ। ਪੰਜਾਬ ਹਿਤੈਸ਼ੀ ਪੱਤਰਕਾਰਤਾ ਕਰਨ ਵਾਲਾ ਡਾ: ਬਰਜਿੰਦਰ ਸਿੰਘ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਲੰਬਰਦਾਰ ਹੈ। ਉਸਦੀ ਇਹ ਕਿਤਾਬ ਪਾਠਕਾਂ ਅਤੇ ਖ਼ਾਸ ਕਰ ਖੋਜ਼ੀ ਵਿਦਿਆਰਥੀਆਂ ਲਈ ਉਹਨਾ ਨੂੰ ਅੱਗੋਂ ਖੋਜ਼ ਦੇ ਕੰਮ ਆਉਣ ਵਾਲੀ ਪੁਸਤਕ ਹੈ, ਕਿਉਂਕਿ ਪੰਜਾਬ ਦੇ ਪਾਣੀਆਂ ਸਬੰਧ ਗੰਭੀਰ ਤੱਥ, ਸਮੇਂ ਸਮੇਂ ਦਰਿਆਈ ਪਾਣੀਆਂ ਦੀ ਵੰਡ 'ਚ ਸਿਆਸੀ ਚਾਲਾਂ ਅਤੇ ਬੇਈਮਾਨੀਆਂ ਅਤੇ ਪੰਜਾਬ ਨਾਲ ਕੀਤੀਆਂ ਬੇਇਨਸਾਫੀਆਂ ਦਾ ਹਾਲ ਵੀ ਇਸ 'ਚ ਦਰਜ਼ ਹੈ।

ਡਾ: ਬਰਜਿੰਦਰ ਸਿੰਘ ਦੇ ਇਹ ਲੇਖ ਸਿਰਫ਼ ਅਖ਼ਬਾਰੀ ਲੇਖਾਂ ਦੀ ਤਰਾਂ ਨਹੀਂ ਹਨ, ਸਗੋਂ ਖੋਜ਼ ਭਰਪੂਰ ਹਨ ਅਤੇ ਸੰਵਾਦ ਰਚਾਉਂਦੇ ਹਨ। ਵਾਤਾਵਰਨ ਦੀ ਸੰਭਾਲ, ਪਾਣੀਆਂ ਦਾ ਮਸਲਾ, ਪਾਣੀਆਂ ਦੀ ਖ਼ਜ਼ੂਲ ਖ਼ਰਚੀ, ਪਾਣੀਆਂ ਦੀ ਘਾਟ ਕਾਰਨ ਵਿਗੜ ਰਹੀ ਅਰਥ ਵਿਵਸਥਾ ਦੀ ਬਾਤ ਪਾਉਂਦੇ ਹਨ। ਉਹਨਾ ਦੀ ਪੁਸਤਕ "ਪਹਿਲਾ ਪਾਣੀ ਜੀਉ ਹੈ", ਨੂੰ ਪੰਜਾਬੀ ਵਾਰਤਕ ਵਿਹੜੇ 'ਚ ਜੀਅ ਆਇਆਂ। ਉਹਨਾ ਦੇ ਇਹਨਾ ਲੇਖਾਂ ਨੇ ਪ੍ਰਸਿੱਧ ਅਮਰੀਕੀ ਆਦਿਵਾਸੀ ਕਵੀ "ਕਰੀ" ਦੀਆਂ ਇਹਨਾ ਸਤਰਾਂ ਦੇ ਸੱਚ ਨੂੰ ਬਿਆਨਿਆਂ ਹੈ:-

"ਜਦੋਂ ਇਸ ਧਰਤੀ ਦਾ ਆਖ਼ਰੀ ਰੁੱਖ ਵੱਢਿਆ ਗਿਆ,
ਜਦੋਂ ਆਖ਼ਰੀ ਦਰਿਆ ਦਾ ਪਾਣੀ ਜ਼ਹਿਰ ਹੋ ਗਿਆ,
ਜਦੋਂ ਆਖ਼ਰੀ ਮੱਛੀ ਫੜੀ ਗਈ ਤਾਂ
ਉਦੋਂ ਸਾਨੂੰ ਸਮਝ ਆਏਗਾ ਕਿ ਪੈਸਿਆਂ ਨੂੰ ਖਾਧਾ ਨਹੀਂ ਜਾ ਸਕਦਾ।"

**-ਗੁਰਮੀਤ ਸਿੰਘ ਪਲਾਹੀ**
-9815802070




## ਪਾਠਕਾਂ ਦਾ ਨਜ਼ਰੀਆ

### ਪੰਜਾਬ ਦੇ ਬੁਲਡੋਜ਼ਰ, ਭਗਵੰਤ ਮਾਨ ਤੇ ਕੁਲਦੀਪ ਸਿੰਘ ਧਾਲੀਵਾਲ

ਪੰਜਾਬ ਦੇ ਲੋਕ, ਜੋ ਪਿਛਲੇ ਸੱਤਰ ਸਾਲਾਂ ਤੋਂ ਰਵਾਇਤੀ ਪਾਰਟੀਆਂ ਦੇ ਲਾਰਿਆਂ ਤੋਂ ਅੱਕ ਈ ਨਹੀਂ, ਬੁਰੀ ਤਰਾਂ ਨਾਲ ਥੱਕ ਵੀ ਚੁੱਕੇ ਸਨ, ਉਨਾਂ ਇਸ ਵਾਰ ਭਗਵੰਤ ਮਾਨ ਤੇ ਕੇਜਰੀਵਾਲ ਤੇ ਵਿਸ਼ਵਾਸ ਕਰਦਿਆਂ, ਬਹੁਤ ਜਿਆਦਾ ਉਮੀਦ ਨਾਲ ਵੋਟਾਂ ਦੀ ਹਨੇਰੀ ਲਿਆ ਕੇ ਆਮ ਆਦਮੀ ਪਾਰਟੀ ਦੀ ਸਪੱਸ਼ਟ ਬਹੁਮਤ ਨਾਲ ਸਰਕਾਰ ਬਣਾਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਹਨੇਰੀ ਵਿਚ ਕਈ ਅਜਿਹੇ ਚਿਹਰਿਆਂ ਦਾ ਵੀ ਦਾਅ ਲੱਗ ਗਿਆ ਹੈ ਜਿਹੜੇ ਸ਼ਾਇਦ ਆਮ ਆਦਮੀ ਦੇ 'ਟਰਿਪਲ ਸੀ' ਦੀ ਇਕ ਵੀ 'ਸੀ' ਨਾ ਪੂਰੇ ਕਰਦੇ ਹੋਣ ਪਰ ਹੁਣ ਤੱਕ ਦੀ ਜੇ ਸਰਕਾਰ ਦੀ ਕਾਰਗੁਜ਼ਾਰੀ ਵੇਖੀਏ ਤਾਂ ਇਸ ਵਿਚ ਪੇਂਡੂ ਵਿਕਾਸ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਉਮੀਦਾਂ 'ਤੇ ਖਰੇ ਉਤਰਦੇ ਜਾਪ ਰਹੇ ਹਨ। ਪੰਜਾਬ ਦੀ ਆਪ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਰਸੂਖਦਾਰ ਲੋਕਾਂ ਵੱਲੋਂ ਦੱਬੀਆਂ ਮਹਿੰਗੀਆਂ ਸਰਕਾਰੀ ਜ਼ਮੀਨਾਂ ਵੱਡੇ ਪੱਧਰ 'ਤੇ ਛੁਡਾਉਣ ਦੇ ਇਨਕਲਾਬੀ ਪਾਇਲਟ ਅਭਿਆਨ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਉਹ ਘੱਟ ਹੈ। ਖਬਰ ਹੈ ਕਿ ਭਗਵੰਤ ਮਾਨ ਵੱਲੋਂ ਵੱਡੇ ਅਫਸਰਾਂ ਤੋਂ ਰੋਜ਼ਾਨਾ ਇਸ ਵਿਸ਼ੇਸ਼ ਕੰਮ ਦੀ ਰਿਪੋਰਟ ਲਈ ਜਾ ਰਹੀ ਹੈ। ਪੰਜਾਬ ਦੀ ਹਰੇਕ ਰਾਜਨੀਤਕ ਪਾਰਟੀ ਦੇ ਕੁੱਝ ਖਾਸ ਚਿਹਰਿਆਂ 'ਤੇ ਸਰਕਾਰ ਦੇ ਇਸ ਇਨਕਲਾਬੀ ਪਵਿੱਤਰ ਕਾਰਜ ਨੇ ਚਿੰਤਾ ਦੀ ਲਕੀਰਾਂ ਪੈਦਾ ਕਰ ਦਿੱਤੀਆਂ ਹਨ, ਜਿਸ ਵਿੱਚ ਹੋਰ ਪਾਰਟੀਆਂ ਤੋਂ ਮਲਾਈ ਛੱਕ ਕੇ ਆਮ ਆਦਮੀ ਪਾਰਟੀ ਵਿੱਚ ਵੜੇ ਕੁੱਝ ਅਖੌਤੀ ਇਨਕਲਾਬੀ ਵੀ ਸ਼ਾਮਲ ਨੇ, ਭਗਵੰਤ ਮਾਨ ਜੀ ਤੇ ਕੁਲਦੀਪ ਧਾਲੀਵਾਲ ਜੀ, ਤੁਸੀਂ ਲੋਕਾਂ ਦੀ ਆਸ ਓ, ਵੇਖਿਓ ਕਿਤੇ ਅਜਿਹੇ ਆਪਣਿਆਂ ਕੋਲ ਆ ਕੇ ਤੁਹਾਡਾ ਬੁਲਡੋਜ਼ਰ ਧੂੰਆਂ ਨਾ ਮਾਰਨ ਲੱਗ ਜਾਏ ਕਿਉਂਕਿ ਤੁਹਾਡੀ ਇਸ ਕਬਜਾ ਛੁਡਾਉ ਮੁਹਿੰਮ ਤੋਂ ਪੰਜਾਬ ਦੀਆਂ ਹੋਰ ਰਾਜਨੀਤਕ ਪਾਰਟੀਆਂ ਨਾਲ ਸੰਬੰਧਤ ਇਮਾਨਦਾਰ ਲੋਕਾਂ ਨੂੰ ਵੀ ਬਹੁਤ ਆਸ ਹੈ।

ਹੁਣ ਤੱਕ ਆਪਾਂ ਆਮ ਲੋਕਾਂ ਨੇ ਕਦੇ ਸੋਚਿਆ ਵੀ ਨੀਂ ਹੋਣਾ ਕਿ ਸਰਕਾਰ ਦੀ ਕਰੋੜਾਂ-ਅਰਬਾਂ ਦੀ ਇਹ ਜਾਇਦਾਦ ਹਰੇਕ ਪਿੰਡ-ਸ਼ਹਿਰ ਵਿਚ ਡੰਡੇ ਦੇ ਜੋਰ ਨਾਲ ਸ਼ਰੇਆਮ ਦੱਬ ਕੇ, ਇਹ ਭ੍ਰਿਸ਼ਟ ਰਸੂਖਦਾਰ ਲੋਕ ਸਰਦਾਰੀਆਂ ਚਲਾ ਰਹੇ ਹਨ। ਚੰਡੀਗੜ ਲਾਗੇ ਛੁਡਾਏ, 29 ਕਿਲਿਆਂ ਦੇ ਇਕੋ ਟੱਕ ਦੀ ਕੀਮਤ ਦਾ ਅੰਦਾਜਾ ਲਾਓ, ਸਿਰ ਚਕਰਾ ਜਾਵੇਗਾ। ਤੁਸੀਂ ਹੈਰਾਨ ਹੋ ਜਾਣਾ ਹੈ ਸੁਣ ਕੇ ਕਿ ਪੰਜਾਬ ਦੀ ਲਗਭਗ 25000 ਕਿਲੇ ਜ਼ਮੀਨ 'ਤੇ ਅਜੇ ਵੀ ਨਜਾਇਜ਼ ਕਬਜਾ ਹੈ ਅਤੇ ਇਹ ਜ਼ਮੀਨ ਵੀ ਕੋਈ ਰੇਤਲੀ, ਪਛੜੀ ਜਾਂ ਪੇਂਡੂ ਨਹੀਂ ਸਗੋਂ ਇਹ ਭੂਮੀ ਚੰਡੀਗੜ, ਜਲੰਧਰ, ਅੰਮ੍ਰਿਤਸਰ ਤੇ ਲੁਧਿਆਣੇ ਵਰਗੇ ਸ਼ਹਿਰਾਂ ਦੇ ਲਾਗੇ ਦੀ ਉਹ ਜ਼ਮੀਨ ਹੈ ਜਿਸਦਾ ਰੇਟ ਕਿਲਿਆਂ ਦੇ ਹਿਸਾਬ ਨਾਲ ਨਹੀਂ ਸਗੋਂ ਇੰਚਾਂ ਦੇ ਹਿਸਾਬ ਨਾਲ ਤੈਅ ਹੁੰਦਾ ਹੈ। ਹੁਣ ਇਹ ਜ਼ਮੀਨ ਕਿਨਾਂ ਲੋਕਾਂ ਨੇ ਦੱਬੀ ਹੋਈ ਹੈ, ਇਹ ਮੈਨੂੰ ਦੱਸਣ ਦੀ ਲੋੜ ਨਹੀਂ, ਆਮ ਬੰਦੇ ਦੀ ਤਾਂ ਆਪਣੀ ਖਰੀਦੀ ਜ਼ਮੀਨ ਦੇ ਕਾਗਜ਼ ਪੂਰੇ ਕਰਵਾਉਣ ਲਈ ਵੀ ਸਰਕਾਰੀ ਦਫ਼ਤਰਾਂ ਦੇ ਭ੍ਰਿਸ਼ਟ ਪ੍ਰਬੰਧ ਵਿਚ ਚੀਕਾਂ ਨਿਕਲ ਜਾਂਦੀਆਂ ਹਨ। ਰਾਜਨੀਤਕ ਲੋਕਾਂ ਦੀ ਤੇ ਸਰਕਾਰ ਦੀ ਪੁਸ਼ਤਪਨਾਹੀ ਤੋਂ ਬਿਨਾਂ ਸਰਕਾਰੀ ਜ਼ਮੀਨ 'ਤੇ ਕਬਜਾ ਕਰਨਾ ਸੰਭਵ ਹੀ ਨਹੀਂ ਹੈ। ਪੰਜਾਬ ਦੇ ਲਗਭਗ ਹਰੇਕ ਪਿੰਡ ਵਿਚ ਪਤਾ ਹੀ ਨਹੀਂ ਕਿੰਨੇ ਹੀ ਸਾਲਾਂ ਤੋਂ ਆਪਣੀ ਰਾਜਨੀਤਕ ਤਾਕਤ ਰਾਹੀਂ ਧੱਕੜ ਤੇ ਤਾਕਤਵਰ ਲੋਕਾਂ ਵੱਲੋਂ ਸਰਕਾਰੀ ਜ਼ਮੀਨਾਂ ਦੱਬ ਕੇ, ਉਸੇ ਦੀ ਕਮਾਈ ਨਾਲ ਆਪਣੇ ਆਲੀਸ਼ਾਨ ਮਹਿਲ ਉਸਾਰੇ ਹੋਏ ਹਨ।

ਭਗਵੰਤ ਮਾਨ ਜੀ, ਇਹ ਪੰਜਾਬ ਨੂੰ ਦੀਮਕ ਵਾਂਗ ਚੱਟਣ ਵਾਲੀ ਵਿਸ਼ੇਸ਼ ਪ੍ਰਜਾਤੀ ਪਿੰਡਾਂ ਤੱਕ ਹੀ ਸੀਮਤ ਨਹੀਂ ਹੈ। ਹਰੇਕ ਸ਼ਹਿਰ ਵਿਚ ਅਰਬਾਂ ਰੁਪਏ ਦੀ ਸਰਕਾਰੀ ਜਾਇਦਾਦ ਇਨਾਂ ਡਾਂਗ ਦੇ ਜੋਰ ਨਾਲ ਦੱਬ ਰੱਖੀ ਹੈ। ਸ਼ਹਿਰਾਂ ਦੀਆਂ ਸਭ ਤੋਂ ਮੌਕੇ ਦੀਆਂ ਥਾਂਵਾਂ 'ਤੇ ਧੱਕੇ ਨਾਲ ਵਿਰਾਜਮਾਨ ਹੋ ਕੇ ਇਸ ਦੀਮਕ ਨੇ ਸਰਕਾਰੀ ਖਜ਼ਾਨੇ ਨੂੰ ਵੱਡਾ ਖੋਰਾ ਲਾਇਆ ਹੈ। ਇਨਾਂ ਲੋਕਾਂ ਨੇ ਸਰਕਾਰੀ ਜ਼ਮੀਨਾਂ 'ਤੇ ਕਬਜੇ ਕਰਕੇ ਬਹੁਮੰਜਿਲੀ ਇਮਾਰਤਾਂ ਖੜੀਆਂ ਕਰ ਵੱਡੇ ਹੋਟਲ, ਸ਼ੋਅ-ਰੂਮ ਤੇ ਆਪਣੇ ਹੋਰ ਵਪਾਰ ਚਲਾ ਰੱਖੇ ਹਨ, ਇਸ ਕਰਕੇ ਪਿੰਡਾਂ ਦੇ ਨਾਲ-ਨਾਲ ਬੁਲਡੋਜ਼ਰ ਦਾ ਮੂੰਹ ਸ਼ਹਿਰਾਂ ਵੱਲ ਵੀ ਘੁਮਾਉਣਾ ਬੇਹੱਦ ਜਰੂਰੀ ਹੈ। ਇਸ ਗੋਰਖਧੰਦੇ ਵਿੱਚ ਸਿਰਫ ਰਾਜਨੀਤਕ ਲੋਕ ਹੀ ਨਹੀਂ, ਕੁੱਝ ਭ੍ਰਿਸ਼ਟ ਸਰਕਾਰੀ ਅਫ਼ਸਰ ਵੀ ਮਲਾਈ ਛੱਕ ਰਹੇ ਹਨ। ਦਰਅਸਲ ਇਹ ਕਬਜੇ ਜਿਨਾਂ ਵੀ ਲੋਕਾਂ ਵੱਲੋਂ ਕੀਤੇ ਹੋਏ ਹਨ, ਉਹ ਸਾਰੇ ਹੀ ਆਪਣੇ ਇਲਾਕੇ ਦੀਆਂ ਅਜਿਹੀਆਂ ਸ਼ਖਸੀਅਤਾਂ ਹਨ ਜਿਨਾਂ ਖਿਲਾਫ ਬੋਲਣ ਲੱਗਿਆਂ ਆਮ ਬੰਦੇ ਦੀਆਂ ਹੀ ਨਹੀਂ, ਕਹਿੰਦੇ-ਕਹਾਉਂਦਿਆਂ ਦੀਆਂ ਵੀ ਲੱਤਾਂ ਭਾਰ ਨੀਂ ਝੱਲਦੀਆਂ। ਕੁੱਝ ਕੁ ਰਾਜਨੀਤਕ ਵਿਰੋਧੀ, ਇਸਨੂੰ ਸਰਕਾਰ ਦੀ ਬਦਲਾਖੋਰੀ ਦੀ ਕਾਰਵਾਈ ਆਖਦਿਆਂ ਅਸਿੱਧੇ ਢੰਗ ਨਾਲ ਇਨਾਂ ਭ੍ਰਿਸ਼ਟ ਲੋਕਾਂ ਦੇ ਨਾਲ ਖੜ ਕੇ ਵਿਰੋਧ ਲਈ ਵਿਰੋਧ ਕਰਨ ਦਾ ਕਾਰਜ ਨੇਪਰੇ ਚਾੜਨ ਵਿੱਚ ਮਸ਼ਗੂਲ ਹਨ। ਭਗਵੰਤ ਮਾਨ ਜੀ ਤੇ ਕੁਲਦੀਪ ਧਾਲੀਵਾਲ ਜੀ, ਤੁਸੀਂ ਬੇਹਤਰੀਨ ਕੰਮ ਕਰ ਰਹੇ ਹੋ, ਤੁਸੀਂ ਵਧਾਈ ਦੇ ਪਾਤਰ ਓ, ਕ੍ਰਿਪਾ ਕਰਕੇ ਥੋੜੀ ਜਿਹੀ ਇਸ਼ਤਿਹਾਰਬਾਜੀ ਘੱਟ ਕਰਦਿਆਂ, ਨਿਰਪੱਖ ਹੋ ਕੇ, ਧੱਕ ਦਿਓ ਬੁਲਡੋਜ਼ਰ, ਪੂਰਾ ਪੰਜਾਬ ਤੁਹਾਡੇ ਨਾਲ ਹੈ। ਤੁਹਾਡਾ ਆਗਾਜ ਸ਼ਾਨਦਾਰ ਏ, ਆਸ ਏ ਅੰਜਾਮ ਵੀ ਸ਼ਾਨਦਾਰ ਰਹੇਗਾ।

**ਅਸ਼ੋਕ ਸੋਨੀ,**
**ਮੋ. 9872705078**

### ਮਤਲਬ ਦੇ ਰਿਸ਼ਤਿਆਂ ਦੇ ਟੁੱਟ ਜਾਣ 'ਤੇ ਕਦੇ ਅਫ਼ਸੋਸ ਨਾ ਕਰੋ

ਰਿਸ਼ਤਿਆਂ ਤੇ ਦੋਸਤੀ ਦੀ ਬੁਨਿਆਦ ਸੱਚ 'ਤੇ ਹੀ ਟਿਕੀ ਹੋਈ ਹੈ।ਜੇਕਰ ਅਸੀਂ ਕੋਈ ਵੀ ਰਿਸ਼ਤਾ ਸੱਚ ਦੀ ਨੀਂਹ 'ਤੇ ਖੜਾ ਕਰਾਂਗੇ ਤਾਂ ਜਿਆਦਾ ਸਮੇਂ ਤੱਕ ਮਜ਼ਬੂਤ ਰਹੇਗਾ।ਜੇਕਰ ਅਸੀਂ ਕੋਈ ਰਿਸ਼ਤਾ ਝੂਠ ਤੇ ਮਤਲਬ ਨਾਲ ਬਣਾਉਂਦੇ ਹਾਂ ਤਾਂ ਜਲਦੀ ਹੀ ਕੁੱਝ ਪਲਾਂ ਵਿੱਚ ਖੇਰੂੰ-ਖੇਰੂੰ ਹੋ ਜਾਵੇਗਾ। ਯਾਦ ਰੱਖਿਓ ਇੱਕ ਝੂਠ ਦੇ ਬਣਾਏ ਰਿਸ਼ਤੇ ਨੂੰ ਬਚਾਉਣ ਲਈ ਲੱਖਾਂ ਝੂਠ ਬੋਲਣੇ ਪੈਣਗੇ।ਝੂਠੇ ਤੇ ਮਤਲਬੀ ਲੋਕ ਕਦੇ ਕਿਸੇ ਦੇ ਚੰਗੇ ਦੋਸਤ ਨਹੀਂ ਬਣ ਸਕਦੇ।

ਮਤਲਬੀ ਲੋਕ ਆਪਣੇ ਮਤਲਬ ਲਈ ਕੁਝ ਵੀ ਕਰ ਸਕਦੇ ਆ ਪਰ ਧਿਆਨ ਰੱਖੋ ਕੇ ਰਿਸ਼ਤਿਆਂ ਨੂੰ ਨਿਭਾਉਣਾ ਕਿੱਦਾਂ ਤੇ ਬਚਾਉਣਾ ਕਿੱਦਾਂ ਹੈ ਤਾਂ ਕਿ ਲੋਕਾਂ ਦਾ ਰਿਸ਼ਤਿਆਂ 'ਤੇ ਯਕੀਨ ਬਣਿਆ ਰਹੇ। ਅੱਜ ਕੱਲ ਮਤਲਬੀ ਲੋਕਾਂ ਨੇ ਦੁਨੀਆਂ 'ਤੇ ਅਜਿਹਾ ਅਸਰ ਪਾਇਆ ਹੈ, ਦੁਨੀਆਂ 'ਤੇ ਕਿਸੇ ਦਾ ਹਾਲ ਵੀ ਪੁੱਛੋ ਤਾਂ ਲੋਕ ਸਮਝਦੇ ਨੇ ਕੋਈ ਕੰਮ ਹੋਣਾ।ਮਤਲਬੀ ਲੋਕ ਉੱਪਰੋਂ ਕੁੱਝ ਹੋਰ ਹੁੰਦੇ ਹਨ ਤੇ ਅੰਦਰੋਂ ਕੁੱਝ ਹੋਰ, ਭਾਵ ਮਤਲਬੀ ਲੋਕ ਕਹਿੰਦੇ ਕੁੱਝ ਹੋਰ ਹਨ ਤੇ ਕਰਦੇ ਕੁੱਝ ਹੋਰ ਹਨ। ਇੱਕ ਸਾਫ ਦਿਲ ਇਨਸਾਨ ਮਤਲਬੀ ਲੋਕਾਂ ਨਾਲ ਰਹਿਣਾ ਤਾਂ ਦੂਰ ਉਨਾਂ ਨੂੰ ਦੇਖਣਾ ਵੀ ਪਸੰਦ ਨਹੀਂ ਕਰੇਗਾ। ਕਿਉਂਕਿ ਮਤਲਬੀ ਲੋਕਾਂ ਦੇ ਦਿੱਤੇ ਜ਼ਖ਼ਮ ਇੱਕ ਸਾਫ ਦਿਲ ਇਨਸਾਨ ਨੂੰ ਝੰਜੋੜ ਕੇ ਰੱਖ ਦਿੰਦੇ ਹਨ। ਠੀਕ ਹੀ ਕਿਹਾ ਹੈ ਕਿਸੇ ਨੇ ਕਿ :

ਮੰਗ ਕੇ ਖਾਣ ਨਾਲੋਂ,
ਕਰਨੀ ਮਜ਼ਦੂਰੀ ਚੰਗੀ ਏ,
ਅੱਜ ਕੱਲ ਦੇ ਮਤਲਬੀ ਲੋਕਾਂ ਤੋਂ ਥੋੜੀ ਦੂਰੀ ਚੰਗੀ ਏ।

ਇਸ ਮਤਲਬੀ ਦੁਨੀਆਂ ਵਿੱਚ ਕੋਈ ਕਿਸੇ ਦਾ ਆਪਣਾ ਨਹੀਂ ਖ਼ਾਸ ਕਰਕੇ ਮਾਲਬੀ ਤੇ ਝੂਠੇ ਲੋਕ ਕਦੇ ਕਿਸੇ ਦੇ ਸਕੇ ਨਹੀਂ ਹੁੰਦੇ ਹਨ ਹਮੇਸ਼ਾ ਆਪਣੇ ਫਾਇਦੇ ਲਈ ਹੀ ਜੁੜੇ ਹੁੰਦੇ ਹਨ।ਕਈ ਦੋਸਤ ਮਤਲਬ ਲਈ ਸਾਡੀ ਏਨੀ ਕੁ ਖੁਸ਼ਾਮਦ ਕਰ ਦਿੰਦੇ ਹਨ ਕਿ ਅਸੀਂ ਉਸਦੇ ਹੀ ਹੋਕੇ ਰਹਿ ਜਾਂਦੇ ਹਾਂ।ਜਦੋਂ ਉਨਾਂ ਦਾ ਮਤਲਬ ਨਿਕਲ ਜਾਂਦਾ ਹੈ ਤਾਂ ਦੋ ਚਾਰ ਦਿਨਾਂ ਬਾਅਦ ਉਹ ਇਹ ਕਹਿ ਦਿੰਦੇ ਹਨ ਬੱਸ ਯਾਰ ਹੋਰ ਨਹੀਂ ਨਿਭਦੀ, ਤੇਰੀ ਮੇਰੀ ਸੋਚ ਨਹੀਂ ਮਿਲਦੀ ਤੇਰੇ ਨਾਲ ਰਹਿਣਾ ਗੱਲ ਕਰਨੀ ਮਜਬੂਰੀ ਸੀ, ਮੈਨੂੰ ਮੁਆਫ ਕਰ ਦੇ ਦੋਸਤ ਮੈਂ ਮਜਬੂਰ ਹਾਂ ਇਹ ਕਹਿ ਕੇ ਪੱਲਾ ਛੁਡਾ ਲੈਂਦੇ ਹਨ, ਉਹ ਨਹੀਂ ਸੋਚਦੇ ਜਿਸ ਇਨਸਾਨ ਨੇ ਤੁਹਾਨੂੰ ਆਪਣਾ ਬਣਾ ਹੀ ਲਿਆ ਹੋਵੇ ਉਸਨੂੰ ਇਸ ਤਰਾਂ ਤੋੜਨਾ ਉਸਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਸਾਫ ਦਿਲ ਨੂੰ ਤੋੜਨਾ ਸਭ ਤੋਂ ਵੱਡਾ ਜੁਰਮ ਹੈ। ਕਹਿੰਦੇ ਹਨ ਕਿ ਪਿਆਰ ਤੇ ਦੋਸਤੀ ਵਿੱਚ ਕੀਤੇ ਗਏ ਧੋਖੇ ਦੀ ਕੋਈ ਮੁਆਫੀ ਨਹੀਂ ਹੁੰਦੀ। ਏਥੇ ਕੋਈ ਪਿਆਰ ਨਹੀਂ ਹੈ, ਕੋਈ ਦੋਸਤ ਨਹੀਂ, ਕੋਈ ਭੈਣ-ਭਰਾ ਨਹੀਂ, ਝੂਠੇ ਤੇ ਮਤਲਬੀ ਲੋਕਾਂ ਨੇ ਸਾਰੇ ਰਿਸ਼ਤੇ ਖਤਮ ਕਰ ਦਿੱਤੇ ਹਨ। ਕੋਈ ਟਾਵਾਂ ਹੀ ਹੋਵੇਗਾ ਜੋ ਇਨਾਂ ਰਿਸ਼ਤਿਆਂ ਨੂੰ ਇਮਾਨਦਾਰੀ ਨਾਲ ਨਿਭਾ ਰਿਹਾ ਹੋਵੇਗਾ।ਮੇਰੇ ਅਨੁਸਾਰ ਕੁੱਝ ਮਤਲਬੀ ਲੋਕ ਦੋਸ਼ ਤਰਾਂ ਦੇ ਵੀ ਹੁੰਦੇ ਹਨ :-

ਇਸ ਦੁਨੀਆਂ ਵਿੱਚ ਮੱਦਦਗਾਰ ਬੜੇ ਨੇ,
ਪਲ ਵਿੱਚ ਆਪਣਾ ਬਣਾ ਲੈਣ,
ਪਲ ਵਿੱਚ ਵਿਸਾਰ ਦੇਣ,
ਇਹੋ ਜਿਹੇ ਖੁਦਗਾਰ ਬੜੇ ਨੇ।
ਕੰਮ ਦੇ ਨਾਲ ਮਤਲਬ ਰੱਖਦੇ,
ਪਿੱਠ ਪਿੱਛੇ ਆਪਣੇ ਹੀ ਠੱਗਦੇ,
ਸਭ ਕੁੱਝ ਲੁੱਟ ਲੈ ਜਾਣ,
ਪੈਸੇ ਦੇ ਯਾਰ ਬੜੇ ਨੇ।
ਕਈ ਫੁੱਲਾਂ ਦੀ ਤਰਾਂ ਮੁਸਕਰਾਉਂਦੇ,
ਸਾਰਿਆਂ ਦੇ ਦਿਲਾਂ ਨੂੰ ਭਾਉਂਦੇ,
ਪਰ ਫੁੱਲਾਂ ਨਾਲ ਵੀ ਖਾਰ ਬੜੇ ਨੇ।
ਧਾਲੀਵਾਲ ਕਈ ਝੂਠ ਨੂੰ ਸੱਚ ਕਹਿੰਦੇ,
ਤੇ ਸੱਚ ਨੂੰ ਝੁਠਲਾਉਂਦੇ,
ਗਗਨ ਦੁਨੀਆਂ ਤੇ ਮਤਲਬੀ ਯਾਰ ਬੜੇ ਨੇ।

ਕੁੱਝ ਲੋਕ ਗਿਰਗਟ ਦੀ ਤਰਾਂ ਹੁੰਦੇ ਹਨ ਜੋ ਮਤਲਬ ਨਿਕਲਦਿਆਂ ਹੀ ਰੰਗ ਬਦਲ ਲੈਂਦੇ ਹਨ।ਜੋ ਲੋਕ ਕਹਿੰਦੇ ਹਨ ਕਿ ਭਰੋਸਾ ਕਰੋ ਅਸੀਂ ਦੂਜਿਆਂ ਵਰਗੇ ਨਹੀਂ ਅਸਲ ਵਿੱਚ ਉਹੀ ਹੀ ਭਾਵਨਾਵਾਂ ਨਾਲ ਖੇਡਦੇ ਹਨ। ਮੌਕਾਪ੍ਰਸਤ ਲੋਕ ਜ਼ੁਬਾਨ ਦੇ ਥੋੜੇ ਜਿਆਦਾ ਮਿੱਠੇ ਹੁੰਦੇ ਹਨ। ਮਤਲਬੀ ਤੇ ਝੂਠੇ ਲੋਕਾਂ ਕੋਲ ਮਤਲਬ ਕੱਢਣ ਦੇ ਬਹੁਤ ਤਰੀਕੇ ਹੁੰਦੇ ਹਨ ਉਹ ਖ਼ੁਦ ਹੀ ਗਵਾਹ ਬਣ ਜਾਂਦੇ ਹਨ ਤੇ ਖ਼ੁਦ ਹੀ ਵਕੀਲ ਆਪ ਹੀ ਜੱਜ ਬਣ ਜਾਂਦੇ ਹਨ। ਕਿਸੇ ਨੇ ਬਾਖੂਬੀ ਮਤਲਬੀ ਲੋਕਾਂ ਬਾਰੇ ਕਿਹਾ ਹੈ :

'ਮਤਲਬੀ ਲੋਕਾਂ ਨਾਲ ਰਹਿਣ ਦਾ ਮਜ਼ਾ ਹੀ ਵੱਖਰਾ ਹੈ,
ਥੋੜੀ ਤਕਲੀਫ ਤਾਂ ਦਾ ਜ਼ਰੂਰ ਹੁੰਦੀ ਹੈ ਪਰ ਦੁਨੀਆਂ ਦੇ ਦਰਸ਼ਨ ਉਨਾਂ ਦੇ ਅੰਦਰ ਹੋ ਜਾਂਦੇ ਹਨ।'

ਮਤਲਬੀ ਦੋਸਤ ਹਮੇਸ਼ਾ ਤੁਹਾਨੂੰਮ ਝੂਠ ਇਸ ਤਰਾਂ ਦੱਸਣਗੇ ਕਿ ਤੁਹਾਨੂੰ ਸੁਣਨ ਨੂੰ ਵਧੀਆਂ ਲੱਗੇ। ਬਿਲਕੁਲ ਠੀਕ ਕਿਹਾ ਹੈ ਕਿ-ਮਤਲਬ ਦਾ ਵਜਨ ਬਹੁਤ, ਜਿਆਦਾ ਹੈ, ਤਾਂ ਹੀ ਤਾਂ ਮਤਲਬ ਨਿਕਲਦੇ ਹੀ ਰਿਸ਼ਤੇ ਹਲਕੇ ਹੋ ਜਾਂਦੇ ਹਨ। ਮਤਲਬ ਨਾਲ ਕੀਤਾ ਪਿਆਰ ਕਿਤੇ ਨਾ ਕਿਤੇ ਬੰਦੇ ਨੂੰ ਏਹੋ ਜੀ ਠੋਕਰ ਮਾਰਦਾ ਬੰਦਾ ਕਿਸੇ ਕੰਮ ਦੀ ਨੀ ਰਹਿੰਦਾ। ਕਦੇ ਉਨਾਂ ਦੀ ਕਦਰ ਕਰਕੇ ਦੇਖੋ ਜੋ ਤੁਹਾਨੂੰ ਬਿਨਾਂ ਮਤਲਬ ਤੋਂ ਪਿਆਰ ਕਰਦੇ ਹਨ। ਪਤਾ ਨਹੀਂ ਲੱਗਿਆ ਹਾਲੇ ਤੱਕ ਮੈਨੂੰ ਵੀ ਕਿ ਮਤਲਬ ਲਈ ਲੋਕ ਕਿਉਂ ਮੇਹਰਬਾਨ ਹੁੰਦੇ ਹਨ। ਅੱਜ ਦੇ ਸਮੇਂ ਵਿੱਚ ਕੋਈ ਸੱਚਾ ਪਿਆਰ, ਸੱਚਾ ਰਿਸ਼ਤਾ ਨਹੀਂ ਹੈ, ਸਾਰੇ ਜੜੀਂ ਮਤਲਬ ਨਾਲ ਬੱਝੇ ਹੋਏ ਹਨ, ਅੱਜ ਕੱਲ ਪਿਆਰ ਦਾ ਕੋਈ ਮਤਲਬ ਨਹੀਂ ਹੈ।

ਪਰ ਹਾਂ ਅੱਜ ਕੱਲ ਮਤਲਬ ਦਾ ਪਿਆਰ ਜਰੂਰ ਹੁੰਦਾ ਹੈ। ਅੱਜ ਤਾਂ ਮਤਲਬੀ ਲੋਕ ਇਥੋਂ ਤੱਕ ਗਿਰ ਚੁੱਕੇ ਹਨ ਕਿ ਰੱਬ ਵੀ ਮਤਲਬੀ ਲੋਕਾਂ ਨੂੰ ਬਦਲ ਨਹੀਂ ਸਕਿਆ ਜਦ ਕਿ ਮਤਲਬੀ ਲੋਕਾਂ ਨੇ ਅਨੇਕਾਂ ਰੱਬ ਬਦਲ ਲਏ ਹਨ। ਹਮੇਸ਼ਾ ਰਿਸ਼ਤੇ ਸਮਝਦਾਰੀ ਨਾਲ ਨਿਭਾਉਣੇ ਚਾਹੀਦੇ ਹਨ ਜਿਸ ਵਿੱਚ ਮਤਲਬ ਜਾਂ ਝੂਠ ਸ਼ਬਦ ਆ ਜਾਵੇ ਉਹ ਰਿਸ਼ਤੇ ਰਿਸ਼ਤੇ ਨਹੀਂ ਰਹਿੰਦੇ। ਉਨਾਂ ਰਿਸ਼ਤਿਆਂ ਦੇ ਟੁੱਟਣ ਤੇ ਅਫਸੋਸ ਨਹੀਂ ਸ਼ੁਕਰ ਕਰਨਾ ਚਾਹੀਦਾ ਜਿਹੜੇ ਮਤਲਬ ਦੇ ਹੋਣ।

ਯਾਦ ਰੱਖਿਓ ਹਮੇਸ਼ਾ ਇੱਕ ਪ੍ਰਮਾਤਮਾ ਤੇ ਮਾਂ ਦਾ ਪਿਆਰ ਹੀ ਸੱਚਾ ਹੈ, ਬਿਨਾ ਮਤਲਬ ਦੇ ਹੈ। ਸ਼ਾਇਰ ਨੇ ਸਹੀ ਕਿਹਾ ਹੈ : -

'ਇੱਕ ਮਾਂ ਦੂਜਾ ਰੱਬ ਮੈਨੂੰ ਦੋਵੇਂ ਆ ਪਿਆਰੇ
ਬਾਕੀ ਮਤਲਬ ਨਿਕਲੇ ਤੇ ਭੁੱਲ ਜਾਂਦੇ ਸਾਰੇ'

ਕੁੱਝ ਲੋਕ ਸਿਰਫ ਮਤਲਬ ਲਈ ਹੀ ਤੁਹਾਡੇ ਨਾਲ ਰਹਿਣਾ ਪਸੰਦ ਕਰਦੇ ਹਨ ਤੇ ਕੁੱਝ ਲੋਕਾਂ ਦੀ ਵਫਾ ਅਕਸਰ ਉੱਥੋਂ ਤੱਕ ਹੀ ਹੁੰਦੀ ਹੈ ਜਿੱਥੋਂ ਤੱਕ ਉਨਾਂ ਨੂੰ ਮਤਲਬ ਹੁੰਦਾ ਹੈ। ਮਤਲਬ ਲੋਕਾਂ ਓਨੇ ਰਿਸ਼ਤਿਆਂ ਦਾ ਵਪਾਰ ਬਣਾ ਦਿੱਤਾ ਜਦੋਂ ਜੀ ਚਾਹੇ ਬਣਾ ਲਵੋ ਜਦੋਂ ਜੀ ਕੀਤਾ ਤੋੜ ਦੇਵੋ । ਕਦਰ ਕਰੋ ਉਨਾਂ ਦੀ ਜੋ ਤੁਹਾਨੂੰ ਬਿਨਾ ਮਤਲਬ ਦੇ ਚਾਹੁੰਦੇ ਨੇ ਕਿਉਂਕਿ ਦੁਨੀਆਂ ਵਿੱਚ ਖਿਆਲ ਰੱਖਣ ਵਾਲੇ ਘੱਟ ਤੇ ਤਕਲੀਫ ਦੇਣ ਵਾਲੇ ਜਿਆਦਾ ਮਿਲਦੇ ਹਨ। ਅੱਜ ਦੇ ਯੁੱਗ ਵਿੱਚ ਪਿਆਰ ਅਤੇ ਮਤਲਬ ਰੇਤ ਵਿੱਚ ਮਿਲੀ ਹੋਈ ਖੰਡ ਵਾਂਗ ਹਨ ਜਿਨਾਂ ਨੂੰ ਅੱਡ-ਅੱਡ ਕਰਨਾ ਮੁਸ਼ਕਿਲ ਹੀ ਨਹੀਂ ਅਸੰਭਵ ਹੈ। ਮਤਲਬੀ ਲੋਕਾਂ ਨੂੰ ਕਦੇ ਵੀ ਚੈਨ ਨਹੀਂ ਮਿਲਦਾ, ਉਹ ਹਮੇਸ਼ਾ ਭਟਕਦੇ ਰਹਿੰਦੇ ਹਨ, ਨਾ ਹੀ ਕੋਈ ਮੂੰਹ ਲਾਉਂਦਾ ਹੈ।ਮਤਲਬੀ ਲੋਕ ਚੰਗੇ ਲੋਕਾਂ ਦੀ ਜ਼ਿੰਦਗੀ ਵਿੱਚ ਜਿਆਦਾ ਸਮਾਂ ਨਹੀਂ ਠਹਿਰ ਦੇ ਕਿਉਂਕਿ ਸਮਝਦਾਰ ਲੋਕ ਹਮੇਸ਼ਾ ਹੀ ਤੁਹਾਡੇ ਤੋਂ ਕਿਨਾਰਾ ਕਰ ਲੈਂਦੇ ਹਨ। ਝੂਠੇ ਲੋਕ ਹਮੇਸ਼ਾ ਕਿਸੇ ਦੀ ਇਮਾਨਦਾਰੀ ਤੇ ਮਾਸੂਮੀਅਤ ਦਾ ਫਾਇਦਾ ਉਠਾਉਂਦੇ ਹਨ ਤੇ ਉਨਾਂ ਦੇ ਫੁੱਲਾਂ ਜਿਹੇ ਦਿਲ ਨੂੰ ਝੰਜੋੜ ਕੇ ਰੱਖ ਦਿੰਦੇ ਹਨ ਜੋ ਕਿ ਸਭ ਤੋਂ ਵੱਡਾ ਜੁਰਮ ਹੈ। ਉਨਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ, ਜਦੋਂ ਜੀ ਭਰ ਜਾਂਦਾ ਹੈ ਤਾਂ ਦੂਰ ਹੋਣ ਦੇ ਬਹਾਨੇ ਘੜਦੇ ਹਨ। ਅਜਿਹੇ ਲੋਕਾਂ ਤੋਂ ਜਿੰਨਾ ਬਚਿਆ ਜਾਵੇ ਚੰਗਾ ਹੈ।ਕਦੇ ਵੀ ਕਿਸੇ ਨਾਲ ਮਾੜਾ ਵਿਵਹਾਰ ਨਾ ਕਰੋ, ਨਾ ਹੀ ਕੋਈ ਮਤਲਬ ਦਾ ਰਿਸ਼ਤਾ ਬਣਾਓ, ਜਦੋਂ ਕੋਈ ਮਤਲਬ ਦਾ ਬਣਾਇਆ ਰਿਸ਼ਤਾ ਟੁੱਟਦਾ ਹੈ ਤਾਂ ਪਤਾ ਨਹੀਂ ਕਿੰਨਿਆਂ ਦਾ ਵਿਸ਼ਵਾਸ ਚਕਨਾਚੂਰ ਹੋ ਜਾਂਦਾ ਹੈ ਅਤੇ ਕਿੰਨੇ ਹੀ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਮਤਲਬ ਦੇ ਰਿਸ਼ਤਿਆਂ ਤੋਂ ਹਮੇਸ਼ਾ ਦੂਰੀ ਬਣਾ ਕੇ ਰੱਖੋ।

**ਗਗਨਦੀਪ ਧਾਲੀਵਾਲ**
**ਝਲੂਰ ਬਰਨਾਲਾ**

# ਪੰਜਾਬ ਦੀਆਂ ਖੇਡਾਂ ਨੂੰ ਮੁੜ ਪੁਰਾਣੀਆਂ ਲੀਹਾਂ ’ਤੇ ਲਿਆਉਣ ਦੀ ਲੋੜ

**ਜਤਿੰਦਰ ਸਾਬੀ**
**ਮੋਬਾਈਲ : 98729-78781**

ਸੂਬੇ ਵਿਚ ਨਵੀਂ ਸਰਕਾਰ ਬਣਨ ਨਾਲ ਵੀ ਪੰਜਾਬ ਦੀਆਂ ਖੇਡਾਂ ਦੀ ਦਸ਼ਾ ਵਿਚ ਕੋਈ ਸੁਧਾਰ ਵੇਖਣ ਨੂੰ ਨਹੀਂ ਮਿਲਿਆ ਹੈ। ਪਿਛਲੀਆਂ ਸਰਕਾਰਾਂ ਵਾਂਗ ਹੀ ਖੇਡਾਂ ਤੇ ਖਿਡਾਰੀਆਂ ਦੀ ਦੁਰਦਸ਼ਾ ਵੇਖਣ ਨੂੰ ਮਿਲ ਰਹੀ ਹੈ। ਇਸ ਵੇਲੇ ਖੇਲੋ ਇੰਡੀਆ ਯੂਨੀਵਰਸਿਟੀ ਗੇਮਾਂ ਖ਼ਤਮ ਹੋ ਗਈਆਂ ਹਨ ਤੇ ਖੇਲੋ ਇੰਡੀਆ ਯੂਥ ਗੇਮਜ਼ 4 ਜੂਨ ਤੋਂ ਸ਼ੁਰੂ ਹੋਣ ਵਾਲੀਆਂ ਹਨ, ਨਾਲ ਹੀ ਏਸ਼ੀਅਨ ਗੇਮਜ਼ ਤੇ ਰਾਸ਼ਟਰਮੰਡਲ ਖੇਡਾਂ ਦਾ ਵੀ ਇਸ ਸਾਲ ਵਿਚ ਆਯੋਜਨ ਕੀਤਾ ਜਾਣਾ ਹੈ। ਇਕ ਤਰਾਂ ਨਾਲ ਸੂਬੇ ਦੇ ਖਿਡਾਰੀਆਂ ਦੇ ਅੱਗੇ ਵੱਡੇ ਚੈਲੰਜ ਖੜੇ ਹਨ। ਪਰ ਇਨਾਂ ਵਿਚ ਪੰਜਾਬ ਖੇਡ ਵਿਭਾਗ ਨੇ ਸੂਬੇ ਦੇ ਖਿਡਾਰੀਆਂ ਦੀ ਕਿਸ ਤਰਾਂ ਨਾਲ ਸਫਲ ਸ਼ਮੂਲੀਅਤ ਕਰਵਾਉਣੀ ਹੈ, ਇਕ ਟੇਢੀ ਖੀਰ ਬਣਿਆ ਹੋਇਆ ਹੈ। ਅਜੇ ਤੱਕ ਵਿਭਾਗ ਨੇ ਗੋਹੜੇ ’ਚੋਂ ਇਕ ਵੀ ਪੂਣੀ ਨਹੀਂ ਕੱਤੀ, ਕਿਸ ਤਰਾਂ ਨਾਲ ਖਿਡਾਰੀ ਇਨਾਂ ਵੱਡੇ ਟੂਰਨਾਮੈਂਟਾਂ ਵਿਚ ਪੰਜਾਬ ਦੀ ਸਫਲ ਨੁਮਾਇੰਦਗੀ ਕਰਨਗੇ। ਪੰਜਾਬ ਖੇਡ ਵਿਭਾਗ ਤੇ ਪੰਜਾਬ ਇੰਸਟੀਚਿਊਟ ਆਫ ਸਪੋਰਟਸ ਇਕ-ਦੂਜੇ ਦੇ ਸ਼ਰੀਕ ਬਣੀ ਬੈਠੇ ਹਨ। ਪੰਜਾਬ ਦੇ ਸਕੂਲਾਂ ਦਾ ਕੋਈ ਵਾਲੀ-ਵਾਰਸ ਨਹੀਂ ਹੈ, ਸੂਬੇ ਦੇ ਸਕੂਲਾਂ ਨੂੰ ਸਮਾਰਟ ਖੇਡ ਮੈਦਾਨਾਂ ਦਾ ਨਵਾਂ ਨਾਅਰਾ ਦੇ ਕੇ ਰੰਗਸ਼ਾਲਾਵਾਂ ਬਣਾ ਦਿੱਤਾ ਹੈ ਅਤੇ ਖਿਡਾਰੀ ਖੇਡ ਮੈਦਾਨ ਵੱਲ ਮੂੰਹ ਕਰਨ ਤੋਂ ਵੀ ਗੁਰੇਜ਼ ਕਰਨ ਲੱਗ ਪਏ ਹਨ। ਇਕ ਤਰਾਂ ਨਾਲ ਹੇਠਲੇ ਪੱਧਰ ਤੋਂ ਖੇਡਾਂ ਦਾ ਨਾਮੋ-ਨਿਸ਼ਾਨ ਮਿਟ ਗਿਆ ਹੈ, ਸਿਰਫ ਰੇਤ ਦੀਆਂ ਕੰਧਾਂ ’ਤੇ ਇਸ ਵੇਲੇ ਪੰਜਾਬ ਦੀ ਖੇਡ ਇਮਾਰਤ ਖੜੀ ਹੈ ਜੋ ਕਿਸੇ ਵੇਲੇ ਵੀ ਢਹਿ-ਢੇਰੀ ਹੋ ਸਕਦੀ ਹੈ। ਜਿੱਥੋਂ ਤੱਕ ਸੂਬੇ ਵਿਚ ਖੇਡ ਪ੍ਰਬੰਧਾਂ ਦਾ ਸਵਾਲ ਹੈ ਪੰਜਾਬ ਉਲੰਪਿਕ ਐਸੋਸੀਏਸ਼ਨ ਭੰਗ ਹੈ, ਸਕੂਲ ਗੇਮਜ਼ ਫੈਡਰੇਸ਼ਨ ਆਫ ਇੰਡੀਆ ਵੀ ਭੰਗ ਹੈ ਅਤੇ ਸੂਬੇ ਦੀਆਂ ਖੇਡ ਐਸੋਸੀਏਸ਼ਨਾਂ ਵਿੱਤੀ ਸੰਕਟ ਨਾਲ ਜੂਝ ਰਹੀਆਂ ਹਨ। ਇਨਾਂ ਨੂੰ ਸਰਕਾਰ ਵਲੋਂ ਇਕ ਧੇਲਾ ਵੀ ਗ੍ਰਾਂਟ ਨਹੀਂ ਦਿੱਤੀ ਗਈ, ਇਹ ਆਪਣੇ ਬਲਬੂਤੇ ’ਤੇ ਹੱਥਾਂ ਵਿਚ ਕਟੋਰਾ ਫੜ ਕੇ ਮੰਗਤੇ ਬਣ ਟੀਮਾਂ ਨੂੰ ਨੈਸ਼ਨਲਾਂ ਵਿਚ ਹਿੱਸਾ ਲੈਣ ਲਈ ਭੇਜ ਰਹੀਆਂ ਹਨ। ਮਾਕਾ ਟਰਾਫੀ ਦੀ ਲੜਾਈ ਨੇ ਪੰਜਾਬ ਦੀਆਂ ਨਾਮੀ ਯੂਨੀਵਰਸਿਟੀਆਂ ਨੂੰ ਇਕ-ਦੂਜੇ ਦੇ ਵੈਰੀ ਬਣਾ ਦਿੱਤਾ ਹੈ। ਉਨਾਂ ਨੇ ਆਪਣੇ ਖਿਡਾਰੀ ਤਿਆਰ ਕਰਨੇ ਛੱਡ ਦਿੱਤੇ ਤੇ ਉਧਾਰੇ ਖਿਡਾਰੀ ਮੰਗ ਕੇ ਆਪਣਾ ਟੀਚਾ ਮਾਕਾ ਟਰਾਫੀ ਜਿੱਤਣ ਦਾ ਤੈਅ ਕਰ ਲਿਆ ਹੈ। ਕਾਲਜਾਂ ਵਿਚੋਂ ਵੀ ਖੇਡਾਂ ਦਾ ਸਫਾਇਆ ਹੋ ਗਿਆ ਹੈ। ਪੰਜਾਬ ਦੇ ਖੇਡ ਮੰਤਰੀ ਨੂੰ ਵੀ ਖੇਡ ਵਿਭਾਗ ਨੂੰ ਵੇਖਣ ਦੀ ਵਿਹਲ ਹੀ ਨਹੀਂ, ਉਨਾਂ ਨੇ ਵੀ ਇਕ ਭਲਵਾਨੀ ਗੇੜਾ ਲਾ ਕੇ ਆਪਣੀ ਖਾਨਾਪੂਰਤੀ ਕਰ ਲਈ ਹੈ ਅਤੇ ਨਵੀਂ ਯੂਨੀਵਰਸਿਟੀ ਖੋਲਣ ਦਾ ਐਲਾਨ ਕਰਕੇ ਵਿਰੋਧੀਆਂ ਨੂੰ ਸ਼ਾਂਤ ਕਰ ਦਿੱਤਾ ਹੈ, ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਖਿਡਾਰੀਆਂ ਦੇ ਨਾ ਤਾਂ ਖੇਡ ਵਿੰਗ ਚਾਲੂ ਹੋਏ ਹਨ ਅਤੇ ਹੀ ਤਿੰਨ ਸਾਲਾਂ ਤੋਂ ਕੋਈ ਵੀ ਖੇਡ ਟੂਰਨਾਮੈਂਟ ਵਿਚ ਹਿੱਸਾ ਲਿਆ ਹੈ। ਹਰ ਪਾਸੇ ਤੋਂ ਖਿਡਾਰੀਆਂ ਨੂੰ ਦੋਹਰੀ ਮਾਰ ਪਈ ਹੈ ਅਤੇ ਇਸ ਹਾਲਾਤ ਵਿਚ ਪੰਜਾਬ ਦਾ ਖੇਡ ਬਜਟ ਕਿੱਥੇ ਖਰਚ ਹੋਇਆ ਹੈ, ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਵੀ ਸਪੋਰਟਸ ਫੰਡ ਇਕੱਠਾ ਕੀਤਾ ਹੈ। ਉਸ ਦਾ ਵੀ ਖਰਚ ਕਿੱਥੇ ਕਿੱਥੇ ਖਿਡਾਰੀਆਂ ਦੀ ਭਲਾਈ ਲਈ ਹੋਇਆ ਹੈ ਇਸ ਦਾ ਸਪੱਸ਼ਟੀਕਰਨ ਕਿਸੇ ਵੀ ਖੇਡ ਅਧਿਕਾਰੀ, ਸੂਬੇ ਦੇ ਖੇਡ ਮੰਤਰੀ ਜਾਂ ਸਿੱਖਿਆ ਮੰਤਰੀ ਨੇ ਨਹੀਂ ਦਿੱਤਾ। ਹਾਂ ਪਿਛਲੀ ਸਰਕਾਰ ਵੇਲੇ ਖੇਡ ਮੰਤਰੀ ਨੇ ਆਪਣੇ ਚਹੇਤੇ ਜ਼ਰੂਰ ਭਰਤੀ ਕਰ ਲਏ ਅਤੇ ਉਨਾਂ ਨੂੰ ਮੋਟੀਆਂ ਤਨਖਾਹਾਂ ਦੇ ਜ਼ਰੂਰ ਗੱਫੇ ਦੇ ਦਿੱਤੇ ਅਤੇ ਲੋੜਵੰਦ



ਖਿਡਾਰੀਆਂ ਤੇ ਹੋਰ ਕਰਮਚਾਰੀਆਂ ਨੂੰ ਪੀ.ਆਈ.ਐਸ. ਦੀ ਨੌਕਰੀ ਤੋਂ ਜ਼ਰੂਰ ਫਾਰਗ ਕਰਕੇ ਘਰ ਬਿਠਾ ਕੇ ਪੰਜਾਬ ਦੀਆਂ ਖੇਡਾਂ ਦੀ ਤਰੱਕੀ ਜ਼ਰੂਰ ਕੀਤੀ ਹੈ। ਇਸ ਲਈ ਸਾਬਕਾ ਖੇਡ ਮੰਤਰੀ ਜੀ ਵਧਾਈ ਦੇ ਪਾਤਰ ਹਨ। ਗੱਲ ਕਰਦੇ ਹਾਂ ਸੂਬੇ ਦੇ ਖਿਡਾਰੀਆਂ ਦੀ ਇਨਾਂ ਨੂੰ ਕੋਈ ਵੀ ਖੇਡ ਸਾਮਾਨ ਪਿਛਲੇ ਤਿੰਨ ਸਾਲ ਤੋਂ ਕੋਰੋਨਾ ਕਾਲ ਕਰਕੇ ਨਹੀਂ ਹਾਸਲ ਹੋਇਆ ਅਤੇ ਖੇਡ ਵਿੰਗ ਬੰਦ ਪਏ ਹਨ, ਹੋਸਟਲ ਬੰਦ ਪਏ ਹਨ, ਸਟੇਡੀਅਮਾਂ ਦੀ ਸਾਂਭ-ਸੰਭਾਲ ਕਰਨ ਲਈ ਸਰਕਾਰ ਦੇ ਕੋਲ ਕੋਈ ਵੀ ਫੰਡ ਨਹੀਂ ਹੈ। ਸਪੋਰਟਸ ਸਕੂਲ ਜਲੰਧਰ ਵਿਖੇ ਲੱਗਣ ਵਾਲੇ ਅਥਲੈਟਿਕਸ ਟਰੈਕ ਦਾ ਕੰਮ ਅਜੇ ਅੱਧ ਵਿਚਾਲੇ ਲਟਕ ਰਿਹਾ ਹੈ। ਪੰਜਾਬ ਦਾ ਨਾਮੀ ਫਿਜ਼ੀਕਲ ਐਜੂਕੇਸ਼ਨ ਕਾਲਜ ਪਟਿਆਲਾ ਇਸ ਵੇਲੇ ਬੰਦ ਪਿਆ ਹੈ। ਸਪੋਰਟਸ ਕਾਲਜ ਜਲੰਧਰ ਤੇ ਕਾਲਾ ਅਫਗਾਨਾ ਦੇ ਕਾਲਜ ਦੀ ਹਾਲਤ ਮਾੜੀ ਹੈ ਅਤੇ ਨਵੀਂ ਬਣਾਈ ਗਈ ਪਟਿਆਲਾ ਵਿਖੇ ਖੇਡ ਯੂਨੀਵਰਸਿਟੀ ਨੇ ਅਜੇ ਤੱਕ ਆਪਣੇ ਨਿਸ਼ਾਨੇ ਹੀ ਨਹੀਂ ਨਿਰਧਾਰਿਤ ਕੀਤੇ। ਫ਼ੌਜੀ ਅਫ਼ਸਰਾਂ ਨੂੰ ਇਸ ਦੀ ਕਮਾਂਡ ਸੌਂਪ ਕੇ ਪੰਜਾਬ ਦੀ ਖੇਡ ਗੱਡੀ ਨੂੰ ਲੀਹ ਤੋਂ ਲਾਹ ਦਿੱਤਾ ਹੈ। ਇਕ ਤਰਾਂ ਨਾਲ ਇਹ ਯੂਨੀਵਰਸਿਟੀ ਚਿੱਟਾ ਹਾਥੀ ਸਾਬਤ ਹੋ ਕੇ ਰਹਿ ਗਈ ਹੈ। ਇਸ ਵੇਲੇ ਪੰਜਾਬ ਦੇ ਖਿਡਾਰੀਆਂ ਨੂੰ ਇਹ ਸਮਝ ਨਹੀਂ ਆ ਰਹੀ ਹੈ, ਉਹ ਸੂਬੇ ਦੇ ਕਿਸ ਟੂਰਨਾਮੈਂਟ ਵਿਚ ਨੁਮਾਇੰਦਗੀ ਕਰਨ ਜਾਂ ਕਿਸੇ ਹੋਰ ਰਾਜ ਵੱਲ ਨੂੰ ਪ੍ਰਵਾਸ ਕਰਨ। ਜਿਸ ਤਰੀਕੇ ਨਾਲ ਸਕੂਲਾਂ ਦੀਆਂ ਖੇਡਾਂ ਨੂੰ ਇਕ ਸੋਚੀ ਸਮਝੀ ਸਾਜਿਸ਼ ਨਾਲ ਤਹਿਸ-ਨਹਿਸ ਕੀਤਾ ਹੈ, ਪੰਜਾਬ ਦੇ ਸਰੀਰਕ ਸਿੱਖਿਆ ਅਧਿਆਪਕ ਵੀ ਪ੍ਰੇਸ਼ਾਨ ਹਨ ਅਤੇ ਕਾਲਜਾਂ ਦੇ ਖਿਡਾਰੀਆਂ ਨੂੰ ਹਿੱਸਾ ਲੈਣ ਦਾ ਮੌਕਾ ਨਹੀਂ ਮਿਲਦਾ ਕਿਉਂਕਿ ਯੂਨੀਵਰਸਿਟੀਆਂ ਨੇ ਬਾਹਰੋਂ ਮੰਗਵੇਂ ਖਿਡਾਰੀ ਲੈਣੇ ਸ਼ੁਰੂ ਕਰ ਦਿੱਤੇ ਹਨ। ਪੰਜਾਬ ਖੇਡ ਵਿਭਾਗ ਤੇ ਪੰਜਾਬ ਇੰਸਟੀਚਿਊਟ ਆਫ਼ ਸਪੋਰਟਸ ਦਾ ‘ਛੱਤੀਸ ਦਾ ਅੰਕੜਾ’ ਹੋਣ ਕਰਕੇ ਕੋਚ ਪ੍ਰੇਸ਼ਾਨ ਹਨ। 10 ਹਜ਼ਾਰ ਦੀ ਨਿਗੂਣੀ ਤਨਖਾਹ ਨਾਲ ਉਹ ਪੰਜਾਬ ਵਿਚੋਂ ਕਿਵੇਂ ਭਵਿੱਖ ਦੇ ਉਲੰਪੀਅਨ ਪੈਦਾ ਕਰਨ ਤੇ ਇਹ ਸੋਚਣ ਵਾਲੀ ਗੱਲ ਹੈ। ਇਸ ਵੇਲੇ ਪੰਜਾਬ ਦੀਆਂ ਖੇਡਾਂ ਦੀ ਤਾਣੀ ਪੂਰੀ ਤਰਾਂ ਨਾਲ ਉਲਝੀ ਪਈ ਹੈ, ਇਸ ਨੂੰ ਇਕ ਚੰਗੇ ਯੋਗ ਪ੍ਰਬੰਧਕ ਦੀ ਜ਼ਰੂਰਤ ਹੈ ਤਾਂ ਜੋ ਪੰਜਾਬ ਦੇ ਖੇਡਾਂ ਦੇ ਭਵਿੱਖ ਨੂੰ ਬਚਾਇਆ ਜਾ ਸਕੇ। ਇਸ ਲਈ ਪੰਜਾਬ ਦੇ ਖੇਡ ਮੰਤਰੀ ਨੂੰ ਪੰਜਾਬ ਦੀਆਂ ਖੇਡਾਂ ਦੇ ਹਿਤਾਂ ਲਈ ਸੋਚਣ ਵਾਲੀ ਟੀਮ ਤਿਆਰ ਕਰਕੇ ਪੰਜਾਬ ਦੀਆਂ ਖੇਡਾਂ ਨੂੰ ਮੁੜ ਪੁਰਾਣੀਆਂ ਲੀਹਾਂ ’ਤੇ ਲਿਆਉਣ ਦੀ ਲੋੜ ਹੈ ਤਾਂ ਹੀ ਪੰਜਾਬ ਦੀਆਂ ਖੇਡਾਂ ਤੇ ਜਵਾਨੀ ਬਚ ਸਕੇਗੀ।

# ਹਾਸਰਸ ਪੰਜਾਬੀ ਫਿਲਮ ‘ਸੌਂਕਣ ਸੌਂਕਣੇ’

**ਦਮਨਜੀਤ ਕੌਰ**

ਸੌਂਕਣ ਦਾ ਮਤਲਬ ਲਗਭਗ ਸਾਰਿਆਂ ਨੂੰ ਹੀ ਪਤਾ ਹੋਵੇਗਾ, ਇਹ ਕਿਸੇ ਤੋਂ ਲੁਕਿਆ ਨੀਂ... ਵੈਸੇ ਤਾਂ ਇਸ ਰਿਸ਼ਤੇ ਨੂੰ ਨਕਾਰਾਤਮਕ ਪੱਖੋਂ ਹੀ ਦੇਖਿਆ ਜਾਂਦਾ ਹੈ ਤੇ ਇਹ ਹੈ ਵੀ। ਜੇ ਅੱਜ ਦੇ ਜ਼ਮਾਨੇ ਦੀ ਗੱਲ ਕਰੀਏ ਤਾਂ ਅਸੀਂ ਸੌਂਕਣ ਦੇ ਰਿਸ਼ਤੇ ਨੂੰ ਸਹੀ ਨਹੀਂ ਸਮਝਦੇ, ਪਰ ਪਹਿਲਾਂ ਦੇ ਸਮੇਂ ਵਿੱਚ ਇਸ ਨੂੰ ਕੁੱਝ ਹੱਦ ਤੱਕ ਜਾਇਜ਼ ਸਮਝਿਆ ਜਾਂਦਾ ਸੀ। ਜਿਵੇਂ ਕਿ ਫਿਲਮ ‘ਸੌਂਕਣ ਸੌਂਕਣੇ’ ਦੀ ਕਹਾਣੀ ਵੀ ਹੈ ਕਿ ਇੱਕ ਭੈਣ ਦੇ ਘਰ ਜਦੋਂ ਬੱਚਾ ਨਹੀਂ ਹੁੰਦਾ ਤਾਂ ਉਹ ਆਪਣੇ ਘਰਵਾਲੇ ਦਾ ਦੂਜਾ ਵਿਆਹ ਆਪਣੀ ਹੀ ਛੋਟੀ ਭੈਣ ਨਾਲ ਕਰ ਦਿੰਦੀ ਹੈ। ਜਿਸ ਦੇ ਕਈ ਕਾਰਨਾਂ ਵਿੱਚੋਂ ਮੁੱਖ ਕਾਰਨ ਇਹ ਹੁੰਦਾ ਕਿ ਇੱਕ ਤਾਂ ਜੇ ਘਰ ਵਿੱਚ ਦੋਵੇਂ ਭੈਣਾਂ ਹੋਣਗੀਆਂ ਤਾਂ ਲੜਾਈਆਂ ਨਹੀਂ ਹੋਣਗੀਆਂ ਤੇ ਦੂਜਾ ਬੱਚਾ ਕਿਸੇ ਓਪਰੀ ਔਰਤ ਦਾ ਨਹੀਂ ਹੋਵੇਗਾ, ਜੇ ਭੈਣ ਦਾ ਹੀ ਜਾਇਆ ਹੋਵੇਗਾ ਤਾਂ ਆਪਣਾ ਖ਼ੂਨ ਹੋਵੇਗਾ, ਪਰ ਹੋਰ ਕੀ ਕੀ ਹੁੰਦਾ ਹੈ ਇਹ ਸਭ ਫਿਲਮ ਵਿੱਚ ਹੀ ਦੇਖਣ ਨੂੰ ਮਿਲੇਗਾ।

ਫਿਲਮ ਦਾ ਪ੍ਰਚਾਰ ਕਰ ਰਹੀਆਂ ਅਦਾਕਾਰਾ ਨਿਮਰਤ ਖਹਿਰਾ ਤੇ ਸਰਗੁਣ ਮਹਿਤਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਫਿਲਮ ਵਿੱਚ ਸਿਰਫ਼ ਹਾਸੇ-ਮਜ਼ਾਕ ਉੱਤੇ ਜ਼ੋਰ ਨਹੀਂ ਦਿੱਤਾ ਗਿਆ ਸਗੋਂ ਇਸ ਵਿਚਲੇ ਸੁਨੇਹੇ ਉੱਪਰ ਵੱਧ ਧਿਆਨ ਦਿੱਤਾ ਗਿਆ ਹੈ ਜੋ ਕਿ ਉਨਾਂ ਦਾ ਮੁੱਖ ਉਦੇਸ਼ ਹੈ ਲੋਕਾਂ ਨੂੰ ਦਿਖਾਉਣਾ। ਉਨਾਂ ਦੋਵਾਂ




ਨੇ ਦੱਸਿਆ ਕਿ ਫਿਲਮ ਦਾ ਮਕਸਦ ਔਰਤਾਂ ਦੇ ਹੱਕਾਂ ਦੀ ਬੇਕਦਰੀ ਕਰਕੇ ਉਸ ਨੂੰ ਉਤਸ਼ਾਹਿਤ ਕਰਨਾ ਬਿਲਕੁਲ ਨਹੀਂ ਹੈ ਸਗੋਂ ਪੰਜਾਬ ਵਿੱਚ ਪਹਿਲਾਂ ਦੇ ਸਮੇਂ ਵਿੱਚ ਇਹ ਸਭ ਜਾਇਜ਼ ਮੰਨਿਆ ਜਾਂਦਾ ਸੀ ਜਿਸ ਕਰਕੇ ਫਿਲਮ ਵਿੱਚ ਉਹ ਪੁਰਾਣਾ ਸਮਾਂ ਤੇ ਉਸ ਵੇਲੇ ਦੀਆਂ ਗੱਲਾਂ ਨੂੰ ਦਿਖਾਇਆ ਗਿਆ ਹੈ, ਪਰ ਨਾਲ ਹੀ ਇਹ ਸੰਦੇਸ਼ ਵੀ ਦਿੱਤਾ ਗਿਆ ਹੈ ਕਿ ਅੱਜ ਸਮਾਂ ਬਦਲ ਗਿਆ ਹੈ। ਪਹਿਲਾਂ ਦੇ ਜ਼ਮਾਨੇ ਵਿੱਚ ਜਦੋਂ ਕਿਸੇ ਔਰਤ ਦੇ ਘਰ ਬੱਚਾ ਨਹੀਂ ਹੁੰਦਾ ਸੀ ਤਾਂ ਘਰਦੇ ਅਕਸਰ ਮੁੰਡੇ ਦਾ ਦੂਜਾ ਵਿਆਹ ਪਹਿਲੀ ਘਰਵਾਲੀ ਦੀ ਹੀ ਦੂਜੀ ਭੈਣ ਨਾਲ ਕਰ ਦਿੰਦੇ ਸਨ ਤਾਂ ਜੋ ਉਨਾਂ ਦਾ ਵੰਸ਼ ਅੱਗੇ ਵਧ ਸਕੇ, ਪਰ ਅੱਜ ਇਸ ਤਰਾਂ ਬਿਲਕੁਲ ਨਹੀਂ ਹੈ। ਅੱਜ ਸਾਡੇ ਕੋਲ ਬੱਚੇ ਪੈਦਾ ਕਰਨ ਦੇ ਕਈ ਢੰਗ ਹਨ, ਜਿਵੇਂ ਸਰੋਗੇਸੀ ਤੇ ਆਈਵੀਐੱਫ। ਪਰ ਫੇਰ ਵੀ ਸਾਡੇ ਪੁਰਾਣੇ ਲੋਕ ਇਨਾਂ ਨੂੰ ਅਪਣਾਉਣ ਤੋਂ ਝਿਜਕਦੇ ਹਨ। ਉਹ ਹਾਲੇ ਵੀ ਇਹੀ ਸੋਚਦੇ ਹਨ ਕਿ ਜੇ ਘਰ ਵਿੱਚ ਕੋਈ ਬੱਚਾ ਜਨਮ ਲਵੇ ਤਾਂ ਉਨਾਂ ਦਾ ਆਪਣਾ ਖ਼ੂਨ ਹੋਵੇ ਤੇ ਆਪਣੀ ਘਰ ਦੀ ਔਰਤ ਦੀ ਕੁੱਖੋਂ ਜਨਮ ਲਵੇ। ਫਿਲਮ ਵਿੱਚ ‘ਸੌਂਕਣ ਰੱਖਣ’ ਦੇ ਸੱਭਿਆਚਾਰ ਨੂੰ ਕਿਸੇ ਵੀ ਤਰਾਂ ਉਤਸ਼ਾਹਿਤ ਨਹੀਂ ਕੀਤਾ ਗਿਆ ਹੈ।

ਸਰਗੁਣ ਤੇ ਨਿਮਰਤ ਨੇ ਕਿਹਾ ਕਿ ਉਹ ਅੱਜ ਦੇ ਸਮੇਂ ਵਿੱਚ ਸੌਂਕਣ ਦੀ ਰਵਾਇਤ ਨੂੰ ਬਿਲਕੁਲ ਜਾਇਜ਼ ਨਹੀਂ ਠਹਿਰਾਉਂਦੀਆਂ ਕਿਉਂਕਿ ਪਹਿਲਾਂ ਤੇ ਅੱਜ ਦੇ ਦੌਰ ਵਿੱਚ ਬਹੁਤ ਫ਼ਰਕ ਹੈ। ਉਦੋਂ ਔਰਤਾਂ ਨੂੰ ਆਪਣੇ ਫ਼ੈਸਲੇ ਲੈਣ ਦਾ ਇੰਨਾ ਵੱਲ ਨਹੀਂ ਸੀ ਤੇ ਨਾ ਹੀ ਇੰਨਾ ਹੱਕ ਸੀ ਕਿ ਉਹ ਆਪਣੇ ਫ਼ੈਸਲੇ ਖ਼ੁਦ ਲੈ ਸਕਣ ਜਾਂ ਆਪਣੀ ਬਿਹਤਰੀ ਲਈ ਕੁਝ ਕਰ ਸਕਣ। ਉਦੋਂ ਔਰਤਾਂ ਨੂੰ ਆਪਣੇ ਪਰਿਵਾਰ ਦੀ ਖ਼ੁਸ਼ੀ ਲਈ ਆਪਣੀ ਖ਼ੁਸ਼ੀ ਵੀ ਮਾਰਨੀ ਪੈਂਦੀ ਸੀ ਤੇ ਆਪਣੇ ਹੱਕ ਵੀ ਮਾਰਨੇ ਪੈਂਦੇ ਸਨ। ‘ਸੌਂਕਣ ਸੌਂਕਣੇ’ ਫ਼ਿਲਮ ਵੀ ਇਹ ਦਰਸਾਉਂਦੀ ਹੈ ਕਿ ਪਹਿਲਾਂ ਦੇ ਸਮੇਂ ਵਿੱਚ ਇੰਜ ਹੁੰਦਾ ਸੀ, ਪਰ ਅੱਜ ਇਹ ਬਹੁਤ ਘੱਟ ਹੁੰਦਾ ਹੈ। ਅੱਜ ਕਾਨੂੰਨ ਵਿੱਚ ਦੂਜੇ ਵਿਆਹ ਨੂੰ ਓਨੀ ਦੇਰ ਤੱਕ ਮਾਨਤਾ ਨਹੀਂ ਹੈ ਜਦੋਂ ਤੱਕ ਤੁਸੀਂ ਆਪਣੀ ਪਹਿਲੀ ਪਤਨੀ ਤੋਂ ਤਲਾਕ ਨਾ ਲਿਆ ਹੋਵੇ, ਪਰ ਪਹਿਲਾਂ ਇਹ ਸਭ ਜਾਇਜ਼ ਮੰਨਿਆ ਜਾਂਦਾ ਸੀ ਕਿਉਂਕਿ ਤੁਹਾਡਾ ਉਦੇਸ਼ ਆਪਣਾ ਵੰਸ਼ ਅੱਗੇ ਵਧਾਉਣਾ ਹੁੰਦਾ ਸੀ। ਹੁਣ ਤਾਂ ਔਰਤਾਂ ਵੀ ਆਪਣੇ ਹੱਕਾਂ ਲਈ ਇੰਨੀਆਂ ਜਾਗਰੂਕ ਹੋ ਗਈਆਂ ਹਨ ਕਿ ਉਹ ਆਪਣੇ ਨਾਲ ਹੁੰਦੀਆਂ ਵਧੀਕੀਆਂ ਖਿਲਾਫ਼ ਲੜਦੀਆਂ ਹਨ।

ਨਿਮਰਤ ਤੇ ਸਰਗੁਣ ਨੇ ਦੱਸਿਆ ਕਿ ਕਈ ਵਾਰ ਲੋਕਾਂ ਨੂੰ ਇੱਕ ਸੰਜੀਦਾ ਮੁੱਦੇ ਸਬੰਧੀ ਜਾਗਰੂਕ ਕਰਨਾ ਜਾਂ ਕੋਈ ਸੁਨੇਹਾ ਦੇਣ ਲਈ ਵੀ ਤੁਹਾਨੂੰ ਹਾਸੇ ਦਾ ਸਹਾਰਾ ਲੈਣਾ ਪੈਂਦਾ ਹੈ, ਕਿਉਂਕਿ ਜੇ ਤੁਸੀਂ ਇੱਕ ਗੰਭੀਰ ਮੁੱਦੇ ਨੂੰ ਹਮੇਸ਼ਾ ਗੰਭੀਰ ਤਰੀਕੇ ਨਾਲ ਹੀ ਦਿਖਾਓਗੇ ਤਾਂ ਬਹੁਤ ਘੱਟ ਲੋਕ ਦਿਲਚਸਪੀ ਲੈਣਗੇ। ਜੇ ਤੁਸੀਂ ਇਹੀ ਗੰਭੀਰ ਮੁੱਦੇ ਨੂੰ ਥੋੜੇ ਹਾਸੇ ਮਜ਼ਾਕ ਦੇ ਤਰੀਕੇ ਨਾਲ ਲੋਕਾਂ ਅੱਗੇ ਪੇਸ਼ ਕਰੋਗੇ ਤਾਂ ਲੋਕ ਵੱਧ ਦਿਲਚਸਪੀ ਲੈਣਗੇ। ਫਿਲਮ ਦੇ ਲੇਖਕ ਅੰਬਰਦੀਪ ਸਿੰਘ ਨੇ ਫਿਲਮ ਨੂੰ ਇਸ ਤਰਾਂ ਲਿਖਿਆ ਤੇ ਨਿਰਦੇਸ਼ਕ ਅਮਰਜੀਤ ਸਿੰਘ ਸਰਾਓ ਨੇ ਇਸ ਤਰੀਕੇ ਨਾਲ ਨਿਰਦੇਸ਼ਿਤ ਕੀਤਾ ਹੈ ਕਿ ਫਿਲਮ ਇਹ ਸਾਫ਼ ਦੱਸਦੀ ਹੈ ਕਿ ਹੁਣ ਸਾਨੂੰ ਥੋੜਾ ਖੁੱਲ ਕੇ ਸੋਚਣ ਦੀ ਲੋੜ ਹੈ ਤੇ ਸਮੇਂ ਦੇ ਨਾਲ ਚੱਲਣ ਦੀ ਜ਼ਰੂਰਤ ਹੈ।

# ਸਮਾਜਿਕ ਸਰੋਕਾਰਾਂ ਨੂੰ ਪੇਸ਼ ਕਰਦੀ ਫਿਲਮ ‘ਮਾਂ’

**ਮਨਜੀਤ ਕੌਰ ਸੱਪਲ**

ਬੀਤੇ ਦਿਨੀਂ ਰਿਲੀਜ਼ ਹੋਈ ਹੰਬਲ ਮੋਸ਼ਨ ਪਿਕਚਰਜ਼ ਦੀ ਫ਼ਿਲਮ ‘ਮਾਂ’ ਆਪਣੇ ਬੱਚਿਆਂ, ਪਰਿਵਾਰ ਪ੍ਰਤੀ ਸਿਦਕ, ਕੁਰਬਾਨੀ ਅਤੇ ਨਸ਼ਿਆਂ ਨਾਲ ਤਬਾਹ ਹੋ ਰਹੀਆਂ ਜਵਾਨੀਆਂ ਵਰਗੇ ਸਮਾਜਿਕ ਮੁੱਦਿਆਂ ’ਤੇ ਆਧਾਰਿਤ ਕਹਾਣੀ ਹੈ। ਰਾਣਾ ਰਣਬੀਰ ਦੀ ਲਿਖੀ ਇਸ ਫਿਲਮ ਵਿੱਚ ਦਿੱਵਿਆ ਦੱਤਾ ਨੇ ‘ਮਾਂ’ (ਮਨਜੀਤ ਕੌਰ) ਦੀ ਕੇਂਦਰੀ ਭੂਮਿਕਾ ਨਿਭਾਈ ਹੈ। ਗੁਰਪ੍ਰੀਤ ਘੁੱਗੀ ਨੇ ਉਸ ਦੇ ਪਤੀ (ਪਰਗਟ) ਦਾ ਕਿਰਦਾਰ ਨਿਭਾਇਆ ਹੈ।

ਫਿਲਮ ਦੀ ਕਹਾਣੀ ਜੱਗ ਜਣਨੀਂ ‘ਮਾਂ’ ਤੇ ਉਸ ਦੇ ਪੁੱਤਰਾਂ ’ਤੇ ਆਧਾਰਿਤ ਹੈ ਜੋ ਧਰਤੀ ਮਾਂ ਦੀਆਂ ਵੰਡੀਆਂ ਵਾਂਗ ਅਜੋਕੇ ਸਮਾਜ ਦੀ ਗੱਲ ਕਰਦੀ ਹੈ। ਇੱਕ ਪੁੱਤ ਬੱਬਲ ਰਾਏ ਹੈ ਤੇ ਦੂਜਾ ਗਿੱਪੀ ਗਰੇਵਾਲ। ਦੋਵਾਂ ਪੁੱਤਰਾਂ ਦੀ ਸੋਚ, ਕਹਿਣੀ ਤੇ ਕਰਨੀ ਵਿੱਚ ਫ਼ਰਕ ਹੈ। ਬੱਬਲ ਰਾਏ ਗੁਰਪ੍ਰੀਤ ਘੁੱਗੀ ਦਾ ਪੁੱਤਰ ਹੈ ਜਦੋਂ ਕਿ ਗਿੱਪੀ ਗਰੇਵਾਲ ਜੋਗੇ ਸੀਰੀ ਦਾ। ਜਦੋਂ ਗਿੱਪੀ ਦੀ ਮਾਂ ਉਸ ਨੂੰ ਜਨਮ ਦਿੰਦਿਆਂ ਹੀ ਰੱਬ ਨੂੰ ਪਿਆਰੀ ਹੋ ਜਾਂਦੀ ਹੈ ਤਾਂ ਮਨਜੀਤ ਤੇ ਪਰਗਟ ‘ਮਾਸੂਮ ਗਿੱਪੀ’ ਨੂੰ ਆਪਣਾ ਪੁੱਤ ਬਣਾ ਕੇ ਪਾਲਦੇ ਹਨ। ਬੱਬਲ ਰਾਏ ਤੇ ਗਿੱਪੀ ਦੋਵੇਂ ਇੱਕ ਮਾਂ ਦਾ ਦੁੱਧ ਪੀ ਕੇ ਵੱਡੇ ਹੁੰਦੇ ਹਨ। ਅੱਗੇ ਚੱਲ ਕੇ ਫਿਲਮ ਦੀ ਕਹਾਣੀ ਵਿੱਚ ਕਈ ਅਹਿਮ ਮੋੜ ਆਉਂਦੇ ਹਨ।

ਜਦੋਂ ਪਰਗਟ ਦਾ ਕਤਲ ਹੋ ਜਾਂਦਾ ਹੈ ਤਾਂ ਸ਼ਰੀਕਾਂ ਦੀ ਅੱਖ ਉਨਾਂ ਦੀ ਜ਼ਮੀਨ ’ਤੇ ਹੁੰਦੀ ਹੈ। ਮਨਜੀਤ ਕੌਰ ‘ਬੰਦਿਆਂ ਵਾਂਗ’ ਖੇਤਾਂ ਵਿੱਚ ਕੰਮ ਕਰਦੀ ਆਪਣੇ ਖੇਤਾਂ ਅਤੇ ਪੁੱਤਾਂ ਨੂੰ ਪਾਲਦੀ ਹੈ। ਸਮਾਜ ਦੇ ਤਾਅਨੇ ਮਿਹਣਿਆਂ ਦੀ ਪਰਵਾਹ ਕੀਤਿਆਂ ਵਗੈਰ




ਉਹ ਹੱਕ, ਸੱਚ ਤੇ ਮਿਹਨਤ ਦਾ ਪੱਲਾ ਫੜੀ ਰੱਖਦੀ ਹੈ। ਫਿਲਮ ਦਾ ਕਲਾਈਮੈਕਸ ਬਹੁਤ ਭਾਵੁਕਤਾ ਭਰਿਆ ਹੈ। ਕੁੱਲ ਮਿਲਾ ਕੇ ਇਹ ਫਿਲਮ ਮਾਂ ਦੀ ਆਪਣੇ ਬੱਚਿਆਂ, ਪਰਿਵਾਰ ਪ੍ਰਤੀ ਸਿਦਕ, ਕੁਰਬਾਨੀ ਤੇ ਸਮਰਪਣ ਦੀ ਕਹਾਣੀ ਹੈ। ਇਸ ਫਿਲਮ ਰਾਹੀਂ ਨਸ਼ਿਆਂ ਦੇ ਡੰਗੇ ਨੌਜਵਾਨਾਂ ’ਤੇ ਵੀ ਚਿੰਤਾ ਪ੍ਰਗਟਾਈ ਗਈ ਹੈ। ਦਿੱਵਿਆ ਦੱਤਾ ਪੰਜਾਬੀ ਤੇ ਹਿੰਦੀ ਸਿਨਮਾ ਦੀ ਨਾਮੀਂ ਅਦਾਕਾਰਾ ਹੈ। ਫਿਲਮ ‘ਸ਼ਹੀਦ-ਏ-ਮੁਹੱਬਤ ਬੂਟਾ ਸਿੰਘ’ ਦੇ ਲੰਮੇ ਵਕਫ਼ੇ ਤੋਂ ਬਾਅਦ ਇਸ ਫਿਲਮ ਰਾਹੀਂ ਉਹ ਮਾਂ ਦੇ ਪ੍ਰਭਾਵਸ਼ਾਲੀ ਕਿਰਦਾਰ ਵਿੱਚ ਨਜ਼ਰ ਆਈ ਹੈ। ਉਸ ਦਾ ਇਹ ਕਿਰਦਾਰ ਦਰਸ਼ਕਾਂ ਨੂੰ ਪ੍ਰਭਾਵਿਤ ਕਰਦਾ ਹੈ। ਗੁਰਪ੍ਰੀਤ ਘੁੱਗੀ ਦੀ ਗੱਲ ਕਰੀਏ ਤਾਂ ‘ਅਰਦਾਸ’ ਵਾਂਗ ਇਸ ਫਿਲਮ ਵਿੱਚ ਵੀ ਉਸ ਦਾ ਕਿਰਦਾਰ ਕਾਮੇਡੀ ਕਿਰਦਾਰਾਂ ਤੋਂ ਹਟਕੇ ਭਾਵੁਕਤਾ ਭਰਿਆ ਹੈ। ਉਸ ਦੀਆਂ ਨਸੀਹਤ ਭਰੀਆਂ ਗੱਲਾਂ ਸਭ ਨੂੰ ਚੰਗੀਆਂ ਲੱਗਦੀਆਂ ਹਨ। ਆਸ਼ੀਸ਼ ਦੁੱਗਲ, ਰਾਣਾ ਰਣਬੀਰ, ਨਿਰਮਲ ਰਿਸ਼ੀ, ਪ੍ਰਕਾਸ਼ ਗਾਧੂ, ਪ੍ਰਿੰਸ ਕੰਵਲਜੀਤ ਸਿੰਘ ਅਤੇ ਰਘਬੀਰ ਬੋਲੀ ਦੀ ਅਦਾਕਾਰੀ ਵੀ ਕਾਬਲੇਗੌਰ ਹੈ। ਗਿੱਪੀ ਗਰੇਵਾਲ ਦੀ ਬਤੌਰ ਨਿਰਮਾਤਾ ਸਿਫ਼ਤ ਕਰਨੀ ਬਣਦੀ ਹੈ ਕਿ ਉਹ ਕਾਮੇਡੀ ਤੇ ਸੰਗੀਤਕ ਫਿਲਮਾਂ ਦੇ ਨਾਲ ਨਾਲ ਇੱਕ ਫਿਲਮ ਸਮਾਜ ਪ੍ਰਤੀ ਗੰਭੀਰਤਾ ਭਰੀ ਵੀ ਜ਼ਰੂਰ ਦਿੰਦਾ ਹੈ। ਇਸ ਫਿਲਮ ਵਿੱਚ ਗਿੱਪੀ ਗਰੇਵਾਲ, ਦਿੱਵਿਆ ਦੱਤਾ, ਗੁਰਪ੍ਰੀਤ ਘੁੱਗੀ, ਬੱਬਲ ਰਾਏ, ਰਾਣਾ ਰਣਬੀਰ, ਪ੍ਰਿੰਸ ਕੰਵਲਜੀਤ, ਰਘਬੀਰ ਬੋਲੀ, ਵੱਡਾ ਗਰੇਵਾਲ, ਆਸ਼ੀਸ ਦੁੱਗਲ, ਅਰੁਸ਼ੀ ਸ਼ਰਮਾ ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਮਲਕੀਤ ਰੌਣੀ, ਤਰਸੇਮ ਪਾਲ ਅਤੇ ਪ੍ਰਕਾਸ਼ ਗਾਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਡਾਇਰੈਕਟਰ ਬਲਜੀਤ ਸਿੰਘ ਦਿਓ ਹੈ। ਸਰਦੂਲ ਸਿਕੰਦਰ, ਅਮਰ ਨੂਰੀ, ਹਰਭਜਨ ਮਾਨ, ਫ਼ਿਰੋਜ ਖਾਨ, ਕਮਲ ਖਾਨ, ਕਰਮਜੀਤ ਅਨਮੋਲ, ਰਿੱਕੀ ਖਾਨ ਨੇ ਇਸ ਫਿਲਮ ਲਈ ਪਲੇਅ ਬੈਕ ਗਾਇਆ ਹੈ। ਜ਼ਿਕਰਯੋਗ ਹੈ ਕਿ ਗਿੱਪੀ ਗਰੇਵਾਲ ਤੇ ਰਾਣਾ ਰਣਬੀਰ ਨੇ ਰੰਗ-ਮੰਚ ਕਲਾਕਾਰਾਂ ਦੀ ਕਦਰ ਕਰਦਿਆਂ ਬਰਨਾਲੇ ਦੀ ਰੰਗ-ਮੰਚ ਕਲਾਕਾਰ ਰੇਸ਼ਮ ਚੌਹਾਨ ਨੂੰ ਵੀ ਇੱਕ ਚੰਗੇ ਕਿਰਦਾਰ ਵਿੱਚ ਵੱਡੇ ਪਰਦੇ ’ਤੇ ਲਿਆਂਦਾ ਹੈ।

## ਛੋਟਾ ਘੱਲੂਘਾਰਾ

ਮਾਝਾ, ਦੁਆਬਾ ਤੇ ਰਿਆੜਕੀ ਦੇ ਇਲਾਕੇ ਵਿੱਚੋਂ ਫੌਜਾਂ ਨੇ ਸਿੱਖ
ਬੀਬੀਆਂ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦੀ ਜੇਲ ਵਿਚ ਬੰਦ ਕਰ ਦਿੱਤਾ।

ਜਦੋਂ ਮੀਰ ਮਨੂੰ ਨੂੰ ਆਪਣੇ ਮੁਖ਼ਬਰਾਂ ਤੋਂ ਇਹ ਸੂਚਨਾ ਮਿਲੀ ਕਿ ਸਿੱਖੀ ਦਾ ਅਸਲੀ ਗੜ ਤਾਂ ਸਤਲੁਜ ਪਾਰ ਮਾਲਵੇ ਦਾ ਇਲਾਕਾ ਹੈ ਜਿੱਥੇ ਬਹੁਤ ਸਾਰੇ ਸਿੱਖ ਆਪਣੇ ਪਰਿਵਾਰਾਂ ਨਾਲ ਰਹਿ ਰਹੇ ਹਨ। ਜਦੋਂ ਤਕ ਇਸ ਇਲਾਕੇ ਵਿੱਚੋਂ ਸਿੱਖਾਂ ਦਾ ਖਾਤਮਾ ਨਹੀਂ ਕੀਤਾ ਜਾਂਦਾ ਉਦੋਂ ਤਕ ਸਿੱਖ ਕੌਮ ਦਾ ਖਾਤਮਾ ਵੀ ਨਹੀਂ ਹੋ ਸਕਦਾ। ਮੀਰ ਮਨੂੰ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਕਸਮ ਖਾਧੀ ਹੋਈ ਸੀ ਇਸ ਲਈ ਉਹ ਆਪਣੀਆਂ ਫੌਜਾਂ ਲੈ ਕੇ ਮਾਲਵੇ ਵੱਲ ਨੂੰ ਰਵਾਨਾ ਹੋ ਪਿਆ। ਸਤਲੁਜ ਦਰਿਆ ਪਾਰ ਕਰ ਕੇ ਉਸ ਨੇ ਲੁਧਿਆਣਾ ਜ਼ਿਲੇ ਦੇ ਮੁੱਲਾਂਪੁਰ ਨਗਰ ਵਿਚ ਆਪਣਾ ਬਹੁਤ ਵੱਡਾ ਪੜਾਅ ਲਾ ਲਿਆ। ਉਸ ਨੇ ਆਪਣੇ ਸਿਪਾਹੀਆਂ ਨੂੰ ਪਿੰਡਾਂ ਵਿਚ ਭੇਜ ਕੇ ਸਿੱਖ ਬੀਬੀਆਂ ਅਤੇ ਬੱਚਿਆਂ ਨੂੰ ਫੜ ਕੇ ਇੱਥੇ ਪੜਾਅ ਵਿਚ ਲਿਆਉਣ ਦਾ ਹੁਕਮ ਦਿੱਤਾ। ਸਿਪਾਹੀ ਦੂਰ-ਨੇੜੇ ਦੇ ਪਿੰਡਾਂ ਵਿੱਚ ਜਾ ਕੇ ਸਿੱਖ ਬੀਬੀਆਂ ਅਤੇ ਬੱਚਿਆਂ ਨੂੰ ਫੜ-ਫੜ ਕੇ ਮੁੱਲਾਂਪੁਰ ਵਾਲੇ ਪੜਾਉ 'ਤੇ ਇਕੱਠੀਆਂ ਕਰਨ ਲੱਗ ਪਏ। ਇਨਾਂ ਦਿਨਾਂ ਵਿੱਚ ਸਿੱਖ ਛੋਟੇ ਘੱਲੂਘਾਰੇ ਤੋਂ ਬਾਅਦ ਪਹਾੜਾਂ ਅਤੇ ਰਾਜਸਥਾਨ ਦੇ ਇਲਾਕੇ ਵਿਚ ਰਹਿ ਰਹੇ ਸਨ। ਘਰਾਂ ਵਿਚ ਸਿਰਫ ਬੀਬੀਆਂ ਤੇ ਬੱਚੇ ਹੀ ਸਨ। ਮੁੱਲਾਂਪੁਰ ਦੇ ਸੰਘਣੀ ਅਬਾਦੀ ਵਾਲੇ ਇਲਾਕੇ ਵਿੱਚੋਂ ਬਹੁਤ ਸਾਰੀਆਂ ਸਿੱਖ ਬੀਬੀਆਂ ਤੇ ਬੱਚੇ ਗ੍ਰਿਫ਼ਤਾਰ ਕਰ ਲਏ ਗਏ।

ਰਿਆਸਤ ਕੁਠਾਲਾ, ਰਿਆਸਤ ਮਲੇਰਕੋਟਲਾ, ਸ੍ਰੀ ਚਮਕੌਰ ਸਾਹਿਬ, ਸ੍ਰੀ ਫਤਿਹਗੜ ਸਾਹਿਬ ਅਤੇ ਸਿੱਧਸਰ, ਬੇਰ, ਗੋਸਲਾਂ, ਝਾਮਟ, ਕਲਾੜ, ਮਹੇਰਨਾ, ਸੰਤਪੁਰਾ, ਕਲਸੀਆਂ, ਰਾਏਕੋਟ, ਹਠੂਰ, ਬਧਨੀ, ਗਾਲਿਬ ਕਲਾਂ, ਕਰਾੜੀ ਦਾ ਥੇਹ ਆਦਿ ਦੇ ਇਲਾਕਿਆਂ ਵਿੱਚੋਂ ਬੀਬੀਆਂ ਨੂੰ ਗ੍ਰਿਫ਼ਤਾਰ ਕਰ ਕੇ ਇੱਥੇ ਲਿਆਂਦਾ ਗਿਆ। ਕਰਾੜੀ ਦੀ ਥੇਹ ਬਾਰੇ ਇਹ ਗੱਲ ਵੀ ਮਸ਼ਹੂਰ ਹੈ ਕਿ ਦੋ ਸੁੰਦਰ ਤੇ ਜਵਾਨ ਬੀਬੀਆਂ ਨੇ ਜਦੋਂ ਜ਼ਾਲਮ ਮੁਗ਼ਲ ਸਿਪਾਹੀਆਂ ਨੂੰ ਦੇਖਿਆਂ ਤਾਂ ਉਹ ਦੌੜ ਗਈਆਂ। ਜਦੋਂ ਘੋੜ-ਸਵਾਰ ਸਿਪਾਹੀ ਉਨਾਂ ਦੇ ਨੇੜੇ ਆ ਗਏ ਤਾਂ ਉਨਾਂ ਨੇ ਨਾਲ ਦੇ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ। ਇਨਾਂ ਗ੍ਰਿਫ਼ਤਾਰ ਕੀਤੀਆਂ ਬੀਬੀਆਂ ਵਿੱਚ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੀ ਪਤਨੀ ਬੀਬੀ ਬਸੰਤ ਕੌਰ ਜੀ ਵੀ ਸ਼ਾਮਿਲ ਸੀ। ਬੀਬੀ ਬਸੰਤ ਕੌਰ ਜੀ ਨੂੰ ਸਾਰੀਆਂ ਬੀਬੀਆਂ ਨੇ ਆਪਣੀ ਜਥੇਦਾਰ ਮੰਨ ਲਿਆ ਅਤੇ ਉਸ ਦੀ ਹਰ ਗੱਲ 'ਤੇ ਫੁੱਲ ਚੜਾਉਣ ਦਾ ਵਾਅਦਾ ਕੀਤਾ। ਜਿਸ ਸਥਾਨ 'ਤੇ ਮੀਰ ਮਨੂੰ ਨੇ ਇਨਾਂ ਬੀਬੀਆਂ ਨੂੰ ਕੈਂਪ ਵਿੱਚ ਕੈਦ ਕਰ ਕੇ ਰੱਖਿਆ ਸੀ ਉਸ ਥਾਂ 'ਤੇ ਮੁੱਲਾਂਪੁਰ ਵਿਖੇ ਬੀਬੀਆਂ ਦੀ ਯਾਦ ਵਿੱਚ ਅੱਜ ਕੱਲ ਗੁਰਦੁਆਰਾ ਮੁਸ਼ਕਿਆਣਾ ਸਾਹਿਬ ਸੁਸ਼ੋਭਿਤ ਹੈ।

ਇਨਾਂ ਬੀਬੀਆਂ ਨੂੰ ਇਕੱਠੀਆਂ ਕਰ ਕੇ ਤਿਹਾੜਾ, ਧਰਮ ਕੋਟ ਤੇ ਕੋਟ ਈਸੇ ਖਾਂ ਦੇ ਰਸਤੇ ਗੱਡਿਆਂ ਉੱਪਰ ਪੁੱਠੀਆਂ ਮੁਸ਼ਕਾਂ ਬੰਨ ਕੇ ਨੂੜ ਕੇ ਲਾਹੌਰ ਲਿਜਾਇਆ ਗਿਆ। ਇੱਥੇ ਇਨਾਂ ਨੂੰ ਨਖਾਸ ਚੌਕ ਵਾਲੀ ਜੇਲ ਵਿਚ ਬੰਦ ਕਰ ਕੇ ਹਰ ਰੋਜ਼ ਅਕਿਹ ਤਸੀਹੇ ਦਿੱਤੇ ਜਾਂਦੇ। ਇਨਾਂ ਨੂੰ ਕਈ ਤਰਾਂ ਦੇ ਲਾਲਚ ਦੇ ਕੇ ਇਸਲਾਮ ਧਾਰਨ ਕਰਨ ਲਈ ਮਜ਼ਬੂਰ ਕੀਤਾ ਜਾਂਦਾ। ਜਦੋਂ ਇਨਾਂ ਵੱਲੋਂ ਕੋਈ ਹਾਂ ਭਰਿਆ ਹੁੰਗਾਰਾ ਨਾ ਮਿਲਦਾ ਤਾਂ ਇਨਾਂ 'ਤੇ ਤਸੀਹਿਆਂ ਦਾ ਦੌਰ ਸ਼ੁਰੂ ਹੋ ਜਾਂਦਾ। ਇਨਾਂ ਨੂੰ ਹਰ ਰੋਜ਼ ਇਕ ਪਿਆਲਾ ਪਾਣੀ ਅਤੇ ਸਵਾ ਛਟਾਂਕ ਆਟਾ ਜਿਸ ਵਿਚ ਅੱਧਾ ਨਮਕ ਹੁੰਦਾ ਸੀ ਦਿੱਤਾ ਜਾਂਦਾ ਸੀ। ਹਰ ਇਕ ਨੂੰ ਸਵਾ-ਸਵਾ ਮਣ ਪੀਸਣਾ ਹੱਥ ਚੱਕੀ 'ਤੇ ਪੀਸਾਇਆ ਜਾਂਦਾ ਸੀ। ਜੇਕਰ ਕਿਸੇ ਬੀਬੀ ਤੋਂ ਪੀਸਣਾ ਨਾ ਪੀਸਿਆ ਜਾਂਦਾ ਤਾਂ ਉਸ ਦੀ ਛਾਤੀ 'ਤੇ ਸਵਾ ਮਣ ਪੱਕੇ ਦਾ ਪੱਥਰ ਦਾ ਗੋਲਾ ਰੱਖਿਆ ਜਾਂਦਾ ਸੀ। ਇਨਾਂ ਦੀਆਂ ਗੋਦੀਆਂ ਵਿਚ ਨਿੱਕੇ-ਨਿੱਕੇ ਬਾਲ ਭੁੱਖ ਨਾਲ ਵਿਲਕਦੇ ਪਰ ਇਨਾਂ ਨੇ ਹਰ ਹਾਲਤ ਵਿਚ ਆਪਣੇ ਧਰਮ 'ਤੇ ਡਟ ਕੇ ਪਹਿਰਾ ਦਿੱਤਾ ਅਤੇ ਹਰ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ। ਜਦੋਂ ਇਨਾਂ ਦੀ ਪੇਸ਼ੀ ਮੀਰ ਮਨੂੰ ਅੱਗੇ ਪੈਂਦੀ ਤਾਂ ਇਹ ਆਪਣੇ ਧਰਮ 'ਤੇ ਡਟੇ ਰਹਿਣ ਦਾ ਸਬੂਤ ਦਿੰਦੀਆਂ ਤਾਂ ਮੀਰ ਮਨੂੰ ਦੇ ਸੱਤੀਂ ਕੱਪੜੀਂ ਅੱਗ ਲੱਗ ਜਾਂਦੀ।

ਬੀਬੀਆਂ ਨੂੰ ਧਰਮ ਤੋਂ ਡੁਲਾਉਣ ਲਈ ਉਸ ਨੇ ਛੋਟੇ ਬੱਚਿਆਂ ਨੂੰ ਉਨਾਂ ਅੱਗੇ ਤਸੀਹੇ ਦੇਣ ਦੀ ਸੋਚੀ। ਇਸ ਨੇ ਜਲਾਦਾਂ ਨੂੰ ਹੁਕਮ ਕਰ ਦਿੱਤਾ ਕਿ ਬੀਬੀਆਂ ਤੋਂ ਨਿੱਕੇ ਬੱਚੇ ਖੋਹ ਕੇ ਉਨਾਂ ਦੇ ਸਾਹਮਣੇ ਨੇਜ਼ਿਆਂ 'ਤੇ ਟੰਗ ਕੇ ਸ਼ਹੀਦ ਕਰ ਦਿੱਤੇ ਜਾਣ। ਬੱਚਿਆਂ ਦੇ ਟੋਟੇ-ਟੋਟੇ ਕਰਕੇ ਮਾਂਵਾਂ ਦੀਆਂ ਝੋਲੀਆਂ ਵਿੱਚ ਪਾ ਦਿੱਤੇ ਜਾਣ। ਬੱਚਿਆਂ ਦੀਆਂ ਆਂਦਰਾਂ ਦੇ ਹਾਰ ਬਣਾ ਕੇ ਸਿਦਕੀ ਬੀਬੀਆਂ ਦੇ ਗਲਾਂ ਵਿਚ ਪਾ ਦਿੱਤੇ ਜਾਣ। ਬਾਲਾਂ ਦੇ ਕਲੇਜੇ ਕੱਢ ਕੇ ਮਾਵਾਂ ਦੇ ਮੂੰਹਾਂ ਵਿੱਚ ਤੁੰਨ ਦਿੱਤੇ ਜਾਣ। ਇਨਾਂ ਸਾਰੀਆਂ ਸਖਤੀਆਂ ਦੇ ਬਾਵਜੂਦ ਵੀ ਮੀਰ ਮਨੂੰ ਇਨਾਂ ਸਿੱਖ ਬੀਬੀਆਂ ਨੂੰ ਧਰਮ ਤੋਂ ਨਹੀਂ ਡੁਲਾ ਸਕਿਆ। ਬੀਬੀਆਂ ਨੇ ਹੱਸ-ਹੱਸ ਕੇ ਸ਼ਹੀਦੀਆਂ ਪਾਈਆਂ। ਗਿਆਨੀ ਗਿਆਨ ਸਿੰਘ ਜੀ ਇਸ ਘਟਨਾ ਦਾ ਜਿਕਰ ਪੰਥ ਪ੍ਰਕਾਸ਼ ਵਿਚ ਕਰਦੇ ਹਨ :-

ਇਹ ਸੁਨ ਮਨੂੰ ਕੋਪ ਬਿਸਾਲੇ। ਕੀਨੇ ਜੁਲਮ ਅਭੁਲ ਮਕਰਾਲੇ।
ਸਿੱਖਣੀਆਂ ਕੇ ਬੱਚੇ ਲੈ ਕੇ। ਉਨ ਕੇ ਸਨਮੁਖ ਉਨੈ ਦਿਖੈਕੇ।
ਊਪਰ ਕੋ ਉਛਾਲ ਕਟ ਸੁਟ ਹੈਂ। ਕਰ ਅਤਿ ਜੁਲਮ ਜੜਾ ਨਿਜ ਪੁਟਹੈਂ।
ਬਰਛਿਆਂ ਮਾਂਹਿ ਅਨੇਕ ਪਰੋਏ। ਸ਼ੀਰਖੋਰ ਤੜਫਾ ਇਮ ਕੋਹੇ।
ਸਿਖਣੀਆਂ ਮੰਨ ਗੁਰੂਕਾ ਭਾਂਣਾ। ਦੇਖ ਸਬਰ ਕਰ ਰਹੀ ਅਮਾਣਾ।
ਪੁਨ ਉਨ ਚੋਕਾਂ ਸੋਲਨ ਕੇਰੀ। ਸਿੱਖਣੀਆਂ ਕੋ ਦਈ ਬਧੇਰੀ।
ਹਾਥ ਪੈਰ ਘੁਟ ਘੁਟ ਬੰਧਵਾਏ। ਚਾਬਕ ਤਨ ਪਰ ਬਹੁ ਲਗਵਾਏ।
ਮਨੂੰ ਦੁਸ਼ਟ ਪੁਨਾ ਧੁਨਾ ਕੈਹੈ। ਮੰਨੋ ਦੀਨ ਨਤੁ ਜਾਂਨਾ ਲੈਹੈਂ।
ਇਕ ਸਿਖਣੀ ਤਬ ਐਸ ਅਲਾਵਾ। ਤੈ ਨਹਿ ਮਸਲਾ ਯਹਿ ਸਨ ਪਾਵਾ।
ਘੀਸ ਨ੍ਰਿਪ ਬਾਲਕ ਸਠ ਤੀਆ। ਗਹੁ ਹਠ ਇਨੈ ਨ ਛੁਟਤ ਕਦੀਆ।
ਤ੍ਰੀਮਤ ਜੀਵਤ ਅਗਨਿ ਸੜੈਹੈ। ਪਰ ਨਹਿ ਟਰਤ ਅੰਗ ਹਲੈ ਹੈ।
ਬੇਸ਼ਕ ਜਰੀ ਜਰੀ ਕਟ ਡਾਰੋ। ਪਰ ਨਹਿ ਮਾਂਨੈ ਮਜਬ ਤੁਮਾਰੋ।

ਇਨਾਂ ਦਿਨਾਂ ਵਿਚ ਸਿੰਘਾਂ ਦਾ ਇਕ ਜਥਾ ਕਾਹਨੂੰਵਾਨ ਦੇ ਛੰਭ ਵਿੱਚ ਉਤਰਿਆ ਹੋਇਆ ਸੀ। ਜਦੋਂ ਇਨਾਂ ਦੇ ਸੂਹੀਆਂ ਨੇ ਇਨਾਂ ਨੂੰ ਲਾਹੌਰ ਦੀ ਸਾਰੀ ਘਟਨਾ ਦੱਸੀ ਤਾਂ ਇਨਾਂ ਦਾ ਖ਼ੂਨ ਖੋਲ ਪਿਆ। ਸਿੰਘਾਂ ਨੇ ਕਾਹਨੂੰਵਾਨ ਦੇ ਛੰਭ 'ਚੋਂ ਨਿਕਲ ਆਪਣੀ ਗੁਰੀਲਾ ਲੜਾਈ ਦੀ ਨੀਤੀ ਅਨੁਸਾਰ ਜ਼ਾਲਮਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ। ਮੀਰ ਮਨੂੰ ਸਿੰਘਾਂ ਨੂੰ ਫੜਨ ਲਈ ਆਪਣੀ ਫੌਜ ਲੈ ਕੇ ਚੜ ਪਿਆ।

ਉਸ ਨੇ ਮੁੱਲਾਂਪੁਰ ਪਾਸ ਆ ਕੇ ਡੇਰੇ ਲਾ ਲਏ ਸਿੰਘਾਂ ਦੀ ਭਾਲ ਸ਼ੁਰੂ ਕਰ ਦਿੱਤੀ। ਇਸ ਨੇ ਸਿੰਘਾਂ ਦੇ ਇਕ ਜਥੇ ਨੂੰ ਕਮਾਦ ਵਿਚ ਘੇਰ ਲਿਆ। ਗੋਲੀਬਾਰੀ ਦੇ ਸ਼ੋਰ ਨਾਲ ਮੀਰ ਮਨੂੰ ਦਾ ਘੋੜਾ ਤ੍ਰਭਕ ਗਿਆ ਅਤੇ ਸਰਪਟ ਦੌੜ ਪਿਆ। ਡਰ ਕੇ ਭੱਜਿਆ ਜਾਂਦਾ ਘੋੜਾ ਉਸ ਤੋਂ ਸੰਭਾਲਿਆ ਨਾ ਗਿਆ। ਇਸ ਜਦੋ-ਜਹਿਦ ਵਿੱਚ ਮੀਰ ਮਨੂੰ ਦਾ ਪੈਰ ਘੋੜੇ ਦੀ ਰਕਾਬ ਵਿੱਚ ਫਸ ਗਿਆ ਅਤੇ ਉਹ ਘੋੜੇ ਦੀ ਕਾਠੀ ਤੋਂ ਡਿੱਗ ਗਿਆ। ਘੋੜੇ ਨੇ ਉਸ ਨੂੰ ਧੂਹ-ਧੂਹ ਕੇ ਮਾਰ ਦਿੱਤਾ।

ਸਿੰਘਾਂ ਲਈ ਚੰਗਾ ਮੌਕਾ ਸੀ, ਉਨਾਂ ਨੇ ਲਾਹੌਰ ਦੀ ਜੇਲ 'ਤੇ ਛਾਪਾ ਮਾਰ ਕੇ ਬਾਕੀ ਬਚੀਆਂ ਬੀਬੀਆਂ ਨੂੰ ਛੁਡਾ ਲਿਆ। ਮੀਰ ਮਨੂੰ ਨੇ ਆਪਣੇ ਸਿਪਾਹੀਆਂ ਦੀ ਕਈ ਮਹੀਨਿਆਂ ਦੀ ਤਨਖਾਹ ਬਕਾਇਆ ਦੇਣੀ ਸੀ। ਜਦੋਂ ਉਸ ਦੀ ਲਾਸ਼ ਲਾਹੌਰ ਪਹੁੰਚੀ ਤਾਂ ਸਿਪਾਹੀਆਂ ਨੇ ਉਸ ਦੀ ਲਾਸ਼ 'ਤੇ ਕਬਜ਼ਾ ਕਰ ਲਿਆ ਅਤੇ ਸ਼ਰਤ ਲਗਾ ਦਿੱਤੀ ਕਿ ਪਹਿਲਾਂ ਬੇਗਮ ਤਨਖਾਹਾਂ ਦੇਵੇ ਫਿਰ ਹੀ ਲਾਸ਼ ਨੂੰ ਦਫ਼ਨਾਉਣ ਦਿੱਤਾ ਜਾਵੇਗਾ। ਮੀਰ ਮਨੂੰ ਦੀ ਲਾਸ਼ ਕਈ ਦਿਨ ਰੁਲਦੀ ਰਹੀ। ਬੜੀ ਮੁਸ਼ਕਲ ਨਾਲ ਬੇਗ਼ਮ ਨੇ ਪੈਸੇ ਇਕੱਠੇ ਕਰ ਕੇ ਸਿਪਾਹੀਆਂ ਨੂੰ ਦਿੱਤੇ ਅਤੇ ਮੀਰ ਮਨੂੰ ਨੂੰ ਦਫ਼ਨਾਇਆ।

ਲਾਹੌਰ ਵਿੱਚ ਜਿਸ ਥਾਂ 'ਤੇ ਮੀਰ ਮਨੂੰ ਵੱਲੋਂ ਮਾਸੂਮ ਬੱਚਿਆਂ ਨੂੰ ਅਤੇ ਸਿੰਘਣੀਆਂ ਨੂੰ ਸ਼ਹੀਦ ਕੀਤਾ ਗਿਆ ਉਸ ਥਾਂ 'ਤੇ ਮੀਰ ਮਨੂੰ ਵੱਲੋਂ ਸਿੰਘਾਂ ਨੂੰ ਫਤਵੇ ਲਗਾਉਣ ਲਈ ਮਸਜਿਦ-ਨੁਮਾ ਇਮਾਰਤ ਦੀ ਉਸਾਰੀ ਕਰਵਾਈ ਹੋਈ ਸੀ। ਇੱਥੇ ਬੈਠ ਕੇ ਹੀ ਮੀਰ ਮਨੂੰ ਕਾਜ਼ੀਆਂ ਨਾਲ ਸਲਾਹ ਕਰ ਕੇ ਸਿੰਘਾਂ ਲਈ ਸਜ਼ਾਵਾਂ ਤਜਵੀਜ਼ ਕਰਿਆ ਕਰਦਾ ਹੁੰਦਾ ਸੀ। ਇਸ ਦੀਆਂ ਨੀਹਾਂ ਵਿੱਚ ਉਸ ਨੇ ਸਿੰਘਾਂ ਦੀ ਹੱਡੀਆਂ ਅਤੇ ਬੱਚਿਆ ਦੇ ਪਿੰਜਰ ਚਿਣਵਾਏ ਸਨ। ਇੱਟਾਂ ਥੋੜੀਆਂ ਸਨ ਪਿੰਜਰ ਜ਼ਿਆਦਾ। ਬਾਹਰੋਂ ਇਹ ਇਮਾਰਤ ਚੂਨੇ ਗੱਚ ਸੀ।

ਸੰਨ 1935 ਈ: ਵਿੱਚ ਸਿੰਘਾਂ ਨੇ ਇਸ ਪੁਰਾਣੀ ਇਮਾਰਤ ਨੂੰ ਢਾਹ ਕੇ ਸ਼ਹੀਦ ਸਿੰਘਣੀਆਂ ਦੀ ਯਾਦਗਾਰ ਕਾਇਮ ਕਰਨੀ ਚਾਹੀ ਤਾਂ ਢਾਹੀ ਗਈ ਪੁਰਾਣੀ ਇਮਾਰਤ ਵਿੱਚੋਂ ਅਨੇਕਾਂ ਪਿੰਜਰ, ਖੋਪੜੀਆਂ ਨਿਕਲੀਆਂ। ਇਸ ਦੇ ਪਾਸ ਹੀ ਇਕ ਖੂਹ ਵਿੱਚੋਂ ਅਨੇਕਾਂ ਪਿੰਜਰ, ਹੱਡੀਆਂ ਅਤੇ ਉਹ ਗੋਲਾ ਵੀ ਨਿਕਲਿਆ ਜੋ ਬੀਬੀਆਂ ਦੀ ਛਾਤੀ 'ਤੇ ਰੱਖ ਕੇ ਉਨਾਂ ਨੂੰ ਤਸੀਹੇ ਦਿੱਤੇ ਜਾਂਦੇ ਸਨ। ਇਹ ਸਾਰੀਆਂ ਨਿਸ਼ਾਨੀਆਂ ਸਿੰਘਾਂ ਨੇ ਸੰਭਾਲ ਕੇ ਗੁਰਦੁਆਰਾ ਸ਼ਹੀਦ ਗੰਜ ਸਿੰਘ ਸਿੰਘਣੀਆਂ ਲਾਹੌਰ ਵਿੱਚ ਰੱਖੀਆਂ ਹੋਈਆਂ ਸਨ ਪਰ 1947 ਈ: ਦੀ ਦੇਸ਼ ਵੰਡ ਤੋਂ ਬਾਅਦ ਇਹ ਕਿੱਥੇ ਗਈਆਂ ਕੁਝ ਪਤਾ ਨਹੀਂ। ਇਹ ਸਥਾਨ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿੱਚ ਨਖਾਸ ਚੌਕ ਦੇ ਨੇੜੇ ਹੈ। ਇਨਾਂ ਸ਼ਹੀਦ ਬੀਬੀਆਂ ਬੱਚਿਆਂ ਦੀ ਯਾਦ ਸਿੱਖਾਂ ਦੇ ਮਨਾਂ ਵਿੱਚ ਹਰ ਵੇਲੇ ਕਾਇਮ ਰਹਿੰਦੀ ਹੈ। ਹਰ ਸਿੱਖ ਹਰ ਰੋਜ਼ ਆਪਣੀ ਅਰਦਾਸ ਵਿਚ ਇਨਾਂ ਨੂੰ ਯਾਦ ਕਰਨਾ ਨਹੀਂ ਭੁਲਦਾ :-

'ਜਿਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ।

## ਵੀਹਵੀਂ ਸਦੀ ਦੇ ਮਨੁੱਖੀ

ਉਨਾਂ ਦੇ ਘਰ ਤਲਾਸ਼ੀ ਲੈ ਕੇ ਕੀਮਤੀ ਸਾਮਾਨ ਚੋਰੀ ਕਰ ਲਿਆ ਗਿਆ, ਜੋ ਡਾਕੇ ਤੋਂ ਘੱਟ ਨਹੀਂ ਸੀ, ਪਰ 'ਇਹ ਡਾਕੂ ਪੁਲਿਸ' ਗਏ ਸਨ। ਉਨਾਂ ਨੂੰ ਜਿਸਮਾਨੀ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਅਤੇ ਇਹ ਮੁਜਰਮਾਨਾ ਡਰਾਵਾ ਦੇਣ ਵਾਲੇ ਬੰਦਿਆਂ ਨੇ 'ਰਾਜ ਦੀਆਂ ਵਰਦੀਆਂ' ਪਹਿਨੀਆਂ ਹੋਈਆਂ ਸਨ। ਜਸਟਿਸ ਅਜੀਤ ਸਿੰਘ ਦੇ ਕਥਨ ਵਿਚ ਉਹ ਇਸ ਨੂੰ 'ਰਾਜ ਦੀ ਦਹਿਸ਼ਤਗਰਦੀ' ਕਹਿੰਦੇ ਹਨ ਅਤੇ ਰਾਜ ਨੂੰ 'ਦਹਿਸ਼ਤਗਰਦੀ ਦੀ ਜੜ' ਕਹਿੰਦੇ ਹਨ। ਮਈ 1992 ਵਿੱਚ ਬੁੜੈਲ ਜੇਲ ਚੰਡੀਗੜ ਤੋਂ, ਜਸਟਿਸ ਅਜੀਤ ਸਿੰਘ ਬੈਂਸ ਦੇ ਲਿਖੇ ਇਹ ਸ਼ਬਦ ਦਿਲ ਝੰਜੋੜਨ ਵਾਲੇ ਹਨ। ਚਾਰ ਮਹੀਨੇ ਗ਼ੈਰ-ਕਾਨੂੰਨੀ ਢੰਗ ਨਾਲ ਜੇਲ ਵਿੱਚ ਰੱਖਣ ਮਗਰੋਂ ਆਪ ਨੂੰ ਜ਼ਮਾਨਤ ਮਿਲੀ। ਜਸਟਿਸ ਬੈਂਸ 'ਤੇ ਪਾਏ ਝੂਠੇ ਮਾਮਲੇ ਦੇ ਸਬੰਧ ਵਿੱਚ ਉੱਘੀਆਂ ਸ਼ਖ਼ਸੀਅਤਾਂ ਨਿਰਮਲ ਕੁਮਾਰ ਮੁਖਰਜੀ ਸਾਬਕਾ ਗਵਰਨਰ ਪੰਜਾਬ, ਆਰ ਐਸ ਨਰੂਲਾ ਸਾਬਕਾ ਚੀਫ਼ ਜਸਟਿਸ ਪੰਜਾਬ ਹਾਈਕੋਰਟ, ਰਜਨੀ ਕੋਠਾਰੀ, ਇੰਦਰਮੋਹਨ ਅਤੇ ਪਤਵੰਤ ਸਿੰਘ ਸਮੇਤ ਅਹਿਮ ਸ਼ਹਿਰੀਆਂ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ, ਪਰ ਡੇਢ ਵਰਾ ਲੰਘ ਜਾਣ ਦੇ ਬਾਵਜੂਦ ਵੀ ਸੁਣਵਾਈ ਦੀ ਤਾਰੀਖ ਨਿਸ਼ਚਤ ਨਾ ਹੋਈ। ਆਖਰਕਾਰ ਸੰਨ 1996 ਵਿੱਚ ਜਸਟਿਸ ਅਜੀਤ ਸਿੰਘ ਬੈਂਸ ਨੂੰ ਝੂਠੇ ਮਾਮਲਿਆਂ ਵਿਚ ਬਰੀ ਕੀਤਾ ਗਿਆ, ਪਰ ਭਾਰਤ ਸਰਕਾਰ ਦੇ ਮੱਥੇ ਤੋਂ ਇੱਕ ਸਾਬਕਾ ਜਸਟਿਸ ਨੂੰ ਝੂਠੇ ਮਾਮਲੇ 'ਚ ਜੇਲ ਵਿਚ ਸੁੱਟਣ ਦਾ ਕਲੰਕ ਕਦੇ ਨਹੀਂ ਮਿਟੇਗਾ।

ਜਸਟਿਸ ਅਜੀਤ ਸਿੰਘ ਬੈਂਸ ਦੀ ਕੈਨੇਡਾ ਨਾਲ ਸਾਂਝ : ਜਸਟਿਸ ਬੈਂਸ ਸਾਹਿਬ ਦੀ ਕੈਨੇਡਾ ਨਾਲ ਡੂੰਘੀ ਸਾਂਝ ਦੀ ਕੜੀ, ਉਨਾਂ ਦੇ ਸਭ ਤੋਂ ਛੋਟੇ ਭਰਾ ਹਰਦਿਆਲ ਬੈਂਸ, ਛੋਟੀ ਭੈਣ ਬੀਬੀ ਰਣਜੀਤ ਕੌਰ ਹੁੰਦਲ ਸਮੇਤ ਸਮੂਹ ਨਜ਼ਦੀਕੀ ਪਰਿਵਾਰ, ਸਿੱਖ ਪੰਥ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ ਕਹੇ ਜਾ ਸਕਦੇ ਹਨ ਜਿਨਾਂ ਨੂੰ ਬੈਂਸ ਸਾਹਿਬ ਵਾਰ-ਵਾਰ ਮਿਲਦੇ ਰਹੇ। ਸੰਨ 1975 ਵਿੱਚ ਜਦੋਂ ਭਾਰਤ ਅੰਦਰ ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਲਾਈ ਗਈ ਸੀ, ਉਸ ਸਮੇਂ ਜਸਟਿਸ ਬੈਂਸ ਕੈਨੇਡਾ ਵਿਚ ਸਨ ਅਤੇ ਇੱਕ ਵਾਰ ਉਨਾਂ ਮਨ ਵੀ ਬਣਾਇਆ ਕਿ ਉਹ ਵਾਪਸ ਪਰਤਣ ਦੀ ਥਾਂ, ਇੱਥੋਂ ਹੀ ਮਨੁੱਖੀ ਅਧਿਕਾਰਾਂ ਦਾ ਸੰਘਰਸ਼ ਕਰਨਗੇ, ਜਿੱਥੇ ਉਨਾਂ ਦੇ ਭਰਾ ਅਤੇ ਕਮਿਊਨਿਸਟ ਪਾਰਟੀ ਮਾਰਕਸਵਾਦੀ ਲੈਨਿਨਵਾਦੀ ਦੇ ਆਗੂ ਹਰਦਿਆਲ ਬੈਂਸ ਸਰਕਾਰ ਵਿਰੁੱਧ, ਮਨੁੱਖੀ ਹੱਕਾਂ ਲਈ ਸੰਘਰਸ਼ ਕਰ ਰਹੇ ਸਨ। ਮਗਰੋਂ ਪਰਿਵਾਰਕ ਸੂਤਰਾਂ ਦੇ ਜ਼ੋਰ ਪਾਉਣ 'ਤੇ ਆਪ ਵਾਪਸ ਪਰਤੇ। ਦੂਸਰੇ ਪਾਸੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਹਰਦਿਆਲ ਬੈਂਸ ਨੂੰ ਭਾਰਤ ਸਰਕਾਰ ਵੱਲੋਂ 1975 ਵਿਚ 'ਬਲੈਕ ਲਿਸਟ' ਕਰ ਦਿੱਤਾ ਗਿਆ ਸੀ। ਸੰਨ 1988 ਵਿੱਚ ਜਦੋਂ ਭਾਰਤ ਦਾ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਕੈਨੇਡਾ ਵਿੱਚ ਵੈਨਕੂਵਰ ਦੇ ਦੌਰੇ 'ਤੇ ਸੀ, ਉਸ ਵੇਲੇ ਵੀ ਵੈਨਕੂਵਰ ਵਿੱਚ ਹੀ ਹੋ ਰਹੀ ਮਨੁੱਖੀ ਅਧਿਕਾਰਾਂ ਸਬੰਧੀ ਕਾਨਫ਼ਰੰਸ ਵਿੱਚ ਜਸਟਿਸ ਸਾਹਿਬ ਸੰਬੋਧਨ ਕਰਦੇ ਰਹੇ ਅਤੇ ਭਾਰਤ ਵਿੱਚ ਹੋ ਰਹੀਆਂ ਧੱਕੇਸ਼ਾਹੀਆਂ ਨੂੰ ਸੰਸਾਰ ਸਾਹਮਣੇ ਰੱਖਦੇ ਰਹੇ। ਸੰਨ 1995 ਵਿੱਚ ਮਨੁੱਖੀ ਅਧਿਕਾਰਾਂ ਦੇ ਜਾਂਬਾਜ਼ ਯੋਧੇ ਸ਼ਹੀਦ ਜਸਵੰਤ ਸਿੰਘ ਖਾਲੜਾ ਅਤੇ ਜਸਟਿਸ ਅਜੀਤ ਸਿੰਘ ਬੈਂਸ ਇਕੱਠੇ, ਕੈਨੇਡਾ ਦੀ ਰਾਜਧਾਨੀ ਔਟਵਾ ਸਥਿਤ ਪਾਰਲੀਮੈਂਟ ਵਿਖੇ, ਮਨੁੱਖੀ ਅਧਿਕਾਰਾਂ ਦੀ ਕਾਨਫ਼ਰੰਸ ਵਿੱਚ ਸ਼ਾਮਲ ਹੋਏ। ਦੋਹਾਂ ਨੇ ਭਾਰਤ ਦੀਆਂ ਫਾਸ਼ੀਵਾਦੀ ਨੀਤੀਆਂ ਦੀ ਸੱਚਾਈ ਸੰਸਾਰ ਸਾਹਮਣੇ ਰੱਖੀ। ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਨੇ ਪੱਚੀ ਹਜ਼ਾਰ ਲਾਵਾਰਿਸ ਲਾਸ਼ਾਂ ਦੀ ਦਾਸਤਾਨ ਬਿਆਨ ਕੀਤੀ, ਉਥੇ ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਵਿੱਚ ਇੱਕ ਲੱਖ ਤੋਂ ਵੱਧ ਸਿੱਖ ਨੌਜਵਾਨ ਸਰਕਾਰ ਵੱਲੋਂ ਸ਼ਹੀਦ ਕੀਤੇ ਜਾ ਚੁੱਕੇ ਹਨ। ਉਨਾਂ ਪੰਜਾਬ ਵਿੱਚ ਅਸਲ ਵਿੱਚ 'ਕਬਰਾਂ ਦੀ ਸ਼ਾਂਤੀ' ਦੇ ਮਾਹੌਲ ਦੱਸਦਿਆਂ, ਅੰਤਰਰਾਸ਼ਟਰੀ ਭਾਈਚਾਰੇ ਤੋਂ ਮੰਗ ਕੀਤੀ ਕਿ ਟਾਡਾ ਅਤੇ ਹੋਰ ਕਾਲੇ ਕਾਨੂੰਨ ਵਾਪਸ ਲੈਣ ਲਈ, ਭਾਰਤ ਸਰਕਾਰ 'ਤੇ ਦਬਾਅ ਪਾਇਆ ਜਾਏ। ਇੱਥੇ ਜ਼ਿਕਰਯੋਗ ਹੈ ਕਿ ਕੈਨੇਡਾ ਦੀ ਵਾਪਸੀ ਮਗਰੋਂ ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰਕੇ, ਪੰਜਾਬ ਪੁਲਿਸ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਸੀ।

ਸਿੱਖ ਸੰਘਰਸ਼ ਦੇ ਯੋਧਿਆਂ ਲਈ 'ਹਾਅ ਦਾ ਨਾਅਰਾ' : ਜਸਟਿਸ ਅਜੀਤ ਸਿੰਘ ਬੈਂਸ ਨੇ ਜੀਵਨ ਭਰ ਮਨੁੱਖੀ ਅਧਿਕਾਰਾਂ ਦਾ ਘੋਲ ਕਰਦਿਆਂ, ਸਿੱਖ ਸੰਘਰਸ਼ ਦੇ ਨੌਜਵਾਨਾਂ ਲਈ ਹਾਅ ਦਾ ਨਾਅਰਾ ਮਾਰਿਆ। ਉਨਾਂ ਦੀਆਂ ਵੈਦਿਆ ਕਤਲ ਕੇਸ ਵਿੱਚ ਸ਼ਹੀਦ ਹਰਜਿੰਦਰ ਸਿੰਘ ਜਿੰਦਾ ਅਤੇ ਭਾਈ ਸੁਖਦੇਵ ਸਿੰਘ ਸੁੱਖਾ ਨਾਲ ਪੂਨਾ ਜੇਲ 'ਚ ਮੁਲਾਕਾਤਾਂ, ਮੁੱਖ ਮੰਤਰੀ ਬੇਅੰਤ ਕਤਲ ਕੇਸ ਵਿੱਚ ਸ਼ਾਮਲ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ ਤੇ ਭਾਈ ਜਗਤਾਰ ਸਿੰਘ ਤਾਰਾ ਨਾਲ ਬੁੜੈਲ ਜੇਲ ਵਿਚ ਮੁਲਾਕਾਤਾਂ ਸਮੇਤ ਅਨੇਕਾਂ ਹੋਰ ਖਾੜਕੂਆਂ ਨਾਲ ਮੁਲਾਕਾਤਾਂ ਅਤੇ ਸ਼ਹੀਦ ਸਿੰਘਾਂ ਦੇ ਭੋਗਾਂ ਤੇ ਸ਼ਮੂਲੀਅਤ ਇਤਿਹਾਸਿਕ ਵੇਰਵੇ ਹਨ। ਆਪ ਨੇ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਦੀ ਮੌਤ ਦੀ ਸਜ਼ਾ ਦੇ ਵਿਰੁੱਧ ਲੰਮਾ ਸੰਘਰਸ਼ ਕਰਦਿਆਂ, ਜਰਮਨ ਸਰਕਾਰ ਦੇ ਚਾਂਸਲਰ ਤੱਕ ਪਹੁੰਚ ਕੀਤੀ। ਦੂਸਰੇ ਪਾਸੇ 'ਗੋਲ਼ੀ ਬਦਲੇ ਗੋਲ਼ੀ' ਦੀ ਘਿਨਾਉਣੀ ਸੋਚ ਧਾਰਨੀ ਪੰਜਾਬ ਦੇ ਸਾਬਕਾ ਪੁਲੀਸ ਮੁਖੀ ਜੂਲੀਓ ਐਫ ਰਿਬੈਰੋ ਦੀਆਂ ਧੱਕੇਸ਼ਾਹੀਆਂ ਅਤੇ ਜਬਰ ਖ਼ਿਲਾਫ਼ ਲਗਾਤਾਰ ਆਵਾਜ਼ ਬੁਲੰਦ ਕਰਦੇ ਰਹੇ।

ਪੰਜਾਬ ਪੀਪਲਜ਼ ਕਮਿਸ਼ਨ ਅਤੇ 'ਕੋ-ਆਰਡੀਨੇਸ਼ਨ ਕਮੇਟੀ ਫਾਰ ਡਿਸਅਪੀਰੈਂਸ ਇਨ ਪੰਜਾਬ' ਰਾਹੀਂ ਸੇਵਾਵਾਂ : ਸੰਨ 1997 ਵਿਚ ਜਸਟਿਸ ਕੁਲਦੀਪ ਸਿੰਘ ਨਾਲ ਮਿਲ ਕੇ ਪੰਜਾਬ ਪੀਪਲਜ਼ ਕਮਿਸ਼ਨ ਕਾਇਮ ਕਰਦਿਆਂ ਜਸਟਿਸ ਅਜੀਤ ਸਿੰਘ ਬੈਂਸ ਵੱਲੋਂ ਜ਼ੋਰਦਾਰ ਸੰਘਰਸ਼ ਕੀਤਾ ਗਿਆ, ਪਰ ਸਰਕਾਰੀ ਤਸ਼ੱਦਦ, ਵਿਕਾਊ ਪ੍ਰੈੱਸ-ਮੀਡੀਆ, ਅਖੌਤੀ ਖੱਬੇ ਪੱਖੀਆਂ ਅਤੇ ਜਾਅਲੀ ਕਾਮਰੇਡਾਂ ਦੀਆਂ ਜ਼ਾਲਮ ਸਰਕਾਰ -ਪੱਖੀ ਸਾਜਿਸ਼ਾਂ ਕਾਰਨ, ਇਹ ਕਮਿਸ਼ਨ ਰੱਦ ਕਰ ਦਿੱਤਾ ਗਿਆ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੀਪਲਜ਼ ਕਮਿਸ਼ਨ ਤੇ ਪਾਬੰਦੀ ਲਗਾ ਦਿੱਤੀ। ਆਪ ਨੇ ਉੱਘੇ ਕਾਨੂੰਨ ਮਾਹਰ ਰਾਮ ਨਰਾਇਣ ਨਾਲ ਮਿਲ ਕੇ, 'ਕੋ- ਆਰਡੀਨੇਸ਼ਨ ਕਮੇਟੀ ਫਾਰ ਡਿਸਅਪੀਰੈਂਸ ਇਨ ਪੰਜਾਬ' ਰਾਹੀਂ ਵੀ ਵਡਮੁੱਲੀਆਂ ਸੇਵਾਵਾਂ ਨਿਭਾਈਆਂ।

ਵਡਮੁੱਲੀਆਂ ਲਿਖਤਾਂ ਅਤੇ ਰਿਪੋਰਟਾਂ : ਜਸਟਿਸ ਅਜੀਤ ਸਿੰਘ ਬੈਂਸ ਦੀਆਂ ਬਤੌਰ ਜੱਜ ਅਤੇ ਮਨੁੱਖੀ ਅਧਿਕਾਰਾਂ ਦੀ ਕਾਰਕੁਨ ਵਜੋਂ ਲਿਖੀਆਂ ਕਿਤਾਬਾਂ ਇਤਿਹਾਸਕ ਦਸਤਾਵੇਜ਼ ਹਨ। ਆਪ ਦੀ ਲਿਖਤ 'ਸਿੱਖਾਂ ਦੀ ਘੇਰਾਬੰਦੀ' ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਤ ਹੈ, ਜਿਸ ਵਿੱਚ ਆਪ ਨੇ ਪੰਜਾਬ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਤੱਥ ਵਿਸਥਾਰ ਸਹਿਤ ਪੇਸ਼ ਕਰਕੇ, ਸੰਸਾਰ ਦੇ ਅੱਗੇ ਸਾਹਮਣੇ ਰੱਖੇ ਹਨ। ਜਸਟਿਸ ਸਾਹਿਬ ਦੇ ਕਿਤਾਬ 'ਦਹਿਸ਼ਤਗਰਦ ਕੌਣ? ਸਿੱਖ ਕਿ ਸਰਕਾਰ' ਵਿੱਚ ਹਕੂਮਤੀ ਦਹਿਸ਼ਤਗਰਦੀ ਅਤੇ ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿੱਚ ਭਾਰਤ ਦੀ ਹਾਲਤ ਬਿਆਨ ਕੀਤੀ ਗਈ ਹੈ। ਇਸ ਕਿਤਾਬ ਰਾਹੀਂ ਉਨਾਂ ਭਰ ਦੀਆਂ ਸਮੂਹ ਘੱਟਗਿਣਤੀਆਂ, ਅਗਾਂਹਵਧੂ ਤਾਕਤਾਂ ਐਕਟੀਵਿਸਟ ਅਤੇ ਬੁੱਧੀਜੀਵੀਆਂ ਨੂੰ ਇਕੱਠੇ ਹੋ ਕੇ, ਸਰਕਾਰੀ ਦਹਿਸ਼ਤਵਾਦ ਖ਼ਿਲਾਫ਼ ਡਟਣ ਦਾ ਸੁਨੇਹਾ ਦਿੱਤਾ ਹੈ। ਇਸ ਤੋਂ ਇਲਾਵਾ ਜਸਟਿਸ ਸਾਹਿਬ ਦੇ ਮਨੁੱਖੀ ਅਧਿਕਾਰਾਂ ਸਬੰਧੀ ਬਹੁਤ ਸਾਰੇ ਅਹਿਮ ਦਸਤਾਵੇਜ਼ ਅਤੇ ਰਿਪੋਰਟਾਂ ਵੀ ਜ਼ਿਕਰਯੋਗ ਹਨ। ਆਪ ਜੀ ਬਾਰੇ ਕਈ ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨਾਂ ਵਿੱਚ 'ਮਨੁੱਖੀ ਹੱਕਾਂ ਦਾ ਮਸੀਹਾ ਜਸਟਿਸ ਅਜੀਤ ਸਿੰਘ ਬੈਂਸ' (ਲੇਖਕ ਖੋਜੀ ਕਾਫ਼ਰ) ਅਤੇ ਮਲਿਕਾ ਸਿੰਘ ਦੀ ਅੰਗਰੇਜ਼ੀ ਵਿਚ ਕਿਤਾਬ ਆਦਿ ਸ਼ਾਮਿਲ ਹਨ।

ਪਰਿਵਾਰ ਅਤੇ ਸੰਤਾਨ : ਜਸਟਿਸ ਅਜੀਤ ਸਿੰਘ ਬੈਂਸ ਜੀ ਦਾ ਆਨੰਦ ਕਾਰਜ ਬੀਬੀ ਮਨਜੀਤ ਕੌਰ ਨਾਲ ਹੋਇਆ ਅਤੇ ਆਪ ਦੇ ਗ੍ਰਹਿ ਵਿਖੇ ਸਪੁੱਤਰੀਆਂ ਬੀਬੀ ਸੁਜੀਤ ਕੌਰ ਅਤੇ ਬੀਬੀ ਹਰਿੰਦਰ ਕੌਰ ਅਤੇ ਸਪੁੱਤਰ ਰਾਜਵਿੰਦਰ ਸਿੰਘ ਬੈਂਸ ਨੇ ਜਨਮ ਲਿਆ। ਸੰਨ 1959 ਵਿੱਚ ਬੀਬੀ ਮਨਜੀਤ ਕੌਰ ਜੀ ਦਾ ਦੇਹਾਂਤ ਹੋ ਗਿਆ। ਮਗਰੋਂ ਬੀਬੀ ਮਨਜੀਤ ਕੌਰ ਦੀ ਭੈਣ ਰਛਪਾਲ ਕੌਰ ਨਾਲ ਆਨੰਦ ਕਾਰਜ ਹੋਇਆ, ਜਿਸ ਤੋਂ ਸਪੁੱਤਰ ਮਨਜਿੰਦਰ ਸਿੰਘ ਦਾ ਜਨਮ ਹੋਇਆ। ਆਪ ਦੇ ਪਰਿਵਾਰ ਵਿੱਚ ਚਾਰ ਪੋਤਰੀਆਂ, ਦੋ ਪੋਤਰੇ ਅਤੇ ਦੋਹਤੇ-ਦੋਹਤੀਆਂ ਸ਼ਾਮਿਲ ਹਨ। ਆਪ ਜੀ ਦਾ ਪੋਤਰਾ ਉਤਸਵ ਸਿੰਘ ਬੈਂਸ ਸੁਪਰੀਮ ਕੋਰਟ ਦਾ ਵਕੀਲ ਹੈ, ਜੋ ਕਿ ਪੰਜਾਬ ਅਤੇ ਹਰਿਆਣਾ ਕੋਰਟ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਦਾ ਸਪੁੱਤਰ ਹੈ।

ਅੰਤਲਾ ਸਮਾਂ : ਜਸਟਿਸ ਅਜੀਤ ਸਿੰਘ ਬੈਂਸ ਆਖ਼ਰੀ ਸਮੇਂ ਤੱਕ ਸੰਘਰਸ਼ ਕਰਦੇ ਰਹੇ। ਇਕ ਜਾਣਕਾਰੀ ਅਨੁਸਾਰ ਜਨਵਰੀ 1922 ਵਿਚ ਵੀ ਇੱਕ ਕੇਸ ਲਈ ਜਸਟਿਸ ਸਾਹਿਬ ਆਪਣੀ ਸਟੇਟਮੈਂਟ ਦਰਜ ਕਰਵਾ ਕੇ ਗਏ। ਦਿਲਚਸਪ ਪਹਿਲੂ ਇਹ ਵੀ ਹੈ ਕਿ ਬੈਂਸ ਸਾਹਿਬ ਦੇ 100 ਵਰੇ ਦੀ ਆਰੰਭਤਾ ਮੌਕੇ, ਚੰਡੀਗੜ ਪੁਲਿਸ ਵੱਲੋਂ ਉਨਾਂ ਨੂੰ ਜਨਮ ਦਿਨ ਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ ਗਿਆ। ਜ਼ਿਕਰਯੋਗ ਹੈ ਕਿ ਚੰਡੀਗੜ ਪੁਲਿਸ ਨੇ ਹੀ ਕਿਸੇ ਸਮੇਂ ਬੈਂਸ ਸਾਹਿਬ ਨੂੰ ਗ੍ਰਿਫਤਾਰ ਕੀਤਾ ਸੀ। 11 ਫਰਵਰੀ 2022 ਨੂੰ ਜਸਟਿਸ ਅਜੀਤ ਸਿੰਘ ਬੈਂਸ ਕਰੀਬ 100 ਸਾਲ ਦੀ ਲੰਮੀ ਉਮਰ ਭੋਗਦਿਆਂ, ਚੜਦੀ ਕਲਾ ਵਿੱਚ ਗੁਰੂ ਚਰਨਾਂ ਵਿਚ ਜਾ ਬਿਰਾਜੇ। ਮਨੁੱਖੀ ਹੱਕਾਂ ਦੇ ਮਹਾਨ ਯੋਧੇ ਜਸਟਿਸ ਅਜੀਤ ਸਿੰਘ ਬੈਂਸ ਦਾ ਸੌ ਸਾਲਾ ਸੰਘਰਸ਼ਮਈ ਸਫਰ ਕੇਵਲ ਸਿੱਖਾਂ ਲਈ ਹੀ ਨਹੀਂ, ਬਲਕਿ ਕੁੱਲ ਮਨੁੱਖੀ ਸੰਘਰਸ਼ ਲਈ ਪ੍ਰੇਰਨਾ ਸਰੋਤ ਬਣਿਆ ਰਹੇਗਾ।

ਜਨਮ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ : ਮਨੁੱਖੀ ਹੱਕਾਂ ਦੇ ਮਹਾਨ ਯੋਧੇ ਜਸਟਿਸ ਅਜੀਤ ਸਿੰਘ ਬੈਂਸ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ, ਸਰੀ ਦੀ ਸਟਰਾਅਬੈਰੀ ਹਿੱਲ ਲਾਇਬ੍ਰੇਰੀ (7399 122 ਸਟਰੀਟ) ਵਿਖੇ 22 ਮਈ ਦਿਨ ਐਤਵਾਰ ਨੂੰ, ਬਾਅਦ ਦੁਪਹਿਰ 1.30-4.30 ਦੌਰਾਨ ਕਰਵਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਜਸਟਿਸ ਸਾਹਿਬ ਦੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਪਾਏ ਵੱਡੇ ਯੋਗਦਾਨ ਤੋਂ ਇਲਾਵਾ, ਉਨਾਂ ਦੀ ਜੀਵਨ ਸੰਘਰਸ਼ ਅਤੇ ਜੇਲ ਯਾਤਰਾ ਬਾਰੇ ਵੀ ਵਿਚਾਰਾਂ ਹੋਣਗੀਆਂ। ਇਸ ਮੌਕੇ ਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਜੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਣਗੇ। 'ਮਨੁੱਖੀ ਅਧਿਕਾਰਾਂ ਦੇ ਯੋਧੇ' ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਨ ਲਈ 22 ਮਈ ਨੂੰ ਹੋ ਰਹੇ ਸੈਮੀਨਾਰ ਵਿਚ, ਸਾਰੀਆਂ ਜਥੇਬੰਦੀਆਂ ਨੂੰ ਸ਼ਾਮਲ ਹੋਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਨੰਬਰ ਹਨ : ਭੁਪਿੰਦਰ ਸਿੰਘ ਮੱਲੀ -604 765 3063

## ਕਿਸਾਨੀ ਇਕ ਲਾਭਦਾਇਕ...

ਸਾਲ ਵਿਚ 300 ਦਿਨਾਂ ਦਾ ਕੰਮ ਨਹੀਂ ਜੋ ਪੂਰਨ ਰੁਜ਼ਗਾਰ ਦੀ ਪਰਿਭਾਸ਼ਾ ਹੈ। ਇਹੋ ਵਜਾ ਹੈ ਕਿ ਭਾਰਤ ਦੀ ਖੇਤੀ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਸਿਰਫ 14 ਫ਼ੀਸਦੀ ਹਿੱਸਾ ਪਾਉਂਦੀ ਹੈ ਜਦੋਂ ਕਿ ਬਾਕੀ ਦੀ 60 ਫ਼ੀਸਦੀ ਵਸੋਂ 86 ਫ਼ੀਸਦੀ ਹਿੱਸਾ ਪਾਉਂਦੀ ਹੈ। ਖੇਤੀ ਅਤੇ ਗ਼ੈਰ-ਖੇਤੀ ਆਮਦਨ ਵਿਚ ਬਹੁਤ ਵੱਡਾ ਫ਼ਰਕ ਹੈ ਜਿਹੜਾ ਇਹ ਸਪੱਸ਼ਟ ਕਰਦਾ ਹੈ ਕਿ ਖੇਤੀ ਵਿਚ ਘੱਟ ਕੰਮ ਹੋਣ ਕਰਕੇ ਉਤਪਾਦਨ ਅਤੇ ਕਮਾਈ ਘੱਟ ਹੈ। ਲੋੜ ਹੈ ਇਸ ਅਰਧ ਬੇਰੁਜ਼ਗਾਰੀ ਨੂੰ ਦੂਰ ਕਰਨ ਦੀ ਜਿਹੜੀ ਦੇਸ਼ ਦੇ ਕੀਮਤੀ ਮਨੁੱਖੀ ਸਾਧਨਾਂ ਦਾ ਵੱਡਾ ਨੁਕਸਾਨ ਹੈ, ਕਿਉਂ ਜੋ ਜਿਹੜੀ ਕਿਰਤ ਅੱਜ ਨਹੀਂ ਕੀਤੀ ਗਈ, ਉਸ ਨੂੰ ਕੱਲ ਵਾਸਤੇ ਜਮਾਂ ਕਰਕੇ ਤਾਂ ਰੱਖਿਆ ਨਹੀਂ ਜਾ ਸਕਦਾ।

ਪੰਜਾਬ ਦੀ ਬੇਰੁਜ਼ਗਾਰੀ ਘਟਾਉਣੀ ਅਤੇ ਖੇਤੀ ਘਰਾਂ ਦੀ ਘੱਟ ਆਮਦਨ ਨੂੰ ਤਾਂ ਹੀ ਵਧਾਇਆ ਜਾ ਸਕਦਾ ਹੈ ਜੇ ਖੇਤੀ 'ਤੇ ਆਧਾਰਿਤ ਧੰਦੇ ਜਾਂ ਉਦਯੋਗਿਕ ਧੰਦਿਆਂ ਨੂੰ ਵਧਾਇਆ ਜਾਵੇ। ਪੰਜਾਬ ਦੀ ਖੇਤੀ ਦਾ ਦੁਨੀਆ ਭਰ ਵਿਚ ਨਾਂ ਹੋਣ ਦੇ ਬਾਵਜੂਦ ਪੰਜਾਬ ਦੇ ਕਿਸਾਨ ਦਾ ਸਭ ਤੋਂ ਵੱਧ ਕਰਜ਼ਾਈ ਹੋਣਾ ਅਤੇ ਖੇਤੀ ਵਸੋਂ ਵਿਚ ਪ੍ਰੇਸ਼ਾਨੀਆਂ ਹੋਣ ਦਾ ਹੱਲ ਵਸੋਂ ਵਿਚ ਪੇਸ਼ੇਵਰ ਵਿਭਿੰਨਤਾ ਤੋਂ ਬਗੈਰ ਸੰਭਵ ਨਹੀਂ ਹੋ ਸਕਦਾ, ਨਾ ਹੀ ਕਰਜ਼ੇ ਦਾ ਬੋਝ ਘਟ ਸਕਦਾ ਹੈ।

## ਪੰਜਾਬ ਦੀਆਂ ਜੇਲਾਂ ਵਿਚ...

ਜਿਸ ਕਰ ਕੇ ਸ਼ਹਿਰੀ ਮੁੰਡੇ ਝਪਟਮਾਰੀ ਦੇ ਰਾਹ ਪੈ ਗਏ ਹਨ। ਜ਼ਿਆਦਾਤਰ ਨਸ਼ਿਆਂ ਦੀ ਪੂਰਤੀ ਲਈ ਅਪਰਾਧ ਦੇ ਰਸਤੇ ਪਏ ਹਨ। ਉਨਾਂ ਕਿਹਾ ਕਿ ਬੌਧਿਕ ਪੱਧਰ ਵਾਲੀ ਜਵਾਨੀ ਵਿਦੇਸ਼ਾਂ ਨੂੰ ਕੂਚ ਕਰ ਰਹੀ ਹੈ ਅਤੇ ਇੱਕ ਹਿੱਸਾ ਨਸ਼ਿਆਂ ਦੀ ਲਪੇਟ ਵਿਚ ਆ ਗਿਆ ਹੈ।

ਕੇਂਦਰੀ ਜੇਲ ਲੁਧਿਆਣਾ ਵਿਚ ਇਸ ਵੇਲੇ 3802 ਬੰਦੀ ਹਨ ਜਦੋਂ ਕਿ ਕਪੂਰਥਲਾ ਜੇਲ ਵਿੱਚ 3148 ਬੰਦੀ ਹਨ। ਅੰਮ੍ਰਿਤਸਰ ਦੀ ਕੇਂਦਰੀ ਜੇਲ ਵਿਚ 3054 ਬੰਦੀ ਹਨ। ਬਠਿੰਡਾ ਜੇਲ ਵਿੱਚ 1862 ਬੰਦੀ ਹਨ। ਪਿਛਲੇ ਅਰਸੇ ਦੌਰਾਨ ਸਰਕਾਰਾਂ ਨੇ ਨਵੀਆਂ ਜੇਲਾਂ ਤਾਂ ਬਣਾ ਦਿੱਤੀਆਂ ਪ੍ਰੰਤੂ ਜੇਲ ਪ੍ਰਣਾਲੀ 'ਚ ਸੁਧਾਰ ਨਹੀਂ ਕੀਤਾ ਜਿਸ ਕਾਰਨ ਜੇਲਾਂ ਏਨੇ ਵਰਿਆਂ ਮਗਰੋਂ ਵੀ ਸੁਧਾਰ ਘਰਾਂ 'ਚ ਤਬਦੀਲ ਨਹੀਂ ਹੋ ਸਕੀਆਂ।

ਜੇਲ ਮੰਤਰੀ ਹਰਜੋਤ ਸਿੰਘ ਬੈਂਸ ਆਖਦੇ ਹਨ ਕਿ ਜੇਲਾਂ ਵਿੱਚ ਬੰਦੀਆਂ ਦੇ ਸੁਧਾਰ ਲਈ ਉਸਾਰੂ ਤਬਦੀਲੀ ਲਈ ਪ੍ਰੋਗਰਾਮ ਉਲੀਕੇ ਗਏ ਹਨ ਤਾਂ ਜੋ ਬੰਦੀਆਂ ਨੂੰ ਮਾਨਸਿਕ ਤੌਰ 'ਤੇ ਬਦਲਿਆ ਜਾ ਸਕੇ। ਉਨਾਂ ਦੱਸਿਆ ਕਿ ਜੇਲਾਂ ਦੀ ਸਮਰੱਥਾ ਵਾਧੇ ਲਈ ਮੁਹਾਲੀ ਵਿਚ ਨਵੀਂ ਜੇਲ ਬਣਾਉਣ ਦੀ ਤਜਵੀਜ਼ ਹੈ। ਉਨਾਂ ਇਹ ਵੀ ਦੱਸਿਆ ਕਿ ਜੋ ਵੱਡੀ ਉਮਰ ਦੇ ਬੰਦੀ ਹਨ, ਉਨਾਂ ਨੂੰ ਰਾਹਤ ਦੇਣ ਦਾ ਪ੍ਰੋਗਰਾਮ ਵੀ ਹੈ।

**ਪਟਿਆਲਾ ਜੇਲ 'ਚ ਮੁਲਾਕਾਤਾਂ ਦਾ ਹੜ...**

ਪਟਿਆਲਾ ਜੇਲ 'ਚ ਏਨੇ ਮੁਲਾਕਾਤੀ ਆਉਂਦੇ ਹਨ ਜਿੰਨੇ ਕਿਸੇ ਹੋਰ ਜੇਲ ਵਿਚ ਨਹੀਂ। ਕੋਵਿਡ ਮਗਰੋਂ ਮੁਲਾਕਾਤਾਂ ਦੀ ਖੁੱਲ ਹੋਈ ਤਾਂ ਇਕੱਲੇ ਅਪ੍ਰੈਲ ਮਹੀਨੇ ਵਿਚ ਪਟਿਆਲਾ ਜੇਲ ਵਿਚ 997 ਮੁਲਾਕਾਤਾਂ ਹੋਈਆਂ ਅਤੇ ਇਸ ਮਈ ਮਹੀਨੇ 'ਚ ਹੁਣ ਤੱਕ 890 ਮੁਲਾਕਾਤਾਂ ਹੋ ਚੁੱਕੀਆਂ ਹਨ। ਮਾਰਚ ਮਹੀਨੇ ਵਿਚ ਮੁਲਾਕਾਤਾਂ ਦਾ ਅੰਕੜਾ 622 ਸੀ। ਪੰਜਾਬ ਵਿਚ ਪਹਿਲੀ ਜਨਵਰੀ ਤੋਂ 15 ਮਈ 2022 ਤੱਕ 26,398 ਮੁਲਾਕਾਤਾਂ ਹੋਈਆਂ ਹਨ ਜਦੋਂ ਕਿ ਵਰਾ 2021 ਵਿਚ 9777 ਮੁਲਾਕਾਤਾਂ ਹੋਈਆਂ ਸਨ।

## ਪਾਕਿਸਤਾਨ 'ਚ ਦੋ ਸਿੱਖ...

ਉਨਾਂ ਕਿਹਾ ਕਿ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਕਿਹਾ ਹੈ ਕਿ ਉਹ ਪਾਕਿਸਤਾਨ ਵਿਚ ਰਹਿੰਦੇ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਦੀ ਸੁਰੱਖਿਆ ਦਾ ਮੁੱਦਾ ਗੁਆਂਢੀ ਮੁਲਕ ਦੀ ਸਰਕਾਰ ਕੋਲ ਉਠਾਉਣ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਤੁਰੰਤ ਇਨਸਾਫ਼ ਮਿਲਣਾ ਚਾਹੀਦਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਿਸ਼ਾਵਰ ਵਿਚ ਦੋ ਸਿੱਖ ਕਾਰੋਬਾਰੀਆਂ ਦੀ ਹੱਤਿਆ ਦੀ ਨਿਖੇਧੀ ਕੀਤੀ ਹੈ । ਉਨਾਂ ਕਿਹਾ ਕਿ ਪਾਕਿਸਤਾਨ ਵਿਚ ਸਿੱਖ ਤੇ ਹਿੰਦੂ ਘੱਟਗਿਣਤੀਆਂ ਨੂੰ ਵਿਸ਼ੇਸ਼ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਪਾਕਿ ਵਿਚ ਘੱਟਗਿਣਤੀਆਂ ਦੇ ਹਿਤਾਂ ਦੀ ਰਾਖੀ ਦਾ ਮੁੱਦਾ ਕੌਮਾਂਤਰੀ ਮੰਚਾਂ 'ਤੇ ਉਠਾਉਣ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD — CREDIBILITY

sling — RELIABILITY

Minute to Minute Coverage of Punjab Elections

Punjabi Super Pack

20 channels for only $25/month on sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com